
ਜੁਲਾਈ - 2022

ਅੰਕ - 206

# ਸ਼ਬਦ ਬੂੰਦ









ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

# ਭਾਈ ਲੱਖੀ ਸ਼ਾਹ ਵਣਜਾਰਾ



ਨਾਇਕ ਲੱਖੀ ਸ਼ਾਹ (ਰਾਏ) ਵਣਜਾਰਾ ਦਾ ਜਨਮ ਖੈਰਪੁਰ ਸਾਦਾਤ ਜ਼ਿਲ੍ਹਾ ਮੁਜ਼ਫੱਰਗੜ੍ਹ (ਦੇਸ਼ ਪਾਕਿਸਤਾਨ) ਵਿਚ 24 ਅਪ੍ਰੈਲ, 1580 ਈਸਵੀ ਨੂੰ ਨਾਇਕ ਗੋਧੂ ਰਾਏ ਦੇ ਘਰ ਹੋਇਆ। ਨਾਇਕ ਲੱਖੀ ਸ਼ਾਹ ਦੇ ਵਡ-ਵਡੇਰੇ ਨਾਇਕ ਪਰਸ਼ੋਤਮ ਸ਼ਾਹ ਜੀ ਦਾ ਪਰਿਵਾਰ ਸੁਲਤਾਨਪੁਰ ਲੋਧੀ (ਪੰਜਾਬ) ਗੁਰੂ ਨਾਨਕ ਸਾਹਿਬ ਜੀ ਨਾਲ ਮੋਦੀਖਾਨੇ ਦੀ ਨੌਕਰੀ ਕਰਦੇ ਸਮੇਂ ਤੋਂ ਸ਼ਰਧਾ ਰੱਖਣ ਲਗ ਪਿਆ ਸੀ। ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਪ੍ਰਚਾਰ ਫੇਰੀ ਦੌਰਾਨ ਨਾਨਕਪੁਰੀ ਟਾਂਡਾ ਠਹਿਰੇ ਸਨ। ਕਈ ਦਿਨ ਇਸ ਇਲਾਕੇ ਵਿਚ ਪ੍ਰਚਾਰ ਕੀਤਾ ਅਤੇ ਪ੍ਰਚਾਰ ਕੇਂਦਰ ਵੀ ਸਥਾਪਿਤ ਕੀਤਾ। ਨਾਨਕਪੁਰੀ ਟਾਂਡਾ ਦੇ ਵਣਜਾਰੇ ਗੁਰੂ ਨਾਨਕ ਸਾਹਿਬ ਦੀ ਰੂਹਾਨੀ ਅਜਮਤ ਕਥਨੀ-ਕਰਨੀ ਦੇ ਸੂਰੇ ਸੰਤ ਸਿਪਾਹੀ ਅੱਗੇ ਪੂਰੇ ਸਮਰਪਿਤ ਹੋ ਗਏ ਸਨ। ਅੱਜ ਦੇ ਸਮੇਂ ਇਲਾਕਾ ਉਤਰਾਖੰਡ ਵਿਚ ਪੈਂਦਾ ਹੈ। ਭਾਈ ਲੱਖੀ ਰਾਏ ਜੀ ਦੇ ਪਿਤਾ ਭਾਈ ਗੋਧੂ ਜੀ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਸਮੇਂ ਪ੍ਰਚਾਰਕ/ਮੁਖੀ ਮਸੰਦ ਸਨ।

ਸਤਰਾਵੀਂ ਸਦੀ ਤਕ ਸਿੱਖ ਵਣਜਾਰਿਆਂ ਦਾ ਵਪਾਰ ਦੁਨੀਆਂ ਦੇ ਕੋਨੇ-ਕੋਨੇ ਤੱਕ ਫੈਲ ਚੁੱਕਿਆ ਸੀ। ਸਮਾਨ ਦੀ ਢੋਆ-ਢਆਈ ਬੈਲ ਗੱਡੀਆਂ ਰਾਹੀਂ ਕੀਤੀ ਜਾਂਦੀ ਸੀ। ਸਿੱਖ ਵਣਜਾਰਿਆਂ ਦਾ ਵਪਾਰ ਸਮੁੰਦਰੀ ਬੇੜਿਆਂ ਰਾਹੀਂ ਵੀ ਹੁੰਦਾ ਸੀ। ਮੁਗ਼ਲ ਹਾਕਮਾਂ ਸਮੇਂ ਨਾਇਕ ਲੱਖੀ ਰਾਏ ਸਰਕਾਰ ਦੇ ਸਭ ਤੋਂ ਵੱਡੇ ਠੇਕੇਦਾਰ/ਵਪਾਰੀ ਸਨ। ਮੁਗ਼ਲ ਸ਼ਾਸ਼ਕਾਂ ਸਮੇਂ ਮੁਗ਼ਲ ਫ਼ੌਜ ਦੀ ਸਪਲਾਈ ਵੀ ਨਾਇਕ ਲੱਖੀ ਸ਼ਾਹ ਦੇ ਟਾਂਡਿਆ ਰਾਹੀਂ ਹੁੰਦੀ ਸੀ। ਭਾਈ ਲੱਖੀ ਸ਼ਾਹ ਜੀ ਦੇ 8 ਸਪੁੱਤਰ ਅਤੇ ਇਕ ਸਪੁੱਤਰੀ ਬੀਬੀ ਸੀਤੋ ਜੀ (ਬਸੰਤ ਕੌਰ) ਭਾਈ ਮਨੀ ਸਿੰਘ ਜੀ (ਸ਼ਹੀਦ) ਦੀ ਧਰਮ ਸੁਪਤਨੀ ਸਨ। ਮੁਗ਼ਲ  ਸ਼ਾਸਕਾਂ ਸਮੇਂ ਕਈ ਇਲਾਕਿਆਂ ਦੀ ਮਨਸਬਦਾਰੀ ਮਿਲੀ ਹੋਈ ਸੀ। ਜਲੰਧਰ ਦੁਆਬ ਤੋਂ ਕਾਠਮਾਂਡੂ (ਨੇਪਾਲ) ਤੱਕ ਸ਼ਿਵਾਲਿਕ ਹਿੱਲ ਦੇ ਨਿਚਲੇ ਇਲਾਕਿਆਂ ਦੇ ਜੰਗਲਾਂ ਦਾ ਠੇਕਾ ਵੀ ਭਾਈ ਲੱਖੀ ਰਾਇ ਦੇ ਪਰਿਵਾਰ ਕੋਲ ਹੀ ਸੀ। ਨਾਇਕ ਲੱਖੀ ਰਾਇ ਜੀ ਦੇ ਟਾਂਡਿਆਂ ਵਿੱਚ ਬੈਲ, ਘੋੜੇ, ਹਾਥੀ, ਊਠਾਂ ਤੋਂ ਇਲਾਵਾ ਹਥਿਆਰਬੰਦ ਮਾਹਿਰਾਂ ਦੀ ਫ਼ੌਜ ਵੀ ਰਹਿੰਦੀ ਸੀ। ਮੁਗ਼ਲ ਰਾਜ ਸਮੇਂ ਫ਼ੌਜਾਂ ਨੂੰ ਕਪੜਾ, ਖਾਣ  ਸਮੱਗਰੀ, ਤਲਵਾਰ, ਨੇਜਾ, ਕਟਾਰ, ਘੋੜੇ ਦੀਆਂ ਰਕਾਬਾਂ, ਮਿੱਟੀ ਦੇ ਬਰਤਨ ਆਦਿ ਦੀ ਸਪਲਾਈ ਲੱਖੀ ਰਾਇ ਦੀ ਕਮਾਂਡ ਹੇਠ ਹੁੰਦੀ ਸੀ। ਆਮ ਲੋਕਾਂ ਨੂੰ ਵੀ ਇਨ੍ਹਾਂ  ਟਾਂਡਿਆਂ ਰਾਹੀਂ ਖਾਣ-ਪਾਣ ਦਾ ਸਮਾਨ ਮੁਹੱਈਆ ਕਰਵਾਇਆ ਜਾਂਦਾ ਸੀ। ਨਾਇਕ ਲੱਖੀ ਰਾਇ ਦੀ ਦੁਨੀਆਂ ਭਰ ਵਿਚ ਮਲਕੀਅਤ ਸੀ। ਕੇਵਲ ਦਿੱਲੀ ਵਿਚ ਹੀ ਰਾਏਸੀਨਾ, ਨਰੇਲਾ, ਭਵਾਨਾ, ਮਾਲਚਾ, ਬਾਂਰਾਖੰਭਾ, ਧੋਲਾ ਕੂੰਆਂ ਮਲਕੀਅਤ ਇਸ ਪਰਿਵਾਰ ਕੋਲ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਬਾਅਦ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਕਿਲ੍ਹੇ ਵਿਚ ਕੈਦ ਕੀਤਾ ਉਸ ਤਾਂ ਸਮੇਂ ਗਵਾਲੀਅਰ ਕਿਲ੍ਹੇ ਦਾ ਦਰੋਗਾ ਨਾਇਕ ਹਰਦਾਸ ਸੀ ਜੋ ਕਿ ਰਿਸ਼ਤੇ ਵਿਚ ਨਾਇਕ ਲੱਖੀ ਰਾਇ ਦਾ ਭਰਾ ਲਗਦਾ ਸੀ। ਭਾਈ ਲੱਖੀ ਰਾਇ ਦਾ ਗੁਰੂ ਸਾਹਿਬ ਦੀ ਰਿਹਾਈ ਵਿਚ ਅਹਿਮ ਯੋਗਦਾਨ ਸੀ। ਨਵੰਬਰ, 1675 ਈ. ਜਦੋਂ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਤੇਗ ਬਹਾਦਰ ਸਾਹਿਬ ਨੂੰ ਕੋਤਵਾਲੀ ਚਾਂਦਨੀ ਚੌਂਕ (ਦਿੱਲੀ) ਸ਼ਹੀਦ ਕੀਤਾ ਤਾਂ ਔਰੰਗਜ਼ੇਬ ਦੇ ਹੁਕਮ ਵਿਰੁੱਧ ਭਾਈ ਲੱਖੀ ਰਾਇ ਜੀ ਦੇ ਪਰਿਵਾਰ ਨੇ ਗੁਰੂ ਸਾਹਿਬ ਦੇ ਧੜ ਦੀ ਸੰਭਾਲ ਕੀਤੀ ਅਤੇ ਗੁਰਦੁਆਰਾ ਰਕਾਬਗੰਜ ਵਾਲੀ ਥਾਂ 'ਤੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕੀਤਾ ਅਤੇ ਗੁਰੂ ਸਾਹਿਬ ਦੇ ਸੀਸ ਦੀ ਸੰਭਾਲ ਲਈ ਭਾਈ ਜੈਤਾ ਜੀ ਦੇ ਸਾਥੀਆਂ ਨੂੰ ਵੀ ਸਹਿਯੋਗ ਦਿੱਤਾ। ਮੈਦਾਨੇ ਜੰਗ ਸਮੇਂ ਇਸ ਖਾਨਦਾਨ ਦੇ ਮੈਂਬਰਾਂ ਨੂੰ ਜੰਗੀ ਜਰਨੈਲਾਂ ਵਜੋਂ ਗੁਰੂ ਸਾਹਿਬਾਂ ਵੱਲੋਂ ਮੋਹਰੀ ਹੱਕ ਹਾਸਿਲ ਸੀ। ਸੰਨ 1704 ਈ. ਵਿਚ ਗੁਰੂ ਸਾਹਿਬ ਦੀ ਨਗਰੀ ਅਨੰਦਪੁਰ ਸਾਹਿਬ ਨੂੰ ਸੂਬਾ ਲਾਹੌਰ ਦੇ ਆਦੇਸ਼ 'ਤੇ ਸਰਹਿੰਦ ਦੇ ਫ਼ੌਜਦਾਰ ਅਤੇ ਪਹਾੜੀ ਰਾਜਿਆਂ ਨੇ ਘੇਰਾ ਪਾਇਆ ਸੀ। ਉਸ ਦੌਰਾਨ ਨਾਇਕ ਲੱਖੀ ਰਾਇ ਦੇ ਪੁੱਤਰਾਂ ਦੀ ਵੀ ਸ਼ਹਾਦਤ ਹੋਈ ਸੀ। ਅਪ੍ਰੈਲ, 1709 ਈ. ਵਿੱਚ ਨਾਇਕ ਨਗਾਹੀਆ ਜੀ ਜੋ ਲੱਖੀ ਰਾਇ ਦੇ ਸਭ ਤੋਂ ਵੱਡੇ ਸਪੁੱਤਰ ਸਨ, ਪੱਟੀ ਦੇ ਚੌਧਰੀ ਹੱਸਰਾਇ ਨਾਲ ਲੜਦੇ ਹੋਏ ਗੁਰੂ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਸ਼ਹੀਦੀ ਪ੍ਰਾਪਤ ਕੀਤੀ ਸੀ। ਸੰਨ 1710 ਈ. ਤੋਂ 1716 ਈ. ਤੱਕ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੋਹਰੀ ਸੱਥਾਂ ਵਿਚ ਭਾਈ ਲੱਖੀ ਰਾਇ ਦੇ ਪੋਤੇ ਅਤੇ ਦੋਹਤਿਆਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ ਸਨ। ਸੰਨ 1734 ਈ. ਵਿਚ ਲਾਹੌਰ ਦੇ ਨਕਾਸ ਚੌਂਕ ਵਿਚ ਲੱਖੀ ਸ਼ਾਹ ਦੇ ਜਵਾਈ ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਵਾ ਕੇ ਸ਼ਹੀਦੀ ਪ੍ਰਾਪਤ ਕੀਤੀ। ਭਾਈ ਲੱਖੀ ਸ਼ਾਹ ਦੀ ਧੀ ਬੀਬੀ ਬਸੰਤ ਕੌਰ ਜੀ ਨੇ ਵੀ ਮੰਨੂ ਦੀ ਜੇਲ੍ਹ ਵਿਚ ਰਹਿ ਕੇ ਆਪਣੇ ਪੋਤਿਆਂ ਦੇ ਆਂਦਰਾਂ ਦੇ ਹਾਰ ਗਲਾਂ ਵਿਚ ਪਵਾਏ। ਬੱਚਿਆਂ ਨੂੰ ਨੇਜਿਆਂ 'ਤੇ ਟੰਗਿਆ ਗਿਆ। ਕੈਦ ਵਿੱਚ ਪਰਿਵਾਰਕ ਬੀਬੀਆਂ ਨਾਲ ਸਵਾ-ਸਵਾ ਮਣ ਪੀਸਨਾ ਪੀਸਿਆ ਅਤੇ ਸ਼ਹੀਦ ਹੋਣਾ ਪ੍ਰਵਾਨ ਕੀਤਾ, ਸਿੱਖੀ ਸਿਦਕ ਨਹੀਂ ਹਾਰਿਆ। ਇਹ ਸਭ ਕੁਝ ਗੁਰੂ ਨਾਨਕ ਸਾਹਿਬ ਦੇ ਹਲੀਮੀ ਰਾਜ ਦੀ ਕਾਇਮੀ ਲਈ ਸੀ। ਜਿਹੜਾ ਰਾਜ ਗੁਰੂ ਨਾਨਕ ਸਾਹਿਬ ਨੇ.... ਨਾਨਕਿ ਰਾਜ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

**ਡਾ. ਪਰਮਜੀਤ ਕੌਰ**

# ਮੁੱਖ ਸ਼ਬਦ



ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ, ਗੁਰੂ ਹਰਿਰਾਇ ਸਾਹਿਬ ਦੇ ਸਪੁੱਤਰ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਦੇ ਪੋਤਰੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ 20 ਜੁਲਾਈ, 1652 ਨੂੰ ਹੋਇਆ। ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ 'ਬਾਲਾ ਪ੍ਰੀਤਮ' ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਨੇ ਆਪਣੀ ਪੜ੍ਹਾਈ ਦੀਵਾਨ ਦਰਗਾਹ ਮੱਲ, ਭਾਈ ਆਤੂ ਰਾਮ (ਪਿਤਾ ਭਾਈ ਕਿਰਪਾ ਰਾਮ) ਦੀ ਨਿਗਰਾਨੀ ਹੇਠ ਹਾਸਲ ਕੀਤੀ। ਗੁਰੂ ਸਾਹਿਬ ਨੇ ਆਪਣੇ ਜੀਵਨ ਵਿੱਚ ਸੂਝ, ਸਿਆਣਪ, ਦ੍ਰਿੜਤਾ ਅਤੇ ਦਲੇਰੀ ਨਾਲ ਸੰਗਤਾਂ ਦੀ ਅਗਵਾਈ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਔਰੰਗਜ਼ੇਬ ਨੇ ਰਾਜਾ ਜੈ ਸਿੰਘ ਰਾਹੀਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਦਰਬਾਰ ਵਿੱਚ ਆ ਕੇ ਮਿਲਣ ਦਾ ਬੁਲਾਵਾ ਭੇਜਿਆ। ਜਦੋਂ ਗੁਰੂ ਸਾਹਿਬ ਦਿੱਲੀ ਵੱਲ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ, ਦਰਗਾਹ ਮੱਲ ਅਤੇ ਗੁਰੂ ਸਾਹਿਬ ਦੇ ਮਾਤਾ ਕ੍ਰਿਸ਼ਨ ਕੌਰ ਜੀ ਵੀ ਨਾਲ ਸਨ। ਔਰੰਗਜ਼ੇਬ ਨੂੰ ਮਿਲਣ ਤੋਂ ਬਾਅਦ ਅਗਲੇ ਦਿਨ ਗੁਰੂ ਸਾਹਿਬ ਨੂੰ ਤੇਜ਼ ਬੁਖ਼ਾਰ ਹੋਇਆ ਅਤੇ ਚਾਰ ਪੰਜ ਦਿਨ ਬਾਅਦ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ ਸਨ।

ਲੱਖੀ ਸ਼ਾਹ ਵਣਜਾਰਾ ਦਾ ਜਨਮ ਜੁਲਾਈ, 1580 ਵਿੱਚ ਹੋਇਆ। ਭਾਈ ਲੱਖੀ ਸ਼ਾਹ ਇਤਿਹਾਸ ਵਿੱਚ ਅਹਿਮ ਸਥਾਨ ਰੱਖਦੇ ਹਨ। ਭੱਟ ਵਹੀਆਂ ਅਨੁਸਾਰ ਭਾਈ ਲੱਖੀ ਸ਼ਾਹ ਵਣਜਾਰਾ ਸਪੁੱਤਰ ਭਾਈ ਗੋਧੂ ਸ਼ਾਹ ਪੋਤਰਾ ਭਾਈ ਠਾਕੁਰ ਸ਼ਾਹ ਅਤੇ ਵੰਸ਼ ਪ੍ਰਸ਼ੋਤਮ ਸ਼ਾਹ ਵਣਜਾਰਾ, ਜੋ ਕਿ ਪੀੜੀ ਦਰ ਪੀੜੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨਾਲ ਜੁੜੇ ਰਹੇ। ਭਾਈ ਲੱਖੀ ਸ਼ਾਹ ਵਣਜਾਰਾ ਬਹੁਤ ਵੱਡੇ ਵਪਾਰੀ ਸਨ ਜੋ ਟਾਂਡਿਆਂ ਦੇ ਰੂਪ ਵਿੱਚ ਪੂਰੀ ਦੁਨੀਆਂ ਵਿੱਚ ਵਪਾਰ ਕਰਦੇ ਸਨ। ਲੱਖੀ ਸ਼ਾਹ ਵਣਜਾਰਾ ਦੇ 8 ਪੁੱਤਰ, 17 ਪੋਤਰੇ ਅਤੇ 24 ਪੜਪੋਤੇ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਦਾ ਅਹਿਮ ਹਿੱਸਾ ਸਨ ਅਤੇ ਉਹਨਾਂ ਨੇ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿੱਚ ਸ਼ਹੀਦੀਆਂ ਦਿੱਤੀਆਂ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਦੇ ਧੜ ਦੀ ਸੰਭਾਲ ਕਰਨ ਲਈ ਲੱਖੀ ਸ਼ਾਹ ਵਣਜਾਰਾ, ਉਸ ਦੇ ਪੁੱਤਰ ਭਾਈ ਨਿਗਾਹੀਆ, ਭਾਈ ਹੇਮਾ ਤੇ ਭਾਈ ਹਾੜੀ ਨੇ ਵਿਉਂਤਬੰਦੀ ਕੀਤੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦੀ ਬੜੀ ਸਾਵਧਾਨੀ ਨਾਲ ਸੰਭਾਲ ਕਰਦੇ ਹੋਏ ਆਪਣੇ ਨਿਵਾਸ ਸਥਾਨ ਰਾਇਸੀਨਾ ਲੈ ਗਏ ਜਿੱਥੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਧੜ ਦਾ ਸੰਸਕਾਰ ਕੀਤਾ। ਇੱਥੇ ਹੁਣ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ। ਹਰਿਆਣਾ ਸਰਕਾਰ ਵੱਲੋਂ ਭਾਈ ਲੱਖੀ ਸ਼ਾਹ ਦੇ ਜਨਮ ਦਿਨ ਦੀ ਯਾਦ ਵਿੱਚ 10 ਜੁਲਾਈ ਨੂੰ ਕੁਰੂਕਸ਼ੇਤਰ ਵਿੱਚ ਰਾਜ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ।

31 ਜੁਲਾਈ, 1940 ਨੂੰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ ਹੈ। 13 ਅਪ੍ਰੈਲ, 1919 ਈ. ਵਿਚ ਜੱਲਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਊਧਮ ਸਿੰਘ ਦੇ ਮਨ 'ਤੇ ਬਹੁਤ ਡੂੰਘਾ ਅਸਰ ਪਿਆ। ਇਸ ਘਟਨਾ ਤੋਂ ਬਾਅਦ ਉਨ੍ਹਾਂ ਜੱਲਿਆਂਵਾਲਾ ਬਾਗ਼ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਜਨਰਲ ਮਾਈਕਲ ਓਡਵਾਇਰ ਤੋਂ ਬਦਲਾ ਲੈਣ ਦਾ ਪ੍ਰਣ ਲਿਆ। 21 ਸਾਲਾਂ ਬਾਅਦ 13 ਮਾਰਚ, 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਜਨਰਲ ਨੂੰ ਗੋਲੀ ਮਾਰ ਕੇ ਜੱਲਿਆਂਵਾਲਾ ਬਾਗ਼ ਦੀ ਘਟਨਾ ਦਾ ਬਦਲਾ ਲੈ ਕੇ ਆਪਣਾ ਪ੍ਰਣ ਪੂਰਾ ਕੀਤਾ।

ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿੱਚ ਅਹਿਮ ਮਹੱਤਵ ਰੱਖਦਾ ਹੈ। ਜੇਠ-ਹਾੜ੍ਹ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਬਹਾਰ ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿੱਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਕੁੜੀਆਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚਲਦਾ ਰਹਿੰਦਾ ਹੈ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੁਆਰਾ ਛਪੀਆਂ ਪੁਸਤਕਾਂ ਅਤੇ ਸ਼ਬਦ ਬੂੰਦ ਨੂੰ ਲੇਖਕਾਂ/ਵਿਦਵਾਨਾਂ/ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਆਸ ਕਰਦੇ ਹਾਂ ਕਿ ਤੁਸੀਂ ਸ਼ਬਦ ਬੂੰਦ ਦੇ ਇਸ ਅੰਕ ਲਈ ਆਪਣੇ ਕੀਮਤੀ ਸੁਝਾਅ ਅਕਾਦਮੀ ਨੂੰ ਜ਼ਰੂਰ ਭੇਜੋਗੇ।

ਗੁਰਵਿੰਦਰ ਸਿੰਘ
ਡਿਪਟੀ ਚੇਅਰਮੈਨ
74044-99999

# ਸੰਪਾਦਕੀ



ਦੋਸਤੋ! ਮੈਂ ਕਲਮ ਦੇ ਯੋਧਿਆਂ ਨੂੰ ਇਸ ਲਈ ਸਿਜਦਾ ਕਰਦਾ ਹਾਂ ਕਿ ਜਿੰਨਾ ਸਮਾਜ ਦੀ ਤਸਵੀਰ ਬਦਲਣ ਲਈ ਸਾਡੇ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਵਾਰ ਕੇ ਤੇ ਆਪਣੇ ਖ਼ੂਨ ਨਾਲ ਇਸ ਖੁਸ਼ਹਾਲੀ ਦੇ ਬੂਟੇ ਨੂੰ ਸਿੰਜਿਆ ਹੈ, ਉਥੇ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਨੇ ਵੀ ਇਨਕਲਾਬੀ ਤੇ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਸਾਹਿਤ ਦੀ ਸਿਰਜਣਾ ਕਰਕੇ ਇਨਕਲਾਬ ਦਾ ਮੁੱਢ ਬੰਨ੍ਹਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਮਾਜ ਦੇ ਬੁੱਧੀਜੀਵੀਆਂ ਨੇ ਸਾਡੇ ਆਮ ਜੀਵਨ ਨੂੰ ਉਸਾਰੂ ਸੇਧ ਦੇਣ ਵਾਲੇ ਹਰੇਕ ਪੱਖ ਦੇ ਸਿਰਜਣ, ਵਿਕਾਸ ਤੇ ਹੋਰ ਸੁਖਾਲਾ ਕਰਨ ਲਈ ਅਨੇਕਾਂ ਵਿਧਾਵਾਂ 'ਤੇ ਕਾਰਜ ਕੀਤੇ ਹਨ।

ਸੁਹਿਰਦ ਸਨੇਹੀਓ, ਸਾਹਿਤ ਦੀ ਸਿਰਜਣਾ ਬੜੀ ਸ਼ਿੱਦਤ ਤੇ ਰੂਹ ਦੀ ਤਪਸ਼ ਦੇ ਸੰਗ ਹੋ ਕੇ ਸ਼ਬਦਾਂ ਦਾ ਰੂਪ ਦੇਣ ਤੋਂ ਪਹਿਲਾਂ ਮਨ ਹੀ ਮਨ ਉਸਦਾ ਚਿੰਤਨ ਤੇ ਮੰਨਣ ਕਰਕੇ ਕੀਤੀ ਜਾਂਦੀ ਹੈ। ਸਾਹਿਤ ਸਿਰਜਕ ਸੋਚਾਂ ਦੀਆਂ ਗਹਿਰਾਈਆਂ ਵਿੱਚ ਟੁੱਭੀਆਂ ਲਾ ਕੇ ਆਪਣੀ ਰਚਨਾ ਨੂੰ ਸ਼ਿੰਗਾਰਨ ਤੇ ਨਿਖਾਰਨ ਲਈ ਸ਼ਬਦਾਂ ਰੂਪੀ ਮੋਤੀਆਂ ਨੂੰ ਚੁਣ-ਚੁਣ ਕੇ ਕਾਗਜ ਦੇ ਸੀਨੇ 'ਤੇ ਉਕੇਰਦਿਆਂ ਕਿਸੇ ਮਾਂ ਵੱਲੋਂ ਬੱਚੇ ਨੂੰ ਜਨਮ ਦੇਣ ਦਾ ਅਹਿਸਾਸ ਤੇ ਅਹਿਸਾਨ ਕਰਨ ਵਰਗਾ ਨਿੱਘ ਤੇ ਅਨੰਦ ਮਾਣਦਾ ਹੈ। ਅਜਿਹੇ ਦਿਮਾਗੀ ਤੇ ਜ਼ਿਹਨੀ ਘੋਲ ਦੇ ਵਿਚੋਂ ਨਿਕਲੀ ਉਹ ਰਚਨਾ, ਪੂਰੀ ਤਰ੍ਹਾਂ ਪਰਪੱਕ ਹੋ ਕੇ ਜਦੋਂ ਸਮਾਜ ਦੇ ਦ੍ਰਿਸ਼ਟੀਗੋਚਰ ਹੁੰਦੀ ਹੈ ਤਾਂ ਉਸ ਵਿੱਚ ਕਿਸੇ ਤਰ੍ਹਾਂ ਦੀ ਊਣਤਾਈ ਦੀ ਉਮੀਦ ਨਾ ਬਰਾਬਰ ਹੁੰਦੀ ਹੈ। ਸਾਹਿਤਕਾਰ ਉਦੋਂ ਆਪਣੀ ਕਠੋਰ ਮਿਹਨਤ ਨਾਲ ਤਿਆਰ ਕੀਤੀ ਇਸ ਸਾਹਿਤਕ ਕ੍ਰਿਤ ਨੂੰ ਵੇਖ ਕੇ ਇੱਕ ਅਗੰਮੀ ਸ਼ਰੂਰ ਦਾ ਅਨੁਭਵ ਕਰਦਾ ਹੈ। ਫਿਰ ਇਹ ਰਚਨਾ ਸਤਹੀ ਨਹੀਂ ਸਗੋਂ ਰਸ ਭਰਪੂਰ ਤੇ ਅਨੂਠੀ ਹੋ ਜਾਂਦੀ ਹੈ।

ਪਰ ਅਜੋਕੇ ਸਮੇਂ ਵਿੱਚ ਅੱਜ ਦੀ ਭੱਜ-ਦੌੜ ਅਤੇ ਰਫਤਾਰ ਭਰੀ ਜ਼ਿੰਦਗੀ ਵਿੱਚ ਸਾਹਿਤ ਸਿਰਜਣਾ ਵੀ ਕਾਹਲੇ ਕਦਮੀਂ ਤੁਰ ਰਹੀ ਜਾਪਦੀ ਹੈ। ਪੰਜਾਬੀ ਸਾਹਿਤ ਵਿੱਚ ਬਹੁਤ ਕੁਝ ਲਿਖਿਆ ਜਾ ਰਿਹਾ ਹੈ ਪਰ ਜ਼ਿਆਦਾਤਰ ਸਾਹਿਤ ਦੀ ਲੇਖਣੀ ਵਿੱਚ ਕਾਹਲਾਪਨ ਨਜ਼ਰ ਆ ਰਿਹਾ ਹੈ ਤੇ ਡੂੰਘੀ ਸੋਚਣੀ ਦੀ ਤਾਰੀਆਂ ਲਾਉਣ ਵਾਲੀ ਇੱਛਾ ਸ਼ਕਤੀ ਦੀ ਘਾਟ ਮਹਿਸੂਸ ਹੋ ਰਹੀ ਹੈ। ਅਕਾਦਮੀ ਦੇ ਵਿਹੜੇ ਦਾ ਸ਼ਿੰਗਾਰ ਬਨਣ ਲਈ ਪਹੁੰਚ ਰਹੀਆਂ ਰਚਨਾਵਾਂ ਦੇ ਸਿਰਜਕਾਂ ਨੂੰ ਬੇਨਤੀ ਹੈ ਕਿ ਰਚਨਾ ਦੇ ਪੱਧਰ ਨੂੰ ਹੋਰ ਉਚੇਰਾ ਕਰਕੇ ਲੰਮੇਰਾ ਪੰਧ ਤੈਅ ਕਰਨ ਲਈ ਤਿਆਰ ਕੀਤਾ ਜਾਵੇ ਤਾਂ ਜੋ ਅਜੋਕੀ ਪੀੜ੍ਹੀ ਦੇ ਮਾਰਗ ਦਰਸ਼ਨ ਦੇ ਨਾਲ- ਨਾਲ ਭਵਿੱਖ ਵਿੱਚ ਵੀ ਉਸ ਰਚਨਾ ਦੀ ਸਾਰਥਕਤਾ ਬਰਕਰਾਰ ਰਹੇ।

31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਹੈ। ਇਸ ਦਿਨ ਸੰਨ 1940 ਨੂੰ ਲੰਡਨ ਦੀ ਪੈਟੋਨਵਿਲੇ ਜੇਲ੍ਹ ਵਿਚ ਇਸ ਸੂਰਮੇ ਨੂੰ ਸਵੇਰ ਦੇ 9 ਵਜੇ ਫਾਂਸੀ ਦੇ ਦਿੱਤੀ ਗਈ ਸੀ। ਗ਼ਦਰੀ ਬਾਬਿਆਂ ਅਤੇ ਮਦਨ ਲਾਲ ਢੀਂਗਰਾ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਅਜੀਤ ਸਿੰਘ ਆਦਿ ਤੋਂ ਬਾਅਦ ਸ਼ਹੀਦ ਊਧਮ ਸਿੰਘ ਦੇ ਜੀਵਨ ਦਾ ਸੰਘਰਸ਼ ਅਤੇ ਕੁਰਬਾਨੀ ਇਕ ਅਜਿਹੀ ਲਾਸਾਨੀ ਮਿਸਾਲ ਹੈ, ਜਿਹੜੀ ਹਮੇਸ਼ਾਂ ਇਨਕਲਾਬੀਆਂ ਅਤੇ ਦੇਸ਼ ਲਈ ਮਰ ਮਿਟਣ ਵਾਲੇ ਪਰਵਾਨਿਆਂ ਦਾ ਖ਼ੂਨ ਗਰਮਾਉਂਦੀ ਰਹੇਗੀ।

ਤੀਜ ਦਾ ਤਿਉਹਾਰ ਮੌਨਸੂਨ ਦੀ ਸ਼ੁਰੂਆਤ ਨੂੰ ਸਮਰਪਿਤ ਇੱਕ ਮੌਸਮੀ ਤਿਉਹਾਰ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਆਰੰਭ ਹੁੰਦਾ ਹੈ ਅਤੇ ਸਾਉਣ ਮਹੀਨੇ ਦੀ ਪੁੰਨਿਆਂ ਤੱਕ ਲੱਗਭਗ ਤੇਰਾਂ ਦਿਨ ਚਲਦਾ ਹੈ। ਇਹਨਾਂ ਦਿਨਾਂ ਵਿੱਚ ਕੁੜੀਆਂ ਪਿੰਡ ਦੀ ਕਿਸੇ ਸਾਂਝੀ ਥਾਂ 'ਤੇ ਇਕੱਠੀਆਂ ਹੁੰਦੀਆਂ ਹਨ ਤੇ ਪਿੱਪਲਾਂ, ਟਾਹਲੀਆਂ 'ਤੇ ਪੀਂਘਾਂ ਝੂਟਦੀਆਂ ਤੇ ਗਿੱਧਾ ਪਾ ਕੇ ਅਤੇ ਆਪਣੇ ਮਨ ਦੇ ਰੋਸਿਆਂ, ਉਦਰੇਵਿਆਂ ਨੂੰ ਦੂਰ ਕਰਕੇ ਸਹੇਲੀਆਂ ਨਾਲ ਹਾਸਾ-ਮਜ਼ਾਕ ਕਰਕੇ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਪੰਜਾਬੀ ਸਭਿਆਚਾਰ ਵਿੱਚ ਨਵੀਨਤਾ ਬਣਾਈ ਰੱਖਣ ਲਈ ਅਜਿਹੇ ਤਿਉਹਾਰਾਂ ਦੀ ਹੋਂਦ ਬਰਕਰਾਰ ਰੱਖਣੀ ਜ਼ਰੂਰੀ ਹੈ।

'ਸ਼ਬਦ ਬੂੰਦ' ਦੇ ਪਾਠਕਾਂ ਤੇ ਸਨੇਹੀਆਂ ਵੱਲੋਂ ਫ਼ੋਨਾਂ ਰਾਹੀਂ ਪਤ੍ਰਿਕਾ ਦੇ ਪਹੁੰਚਣ ਬਾਰੇ ਸਮੇਂ-ਸਮੇਂ 'ਤੇ ਜਾਣਕਾਰੀ ਪ੍ਰਾਪਤ ਕਰਨੀ, ਉਡੀਕ ਅਤੇ ਵਿਸ਼ੇਸ਼ ਝੁਕਾਅ ਪੰਜਾਬੀ ਅਕਾਦਮੀ ਦੀ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਸੇਵਾ ਲਈ ਸਾਰਥਿਕਤਾ ਨੂੰ ਪ੍ਰਗਟਾਉਂਦਾ ਹੈ।

ਡਾਇਰੈਕਟਰ
89098-13333

ISSN 2456-544X

# ਸ਼ਬਦ ਬੂੰਦ

ਜੁਲਾਈ, 2022
ਅੰਕ-206, 20/-ਰੁਪਏ

ਪ੍ਰਧਾਨ ਸਰਪ੍ਰਸਤ ਤੇ ਚੇਅਰਮੈਨ
ਮਨੋਹਰ ਲਾਲ
ਮੁੱਖ ਮੰਤਰੀ, ਹਰਿਆਣਾ

ਪ੍ਰਧਾਨ ਸੰਪਾਦਕ
ਵੀ. ਉਮਾਸ਼ੰਕਰ, ਆਈ.ਏ.ਐਸ.
ਕਾਰਜਕਾਰੀ ਉਪ ਚੇਅਰਮੈਨ, ਅਕਾਦਮੀ

ਪ੍ਰਬੰਧ ਸੰਪਾਦਕ
ਅਮਿਤ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ, ਸੂਚਨਾ, ਲੋਕ ਸੰਪਰਕ ਤੇ
ਭਾਸ਼ਾ ਵਿਭਾਗ, ਹਰਿਆਣਾ

ਮੁੱਖ ਸੰਪਾਦਕ
ਗੁਰਵਿੰਦਰ ਸਿੰਘ ਧਮੀਜਾ
ਡਿਪਟੀ ਚੇਅਰਮੈਨ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸੰਪਾਦਕ
ਸੁਨੀਲ ਵਸ਼ਿਸ਼ਟ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸਹਿ ਸੰਪਾਦਕ
ਹਰਦਿਆਲ ਸਿੰਘ

ਸੰਪਾਦਕੀ ਬੋਰਡ
ਡਾ. ਰਤਨ ਸਿੰਘ ਢਿੱਲੋਂ
ਡਾ. ਮਨਜੀਤ ਸਿੰਘ
ਡਾ. ਪਰਮਜੀਤ ਕੌਰ ਸਿੱਧੂ
ਸ. ਜਰਨੈਲ ਸਿੰਘ
ਇੰਜੀ: ਡੀ. ਐਮ. ਸਿੰਘ

ਪ੍ਰਕਾਸ਼ਕ :
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਆਈ. ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ)
ਫ਼ੋਨ : 0172-2972071, 2577798
ਈ-ਮੇਲ : hpsaa55@gmail.com
ਵੈੱਬ-ਸਾਈਟ : haryanapunjabisahityaacademy.com

ਸੰਪਾਦਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕਿਸੇ ਪ੍ਰਕਾਰ ਦੀ 'ਸ਼ਬਦ ਬੂੰਦ', ਅਕਾਦਮੀ ਡਾਇਰੈਕਟਰ ਜਾਂ ਅਕਾਦਮੀ ਸੰਬੰਧੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿੱਚ ਹੀ ਹੋ ਸਕਦੀ ਹੈ।









# ਤਤਕਰਾ


| ਲੜੀ ਨੰ. | ਰਚਨਾ | ਲੇਖਕ | ਪੰਨਾ |
|---|---|---|---|
| 1 | ਭਾਈ ਲੱਖੀ ਸ਼ਾਹ ਵਣਜਾਰਾ | ਡਾ. ਪਰਮਜੀਤ ਕੌਰ | |
| 2 | ਬਚਪਨ ਤੋਂ ਸਿਖਰ ਬੁਢਾਪੇ ਤੱਕ | ਜੋਗਿੰਦਰ ਸਿੰਘ ਪ੍ਰਿੰਸੀਪਲ | 05 |
| 3 | ਮਾਵਾਂ-ਮਾਵਾਂ | ਲਵ ਕੁਮਾਰ ਸਰਫਰੋਸ਼ | 08 |
| 4 | ਆਇਆ ਸਾਵਣ ਦਾ ਮਹੀਨਾ | ਡਾ. ਸਾਹਿਬ ਸਿੰਘ ਅਰਸ਼ੀ | 09 |
| 5 | ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸਨ ਜੀ | ਡਾ. ਰਣਜੀਤ ਸਿੰਘ | 11 |
| 6 | ਪਾਕਿਸਤਾਨੀ ਪੰਜਾਬੀ ਨਾਵਲਕਾਰ ਅਫ਼ਜ਼ਲ ਅਹਿਸਾਨ ਰੰਧਾਵਾ... | ਡਾ. ਸਵਰਨਜੀਤ ਕੌਰ | 14 |
| 7 | ਮੇਰੀ ਨਜ਼ਰ ਵਿੱਚ 'ਸ਼ਾਇਰੀ ਦਾ ਸਰੂਰ' ਕ੍ਰਿਤ ਡਾ. ਸੁਰਿੰਦਰ ਕਾਹਲੋਂ | ਸੁਰਿੰਦਰ ਸਿੰਘ ਨਿਮਾਣਾ | 20 |
| 8 | ਪੰਜਾਬੀ ਸਾਹਿਤ ਅਤੇ ਨਾਰੀ | ਅਨਿਲ ਕੁਮਾਰ ਸੌਦਾ | 23 |
| 9 | ਗ਼ਜ਼ਲ | ਡਾ. ਗੁਰਦਰਪਾਲ ਸਿੰਘ | 25 |
| 10 | ਸਾਂਝਾ ਸ਼ਹੀਦ | ਜਤਿੰਦਰ ਮੋਹਨ | 26 |
| 11 | ਧੀਆਂ ਧਿਆਣੀਆਂ | ਹਰਪ੍ਰੀਤ ਪੱਤੋ | 29 |
| 12 | ਦੇਵ ਰਚਿਤ ਸ਼ਬਦਾਂਤ ਦੀਆਂ ਕਾਵਿ-ਭਾਸ਼ਾਈ ਜੁਗਤਾਂ | ਵਕੀਲ ਸਿੰਘ | 30 |
| 13 | ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ | ਚਰਨਜੀਤ ਕੌਰ | 38 |
| 14 | ਦਰਦ | ਪਰਦੀਪ ਰਾਣਾ | 40 |
| 15 | ਮੇਰਾ ਘੜਾ ਕਿਉਂ ਡੋਲਦਾ ਨੀ.... | ਲਖਬੀਰ ਸਿੰਘ ਦੌਦਪੁਰ | 41 |
| 16 | ਤੀਆਂ ਦਾ ਤਿਉਹਾਰ (ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ) | ਅੰਮ੍ਰਿਤਪਾਲ ਕੌਰ ਵਿਰਕ | 43 |
| 17 | ਪੁਲ ਹੇਠ ਵਗਦਾ ਪਾਣੀ | ਸੁਰਿੰਦਰ ਕੈਲੇ | 45 |
| 18 | ਚਿੰਕੂ ਖ਼ਰਗੋਸ਼ ਤੇ ਸ਼ਹਿਰ ਦੀ ਸੈਰ | ਡਾ. ਦੇਵਿੰਦਰ ਪਾਲ ਸਿੰਘ | 46 |
| 19 | ਗ਼ਜ਼ਲ | ਡਾ. ਨਿਸ਼ਾਨ ਸਿੰਘ ਰਾਠੌਰ | 50 |
| 20 | 'ਇਹ ਸਦੀ ਵੀ ਤੇਰੇ ਨਾਉਂ' ਛਿੰਦਰ ਕੌਰ 'ਸਿਰਸਾ' ਦੁਆਰਾ ..... | ਡਾ. ਗੁਰਪ੍ਰੀਤ ਕੌਰ 'ਗਿੱਲ' | 51 |
| 21 | ਕਹਿਣੀ ਤੇ ਕਥਣੀ | ਵੀਰ ਸਿੰਘ ਥਿੰਦ | 56 |
| 22 | ਤੀਆਂ ਦਾ ਤਿਉਹਾਰ | ਜਸਵਿੰਦਰ ਕੌਰ 'ਜੱਸੀ' | 57 |
| 23 | ਚਾਹ ਵਾਲਾ ਮੁੰਡਾ | ਡਾ. ਨੀਲੂ ਸੂਦ | 60 |
| 24 | ਵਲੂੰਧਰਿਆ ਹਿਰਦਾ | ਬਲਬੀਰ ਸਿੰਘ 'ਬੇਲੀ' | 61 |
| 25 | ਕੁਦਰਤ ਦਾ ਸੁਰ ਸੰਗੀਤ | ਪਰਦੀਪ ਮਹਿਤਾ | 62 |
| 26 | ਮਾਂ | ਇਕਬਾਲ ਸਿੰਘ ਹਮਜਾਪੁਰ | 63 |
| 27 | ਅਲੋਪ ਹੋ ਰਹੇ 'ਹੱਥ ਪੱਖੇ' | ਤਸਵਿੰਦਰ ਸਿੰਘ ਵੜੈਚ | 64 |
| 28 | ਆਖ਼ਰ ਬਣੀ ਸਹਾਰਾ ਧੀ | ਜੋਗਿੰਦਰ ਸਿੰਘ ਮੁਕਤਾ | 65 |
| 29 | ਸੰਗਤ ਦਾ ਅਸਰ | ਅੰਕਿਤ | 66 |
| 30 | 'ਧੀ ਪੁੱਤ ੳ ਅ ਦੇ' | ਜਸਪ੍ਰੀਤ ਕੌਰ ਧਾਲੀਵਾਲ | 67 |
| 31 | ਤੀਜ ਦਾ ਤਿਉਹਾਰ | ਭਾਰਤੀ ਸਿੰਘ | 68 |
| 32 | ਮੈਨੂੰ ਡਰ ਲਗਦਾ ਹੈ | ਨੀਰ | 69 |
| 33 | ਕੁੜੀਆਂ ਚਿੜੀਆਂ | ਪ੍ਰੀਤਮਾ ਦੋਮੇਲ | 70 |
| 34 | ਬੁੱਢੇ ਵਾਰੇ | ਕਰਮਜੀਤ ਦਿਓਣ | 71 |
| 35 | ਗ਼ਜ਼ਲ | ਜਸਵਿੰਦਰ ਸਿੰਘ ਰੁਪਾਲ | 72 |
| 36 | ਕੋਰੜਾ ਛੰਦ | ਬਲਵਿੰਦਰ ਕੌਰ ਖੁਰਾਣਾ | 73 |
| 37 | ਤੀਆਂ ਦਾ ਤਿਉਹਾਰ | ਰਿਪੂਦਮਨ ਸ਼ਰਮਾ | 74 |

# ਬਚਪਨ ਤੋਂ ਸਿਖਰ ਬੁਢਾਪੇ ਤੱਕ

ਜੋਗਿੰਦਰ ਸਿੰਘ ਪ੍ਰਿੰਸੀਪਲ



ਅਪਾਰ ਕਿਰਪਾ ਏ ਦਾਤਾਰ ਦੀ। ਮੈਂ 15 ਮਈ, 2021 ਨੂੰ 92 ਸਾਲਾਂ ਦਾ ਹੋ ਗਿਆ ਹਾਂ। ਚੰਗਾ ਪੰਧ ਨਿਬੇੜ ਲਿਆ ਏ। ਪੜਾਅ ਏ ਅੰਤਲਾ। ਸਿਖਰ 'ਤੇ ਬੁਢਾਪਾ। ਵਿਖਾ ਰਿਹਾ ਏ ਆਪਣਾ ਜਲਵਾ ਅਤੇ ਰੰਗ-ਢੰਗ।

ਲਮੇਰਾ ਬੁਢਾਪਾ ਬਹੁਤੀ ਵਾਰੀ ਦੁਖਦਾਈ ਵੀ ਅਤੇ ਘਾਤਕ ਵੀ। ਜੀਵਨ-ਪਾਂਧੀ ਥੱਕਿਆ-ਹਾਰਿਆ, ਵਿਆਕੁਲ ਵੀ ਅਤੇ ਪ੍ਰੇਸ਼ਾਨ ਵੀ। ਸੱਧਰਾਂ ਅਧਮੋਈਆਂ ਅਤੇ ਭਾਵਨਾਵਾਂ ਵਿਲਕਦੀਆਂ। ਜੀਵਨ 'ਚ ਨਾ ਉਮੰਗ, ਨਾ ਤਰੰਗ, ਨਾ ਖੇੜਾ ਅਤੇ ਨਾ ਹੁਲਾਸ। ਪਾਂਧੀ ਲਈ ਜੀਵਨ ਪੰਡ ਬੋਝਲ ਅਤੇ ਲੱਕ ਤੋੜਵੀਂ।

ਸਮੁੱਚਾ ਅਸਤੀ-ਪਿੰਜਰ ਹਿੱਲਿਆ ਹੋਇਆ। ਕੁਬੜੀ ਪਿੱਠ। ਹੱਥ 'ਚੋਂ ਡੰਗੋਰੀ। ਅੱਖਾਂ 'ਤੇ ਮੋਟੇ ਸ਼ੀਸ਼ਿਆਂ ਵਾਲੀ ਐਨਕ। ਚੱਲਣਾ ਮੁਹਾਲ। ਕਈ ਵਾਰੀ ਫਿਰ ਮੰਜੇ ਨਾਲ ਯਾਰੀ।

ਪਰਮਾਤਮਾ ਦੀ ਏ ਮੇਰੇ ਤੇ ਰਹਿਮਤ ਭਰੀ ਦ੍ਰਿਸ਼ਟੀ। ਗੁਜ਼ਰ ਰਿਹਾ ਹਾਂ ਨਿਰੋਗ ਅਤੇ ਸੁਖਦਾਈ ਬੁਢਾਪੇ 'ਚੋਂ। ਕਰਨਹਾਰ ਤਾਂ ਦਾਤਾਰ ਹੈ ਪਰ ਸੁਚੱਜੀ ਸਿਹਤ-ਸੰਭਾਲ ਲਈ, ਵਿਅਕਤੀ ਨੂੰ ਚੁੱਕਣੀ ਪੈਂਦੀ ਹੈ ਉਮਰ ਭਰ ਫ਼ਰਜ਼ਾਂ ਦੀ ਪੰਡ। ਬਚਪਨ ਲੜਕਪਣ ਅਤੇ ਜਵਾਨੀ ਦੀ ਸੁਚੱਜੀ ਸੰਭਾਲ, ਆਧਾਰਸਿਲਾ ਹੈ ਸੁਖਦਾਈ ਅਤੇ ਲੰਮੇਰੇ ਬੁਢਾਪੇ ਦੀ। ਵੈਸੇ ਤਾਂ ਹਰ ਸਾਹ ਦਾਤਾਰ ਦੀ ਦੇਣ ਏ, ਪਰ ਦੁਨਿਆਵੀਂ ਪੱਖੋਂ ਇਹ ਵੀ ਵਾਸਤਵਿਕਤਾ ਹੈ ਕਿ ਬਚਪਨ, ਜਵਾਨੀ ਅਤੇ ਉਧੇੜ ਉਮਰ 'ਚ, ਸਰੀਰ ਦੀ ਸੁਚੱਜੀ ਸੰਭਾਲ, ਲਮੇਰੇ ਬੁਢਾਪੇ ਦੀ ਸਾਖੀ ਭਰਦੀ ਹੈ। ਜ਼ਰਾ ਜਾਂਚੋ, ਵਾਚੋ ਅਤੇ ਪਰਖੋ, ਬੁਢਾਪੇ ਤੱਕ ਦੀ ਮੇਰੀ ਜੀਵਨ ਝਾਕੀ।

ਜੀਵਨ ਦਾ ਪਹਿਲਾ ਪਿੜ ਹੈ ਬਚਪਨ। ਇਹ ਹੈ ਬਾਦਸ਼ਾਹੀ ਉਮਰ। ਬੱਚੇ ਲਈ ਮਾਂ ਦੀ ਗੋਦ, ਰੱਬੀ-ਰਹਿਮਤ ਭਰਿਆ ਪਾਲਣਾ। ਬੱਚੇ ਲਈ ਪਿਤਾ ਏ ਸ਼ਫ਼ਕਤ ਅਤੇ ਰਹਿਮਤ ਦਾ ਪੇੜ। ਬੱਸ ਬੱਚਾ ਅੱਖਾਂ ਦਾ ਨੂਰ। ਭੈਣ-ਭਰਾਵਾਂ ਲਈ ਮਸਤੀ ਅਤੇ ਸਰੂਰ। ਬੱਚੇ ਦੀ ਜੀਵਨ ਰੂਪੀ ਸਲੇਟ ਸਾਫ਼ ਅਤੇ ਸ਼ਫ਼ਾਫ਼। ਇਸ ਤੇ ਨਾ ਪੂੰਝੇ, ਨਾ ਧੱਬੇ ਅਤੇ ਨਾ ਵੈਰ ਵਿਰੋਧ ਦੇ ਕਾਟੇ। ਆਦਰਸ਼ ਮਾਤਾ-ਪਿਤਾ ਦੀ ਦੇਖ-ਰੇਖ ਅਤੇ ਸੰਭਾਲ 'ਚ ਮੇਰੇ ਬਚਪਨ ਦੀ ਵੀ ਸੀ ਸੁਖਦਾਈ ਝਾਕੀ।

ਮੈਂ ਪ੍ਰਾਇਮਰੀ ਵਿੱਦਿਆ ਪ੍ਰਾਪਤ ਕੀਤੀ, ਆਪਣੇ ਪਿਤਾ ਸਰਦਾਰ ਦੀਵਾਨ ਸਿੰਘ ਜੀ ਪਾਸੋਂ, ਜੋ ਪ੍ਰਾਇਮਰੀ ਸਕੂਲ 'ਚ ਇਕ ਅਧਿਆਪਕ (ਮਾਸਟਰ) ਸਨ। ਪੜ੍ਹਾਈ ਪੱਖੋਂ ਮੇਰੇ ਪਿਤਾ ਜੀ ਨੇ, ਮੈਨੂੰ ਫ਼ਰਜ਼ ਅਤੇ ਇਖ਼ਲਾਕ ਦੀਆਂ ਆਵੀਆਂ 'ਚ ਤਪਾ-ਤਪਾ ਕੇ ਮੇਰਾ ਚੰਗਾ ਕਲਬੂਤ ਤਿਆਰ ਕੀਤਾ। ਸਿਹਤ ਸੰਭਾਲ ਲਈ ਸੈਰ ਅਤੇ ਵਰਜਸ਼ 'ਤੇ ਬਲ ਦਿੱਤਾ। ਉਨ੍ਹਾਂ ਦੀ ਅਨੁਸਾਸ਼ਨਿਕ ਪ੍ਰਵਿਰਤੀ ਅਤੇ ਉਸਾਰੂ ਸੋਚ ਸਦਕਾ, ਮੈਂ ਅਗਲੇਰੀਆਂ ਜਮਾਤਾਂ 'ਚ ਸਰਪਟ ਦੌੜ ਦੌੜਦਾ ਚਲਾ ਗਿਆ।

ਸੁਭਾਅ, ਆਦਤਾਂ ਅਤੇ ਮਿਹਨਤ ਪੱਖੋਂ, ਮੈਂ ਬਣ ਗਿਆ ਇਕ ਯੋਗ ਅਤੇ ਫ਼ਰਜ਼-ਸਨਾਸ ਵਿਦਿਆਰਥੀ। 1945 'ਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਪ੍ਰਥਮ ਦਰਜੇ 'ਚ ਦਸਵੀਂ ਅਤੇ 1947 'ਚ ਖ਼ਾਲਸਾ ਕਾਲਜ ਗੁੱਜਰਾਂਵਾਲਾ (ਪਾਕਿਸਤਾਨ) ਤੋਂ ਐੱਫ਼.ਏ. (F.A.) ਦਾ ਇਮਤਿਹਾਨ ਦਿੱਤਾ।

ਸੱਚ ਕਹਿੰਦਾ ਹਾਂ, 18-20 ਸਾਲ ਦੀ ਉਮਰ ਤੱਕ, ਜੀਵਨ-ਜਾਚ ਪੱਖੋਂ ਮੇਰੀਆਂ ਪਰਿਵਾਰਕ, ਭਾਈਚਾਰਕ, ਸਮਾਜਕ ਅਤੇ ਸਭਿਆਚਾਰਕ ਚੰਗੀਆਂ ਪ੍ਰਾਪਤੀਆਂ ਸਨ। ਦਾਤਾਰ ਦੀ ਰਹਿਮਤ ਸਦਕਾ, ਉਸਾਰੂ ਸੋਚ ਬਣੀ ਰਹੀ। ਜੀਵਨ-ਫੱਟੀ ਤੇ ਨਾ ਕੋਈ ਪੂੰਝਾ ਅਤੇ ਨਾ ਕੋਈ ਧੱਬਾ। ਮੈਂ ਸਾਂ ਇਕ ਆਗਿਆਕਾਰੀ ਪੁੱਤਰ ਅਤੇ ਫ਼ਰਜ਼-ਸ਼ਨਾਸ ਵਿਦਿਆਰਥੀ। ਵੈਸੇ ਚੜ੍ਹਦੀ ਜਵਾਨੀ ਦੇ ਸਰੂਰ 'ਚ, ਕੁੱਝ ਤਾਂ ਹੁੰਦਾ ਏ ਫ਼ਤੂਰ। ਹੱਥੋ-ਪਾਈ ਹੋਣਾ, ਬੋਲ-ਬੁਲਾਰਾ ਅਤੇ ਕਦੇ-ਕਦਾਈਂ ਅਵਾਰਾਗਰਦੀ, ਇਸ ਉਮਰ 'ਚ ਨਹੀਂ ਮਿਥੇ

ਜਾਂਦੇ ਅਪਰਾਧ। ਸੰਭਵ ਏ, ਮੇਰੇ ਵੀ ਕੁਝ ਅਜਿਹੇ ਕਾਰੇ ਹੋਣ। ਹਾਂ, ਇਸ ਉਮਰ 'ਚ ਕੀਤੇ ਅਜਿਹੇ ਕਾਰੇ, ਕਰਨੇ ਪੈਂਦੇ ਨੇ ਅੱਖੋਂ ਓਹਲੇ।

1947 ਦੀ ਭਾਰਤ-ਪਾਕ ਵੰਡ ਆਈ ਕਹਿਰ ਬਣ ਕੇ। ਲੱਖਾਂ ਵੱਸਦੇ-ਹੱਸਦੇ ਘਰ ਉੱਜੜ ਗਏ। ਬਚਪਨ ਡੱਡਿਆ ਉੱਠਿਆ, ਜਵਾਨੀ ਪਿੱਟ ਉੱਠੀ ਅਤੇ ਬੁਢਾਪਾ ਕੁਰਲਾ ਉੱਠਿਆ। ਚੁਫੇਰੇ ਲਾਸ਼ਾਂ ਦੇ ਢੇਰ। ਭਲਾ ਕੌਣ ਪੂੰਝੇ ਕਿਸੇ ਦੇ ਅੱਥਰੂ? ਆਪਣੇ ਅੱਥਰੂ ਤਾਂ ਰੁਕਦੇ ਨਹੀਂ।

ਸਾਡੇ ਪਰਿਵਾਰ 'ਤੇ ਵੀ ਡਾਹਢੀ ਆਈ ਸਾੜ੍ਹ-ਸਤੀ। ਅਸੀਂ ਪਰਿਵਾਰ ਦੇ ਸੱਤ ਮੈਂਬਰ, ਮੁਸਲਮਾਨ ਬਣਨ ਤੋਂ ਇਨਕਾਰ ਕਰਦੇ ਹੋਏ, ਲੁਕਦੇ-ਛਿਪਦੇ, ਡਿੱਗਦੇ-ਢਹਿੰਦੇ, ਜਾਨਾਂ ਬਚਾ ਕੇ, 12 ਸਤੰਬਰ 1947 ਨੂੰ, ਗੁਰੂ ਦੀ ਨਗਰੀ ਅੰਮ੍ਰਿਤਸਰ ਪੁੱਜੇ। ਅਸੀਂ ਸਾਂ ਭੁੱਖੇ-ਭਾਣੇ, ਹਾਲੋਂ ਬੇਹਾਲ। ਨਿਥਾਵੇਂ ਅਤੇ ਨਿਆਸਰੇ। ਦਰ-ਦਰ ਭਟਕਣ ਜੋਗੇ। ਸਮੇਂ ਨੇ ਸਾਡੇ ਪਰਿਵਾਰ ਨੂੰ ਡਾਹਢਾ ਤਾਇਆ, ਸਤਾਇਆ ਅਤੇ ਤੜਫਾਇਆ। ਸਿਦਕੀ ਸਬੂਰੀ, ਸੰਤੋਖੀ ਅਤੇ ਸਾਹਸੀ ਪਰਿਵਾਰ, ਜੁੱਟ ਗਿਆ ਮਿਹਨਤ ਮਜ਼ਦੂਰੀ ਕਰਨ 'ਚ।

ਜੋ ਕਿਸੇ ਨੂੰ ਮਿਹਨਤ-ਮਜ਼ਦੂਰੀ ਦਾ ਕੰਮ ਮਿਲਿਆ, ਉਹਦੀ ਰਜ਼ਾ 'ਚ ਰਹਿੰਦਿਆਂ ਖਿੜੇ-ਮੱਥੇ ਸਵੀਕਾਰਿਆ।

ਮੈਂ ਸਾੜ-ਫੂਕ ਹੋਈਆਂ ਇਮਾਰਤਾਂ 'ਚੋਂ ਲੱਕੜੀਆਂ ਇਕੱਠੀਆਂ ਕਰਕੇ, ਸਿਰ 'ਤੇ ਚੁੱਕ ਕੇ, ਅੰਮ੍ਰਿਤਸਰ ਦੇ ਬਾਜ਼ਾਰਾਂ 'ਚ ਵੇਚੀਆਂ। ਮਜ਼ਦੂਰ ਬਣ ਕੇ ਦਿਹਾੜੀਆਂ ਵੀ ਕੀਤੀਆਂ। ਆਟੇ ਦੀ ਮਿੱਲ 'ਚ ਬੋਰੀਆਂ ਚੁੱਕਣ ਦਾ ਕੰਮ ਵੀ ਕੀਤਾ। ਢਿੱਡ ਦਾ ਝੁਲਕਾ ਪੂਰਾ ਕਰਨ ਲਈ ਕਈ ਪਾਪੜ ਵੇਲੇ। ਸਮੁੱਚਾ ਪਰਿਵਾਰ ਸੀ ਆਰਥਕ ਮੰਦਹਾਲੀ ਦਾ ਸ਼ਿਕਾਰ। ਸਮਾਂ, ਕੁਦਰਤ ਅਤੇ ਕਾਦਰ ਸਭ ਸਾਡੇ ਪਰਿਵਾਰ ਨਾਲ ਰੁੱਸੇ ਹੋਏ। ਸੱਚੇ ਰਜ਼ਾਕਾਰ ਬਣ ਕੇ ਦਾਤਾਰ ਦਾ ਭਾਣਾ ਮੰਨਿਆ। ਪਰਿਵਾਰ ਦਾ ਇਹ ਉਸਾਰੂ ਪੱਖ, ਕਈ ਸਾਕ-ਸੰਬੰਧੀਆਂ ਨੇ ਦ੍ਰਿਸ਼ਟੀ ਗੋਚਰ ਕੀਤਾ।

ਕੁਦਰਤ ਦੇ ਰੰਗ ਨਿਆਰੇ। ਭਲਾ ਕੌਣ ਜਾਣੇ ਵਕਤ ਦੀ ਰਫ਼ਤਾਰ ਅਤੇ ਗੁਫ਼ਤਾਰ! ਦਾਤਾਰ ਦੀ ਖੇਡ ਅਨੋਖੀ ਏ ਅਤੇ ਚੋਜ ਨਿਰਾਲੇ ਨੇ।

ਪਰਿਵਾਰ ਏ ਆਰਥਿਕ ਮੰਦਹਾਲੀ ਦਾ ਸ਼ਿਕਾਰ। ਕੁਦਰਤ ਖੋਲ੍ਹ ਰਹੀ ਏ ਮੇਰੇ ਗ੍ਰਹਿਸਤੀ ਜੀਵਨ ਦਾ ਪੰਨਾ। ਮੇਰਾ ਵਿਆਹ 15-16 ਸਾਲ ਦੀ ਯੁਵਤੀ ਦਲੀਪ ਕੌਰ, ਸਪੁੱਤਰੀ ਸਰਦਾਰ ਲਾਲ ਸਿੰਘ (ਖੰਨਾ ਮੰਡੀ ਨਿਵਾਸੀ) ਨਾਲ ਸਤੰਬਰ 1948 'ਚ ਹੋ ਗਿਆ। ਹੁਣ ਆਰਥਕ ਛੱਟ ਹੋਰ ਵੀ ਭਾਰੀ ਸੀ। ਸਗੋਂ ਲੱਕ-ਤੋੜਵੀਂ।

ਪਰਿਵਾਰ ਦੇ ਪਿਆਰ ਅਤੇ ਸਨਮਾਨ ਦੇ ਨਿੱਘ ਨੇ ਦਲੀਪ ਕੌਰ (ਸਹੁਰਾ ਨਾਂ ਹਰਜੀਤ ਕੌਰ) ਦੀ ਜ਼ੁਬਾਨ 'ਤੇ ਆਉਣ ਨਾ ਦਿੱਤਾ, ਨਾ ਕੋਈ ਗਿਲਾ ਅਤੇ ਨਾ ਕੋਈ ਸ਼ਿਕਵਾ। ਸਹਿਜੇ ਹੀ ਉਹ ਵੀ ਬਣ ਗਈ ਰੱਬੀ ਰਜ਼ਾ ਦੀ ਕਾਇਲ। ਪਰਿਵਾਰ 'ਚ ਘੁਲ ਮਿਲ ਗਈ ਮਿਸ਼ਰੀ ਦੀ ਤਰ੍ਹਾਂ। ਦੌਰ ਤੰਗ ਦਸਤੀ ਦਾ। ਫਿਰ ਵੀ ਸ਼ਰੀਕੇ-ਹਯਾਤ ਹਰਜੀਤ ਨੇ ਪਰਿਵਾਰ ਨੂੰ ਦਿੱਤਾ ਪੂਰਾ ਸਾਥ। ਪਰਿਵਾਰ ਪ੍ਰਤੀ ਨਾ ਕੋਈ ਗਿਲਾ, ਨਾ ਕੋਈ ਸ਼ਿਕਵਾ ਅਤੇ ਨਾ ਕੋਈ ਸ਼ਿਕਾਇਤ। ਆਖ਼ਰ ਮਿਹਰ ਹੋਈ ਦਾਤਾਰ ਦੀ। 1953-1954 'ਚ ਪਰਿਵਾਰ ਦੇ ਉੱਗਣ ਲੱਗ ਪਏ ਭੁੰਨੇ ਹੋਏ ਜੌਂ। ਹੁਣ ਪਤਝੜ ਸੀ ਕਾਫ਼ੂਰ ਅਤੇ ਪਰਿਵਾਰ ਤੇ ਬਹਾਰ ਜਿਹੀ ਰੁੱਤ ਜਿਹਾ ਸੀ ਮਸਤੀ ਅਤੇ ਸਰੂਰ।

ਮੇਰੇ ਲੜਕਿਆਂ ਦਾ ਦਸਵੀਂ ਜਮਾਤ ਤੱਕ ਦਾ ਸਕੂਲ (ਪ੍ਰਾਈਵੇਟ) ਪੜ੍ਹਾਈ ਪੱਖੋਂ ਅਤੇ ਆਰਥਕ ਪੱਖੋਂ ਚੰਗੀ ਤੋਰੇ ਤੁਰ ਪਿਆ। ਦਾਤਾਰ ਦੀ ਨਜ਼ਰ ਸਵੱਲੀ ਸੀ।

1952-1953 ਤੱਕ ਹਰਜੀਤ ਨੇ ਪੰਜ ਬੱਚਿਆਂ (ਚਾਰ ਲੜਕੀਆਂ ਤੇ ਇਕ ਲੜਕਾ) ਨੂੰ ਜਨਮ ਦਿੱਤਾ। ਹੁਣ ਉਹ ਇਕ ਸਿਆਣੀ, ਸੁਚੱਜੀ ਅਤੇ ਧੀਰਜ ਵਾਲੀ ਨਾਰ ਸੀ ਅਤੇ ਬੱਚਿਆਂ ਲਈ ਮਮਤਾ ਦੀ ਡੋਰੀ। ਨਿੱਘੀ ਅਤੇ ਸੁਸ਼ੀਲ ਹੋਣ ਕਾਰਨ ਤੇ ਦਿਆਲ ਅਤੇ ਵਿਸ਼ਾਲ ਦ੍ਰਿਸ਼ਟੀ ਸਦਕਾ, ਉਹ ਬੱਚਿਆਂ ਦਾ ਵਿਸ਼ੇਸ਼ ਰੂਪ 'ਚ ਸਰੀਰਕ ਅਤੇ ਮਾਨਸਿਕ ਪੱਖੋਂ ਸੁਚੱਜਾ ਪਾਲਣ-ਪੋਸ਼ਣ ਕਰਨ ਦੇ ਸਮਰੱਥ ਸੀ।

ਹਾਂ, ਉਹ ਸਹਿਯੋਗੀ ਅਤੇ ਕਰਮਯੋਗੀ ਸੀ। ਨੇਕ ਨੀਅਤ ਅਤੇ ਨੇਕ ਸੀਰਤ ਸੀ। ਪਤੀ ਲਈ ਆਦਰਸ਼ ਹਮਰਾਜ਼ ਅਤੇ ਹਮਨਸ਼ੀਂ ਸੀ। ਘੜ ਦਾ ਸੁਚੱਜਾ, ਨਿੱਘਾ ਅਤੇ ਪਿਆਰ ਭਰਿਆ ਵਾਤਾਵਰਨ, ਉਸ ਦਾ ਰਿਣੀ ਸੀ।

1955-56 ਤੋਂ ਲੈ ਕੇ 1977 ਤੱਕ ਦਾ ਸਮਾਂ ਪਰਿਵਾਰ ਲਈ ਸ਼ਾਂਤ, ਸੁਖਦਾਈ ਅਤੇ ਦੇਹ-ਅਰੋਗਤਾ ਵਾਲਾ ਸੀ। ਬੱਸ ਸਵਰਗ ਜਿਹੀ ਝਾਕੀ।

ਦਾਤਾਰ ਦੀ ਮਿਹਰ ਸਦਕਾ ਬੱਚੇ ਸੁਲੱਗ ਅਤੇ ਆਗਿਆਕਾਰ। ਉਨ੍ਹਾਂ ਦੀਆਂ ਵਿੱਦਿਅਕ ਯੋਗਤਾਵਾਂ ਸ਼ਲਾਘਾ-ਯੋਗ। ਮੇਰੀ ਅਤੇ ਮੇਰੀ ਪਤਨੀ ਹਰਜੀਤ ਦੀ ਤੋਰ ਸੁਖਾਵੀਂ ਅਤੇ ਪਿਆਰ ਭਰੀ। ਪਰਿਵਾਰ 'ਚ ਨਾ ਗਿਲੇ, ਨਾ ਸ਼ਿਕਵੇ ਅਤੇ ਨਾ ਰੋਸਾ।

1947 ਤੋਂ ਲੈ ਕੇ 1977 ਤੱਕ ਦਾ ਸਮਾਂ, ਪ੍ਰਤੀਕ ਏ ਮੇਰੇ ਮਿਹਨਤ ਕਸ਼ ਜੀਵਨ ਦਾ। ਹੱਡ-ਭੰਨਵੀਂ ਘਾਲ ਦਾ, ਸੁੱਚੀ ਕਿਰਤ ਦਾ ਅਤੇ ਹੱਕ ਹਲਾਲ ਦੀ ਬੁਰਕੀ ਖਾਣ ਦਾ। ਇਹ ਲਾਪਰਵਾਹੀਆਂ ਅਤੇ ਵੈਰ-ਵਿਰੋਧ ਦੇ ਕਾਟਿਆਂ ਤੋਂ ਮੁਕਤ ਸੀ। ਈਰਖਾ ਅਤੇ ਦਵੈਸ਼ ਰਹਿਤ। ਹਾਂ, ਕੌਣ ਜਾਣੇ, ਕਿਸ ਘੜੀ ਵਕਤ ਕਾ ਬਦਲੇ ਮਿਜ਼ਾਜ? ਕੋਈ ਨਹੀਂ ਜਾਣਦਾ:

ਕੀ ਕਹਿੰਦੀਆਂ ਨੇ ਹੱਥ ਦੀ ਲਕੀਰਾਂ
ਅਤੇ ਮੱਥੇ ਦੀਆਂ ਤਕਦੀਰਾਂ।
ਕੀ ਕਹਿੰਦੇ ਨੇ ਗਰਦਸ਼ ਦੇ ਸਿਤਾਰੇ
ਅਤੇ ਕੀ ਕਹਿੰਦੇ ਨੇ ਕਿਸਮਤ ਦੇ ਧਾਰੇ!

ਮੇਰੀ ਪਤਨੀ ਹਰਜੀਤ ਕੌਰ ਬਿਮਾਰ ਰਹਿਣ ਲੱਗ ਪਈ। ਚੰਗੇ-ਚੰਗੇ ਡਾਕਟਰਾਂ ਪਾਸੋਂ ਇਲਾਜ ਕਰਵਾਇਆ ਪਰ ਕੋਈ ਫ਼ਰਕ ਨਾ ਪਿਆ। ਅੰਬਾਲਾ ਸ਼ਹਿਰ ਦੇ ਮਿਸ਼ਨ ਹਸਪਤਾਲ 'ਚ ਦਾਖਲ ਰਹੀ, ਬੱਸ ਇਹ ਹਿਸਾਬ ਸੀ, ਮਰਜ਼ ਬੜ੍ਹਤਾ ਗਿਆ ਜੂੰ-ਜੂੰ ਦਵਾ ਕੀ। ਉਸ ਦੀ ਮਾਨਸਿਕ ਪ੍ਰੇਸ਼ਾਨੀ ਵਧਦੀ ਜਾ ਰਹੀ ਸੀ। 45 ਦਿਨ ਪੀ.ਜੀ.ਆਈ, ਚੰਡੀਗੜ੍ਹ ਵਿੱਚ ਵੀ ਦਾਖ਼ਲ ਰਹੀ। ਹੱਡੀਆਂ ਦੀ ਮੁੱਠ ਬਣ ਗਈ। ਸੁੰਦਰ ਚਿਹਰਾ ਕਰੂਪ ਹੋ ਗਿਆ। ਪਰਿਵਾਰ ਦੀ ਪ੍ਰੇਸ਼ਾਨੀ ਵਧਦੀ ਜਾ ਰਹੀ ਸੀ। ਆਖ਼ਰ ਉਹ 18 ਫਰਵਰੀ 1978 ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ। ਪਰਿਵਾਰ ਬਹਾਰ ਦੇ ਮੌਸਮ 'ਚ ਹੀ ਲੁੱਟਿਆ ਗਿਆ। ਪਰਿਵਾਰ ਲਈ ਹੁਣ ਦਿਨ ਜ਼ਾਲਮ, ਰਾਤਾਂ ਕਾਤਲਾਨਾ, ਧੁੱਪਾਂ ਉਦਾਸ ਅਤੇ ਛਾਵਾਂ ਉਦਾਸ ਸਨ। ਹਰ ਸਾਹ ਭਖਦਾ ਅੰਗਾਰਾ। ਹੁਣ ਆਪਣੇ ਪਰਾਏ। ਇੰਜ ਭਾਸਿਆ ਜਿਵੇਂ ਸਮੁੱਚੀ ਕਾਇਨਾਤ ਰੁੱਸ ਗਈ ਏ।

ਸੱਚ ਜਾਣੋ, ਔਰਤ ਇਕ ਅਜਿਹਾ ਚਿਰਾਗ਼ (ਦੀਵਾ) ਹੈ, ਘਰ 'ਚ ਕਿਧਰੇ ਵੀ ਹੋਵੇ ਆਪਣੀ ਰੋਸ਼ਨੀ ਦਿੰਦਾ ਹੈ। ਔਰਤ ਮੋਮਬੱਤੀ ਦੀ ਤਰ੍ਹਾਂ ਜਲ ਜਾਂਦੀ ਹੈ ਪਰ ਘਰ ਨੂੰ ਮਹਿਕ ਦੇ ਜਾਂਦੀ ਹੈ। ਇਹ ਹੈ ਇਕ ਅਨਮੋਲ ਹੀਰਾ। ਇਹ ਤਾਂ ਪਰਿਵਾਰ ਦੀਆਂ ਕਾਲੀਆਂ-ਬੋਲੀਆਂ ਰਾਤਾਂ ਲਈ ਫ਼ਾਨੂਸ ਹੈ।

ਔਰਤ ਪਤੀ ਲਈ ਹਮਰਾਜ਼ ਏ, ਹਮਸਫ਼ਰ ਏ ਅਤੇ ਹਮਨਸ਼ੀਂ ਏ। ਸੱਚਾ ਰਫ਼ੀਕ ਏ ਅਤੇ ਸੁਘੜ ਸਿਆਣਾ ਮਸ਼ੀਰ ਏ। ਪਤੀ ਦੀਆਂ ਅੱਖਾਂ 'ਚ ਪਰਿਵਾਰਕ ਪਿਆਰ ਦਾ ਕੱਜਲ ਲਾਉਂਦੀ ਹੈ। ਔਰਤ ਤੋਂ ਬਿਨਾਂ ਆਦਮੀ ਦਾ ਜੀਵਨ ਸੱਖਣਾ, ਨੀਰਸ ਅਤੇ ਬੇਤੁਕਾ। ਨਾ ਉਸ 'ਚ ਉਮੰਗ ਅਤੇ ਨਾ ਤਰੰਗ। ਬੱਸ ਖ਼ਾਲੀ ਲਿਫ਼ਾਫ਼ਾ।

ਕੀ ਦੱਸਾਂ? 1978 ਤੋਂ ਲੈ ਕੇ 2022 (ਹੁਣ) ਤੱਕ 44 ਸਾਲ ਹੋ ਗਏ ਨੇ ਮੈਨੂੰ ਰੰਡੇਪਾ ਕੱਟਦਿਆਂ। ਸ਼ਾਇਦ ਇਹ ਆਦਮੀ ਲਈ, ਏਨਾ ਲੰਮਾ ਰੰਡੇਪਾ ਕੱਟਣ ਦਾ ਰਿਕਾਰਡ ਹੋਵੇ। ਰੰਡੇਪੇ 'ਚ ਚਾਰ ਛੋਟੇ ਅਤੇ ਕੰਵਾਰੇ (ਇਕ ਲੜਕੀ ਦੀ ਸ਼ਾਦੀ ਹਰਜੀਤ ਦੇ ਜਿਊਂਦਿਆਂ ਹੋ ਗਈ ਸੀ) ਬੱਚਿਆਂ ਦੀ ਦੇਖ-ਭਾਲ ਨਾ ਕੇਵਲ ਮੇਰੇ ਲਈ ਇਕ ਮਾਨਸਿਕ ਦੁਬਿਧਾ ਸੀ ਸਗੋਂ ਇਕ ਪਰਿਵਾਰਕ ਪ੍ਰੀਖਿਆ ਸੀ। ਬੱਚਿਆਂ ਦੀਆਂ ਸਰੀਰਕ ਅਤੇ ਮਾਨਸਿਕ ਲੋੜਾਂ ਨੂੰ ਪਹਿਚਾਨਣਾ ਅਤੇ ਉਨ੍ਹਾਂ ਪੜ੍ਹਾਉਣਾ, ਲਿਖਾਉਣਾ ਅਤੇ ਵਿਆਹੁਣਾ ਮੇਰੇ ਲਈ ਇਕ ਚੁਨੌਤੀ ਭਰੀ ਲਲਕਾਰ ਸੀ। ਮਾਂ, ਮਾਂ ਹੀ ਹੈ। ਮਾਂ ਸ਼ਾਇਦ ਬੱਚਿਆਂ ਲਈ ਬਾਪ ਬਣ ਸਕਦੀ ਹੋਵੇ ਪਰ ਬਾਪ ਲਈ ਮਾਂ ਬਣਨਾ, ਮੇਰੇ ਵਿਚਾਰ ਅਨੁਸਾਰ ਅਸੰਭਵ ਹੈ। ਮੈਂ ਹਰ ਪੱਖੋਂ ਬੱਚਿਆਂ ਤੋਂ ਆਪਾ ਵਾਰਿਆ ਪਰ ਮੈਂ ਉਨ੍ਹਾਂ ਦੇ ਚਿਹਰੇ ਤੇ ਮਾਂ ਦੇ ਸਮੇਂ ਜਿਹੀ ਮੁਸਕਾਨ ਨਹੀਂ ਵੇਖ ਸਕਿਆ।

ਜ਼ਿੰਮੇਵਾਰੀ ਨਿਭਾਉਂਦਾ, ਮੈਂ ਭਾਵਨਾਤਮਿਕ ਪੱਖੋਂ, ਸੰਭਵ ਹੱਦ ਤੱਕ, ਉਨ੍ਹਾਂ ਦੇ ਅੰਤਰੀਵ ਭਾਵਾਂ ਦੀ ਫੋਲਾ-ਫੋਲੀ ਕਰਦਾ ਰਿਹਾ, ਉਨ੍ਹਾਂ ਦੇ ਅੱਥਰੂ ਪੂੰਝਦਾ ਰਿਹਾ, ਦਿਲਾਸੇ ਦਿੰਦਾ ਰਿਹਾ ਅਤੇ ਦਿਲਜੋਈਆਂ ਕਰਦਾ ਰਿਹਾ। ਨਾਲੋ-ਨਾਲ ਆਪਣੇ ਵਿਛੋੜੇ ਦੇ ਸੱਲ 'ਤੇ ਵੀ ਸੁਖਦਾਈ ਮਰ੍ਹਮ ਲਾਉਣ ਦੇ ਉਪਰਾਲੇ ਕਰਦਾ ਰਿਹਾ।

ਹਾਂ, ਇੱਕ ਪੱਖੋਂ ਮੈਨੂੰ ਸੁੱਖ ਦਾ ਸਾਹ ਆਉਣ ਲੱਗਾ। ਮੇਰੇ ਲੜਕੇ ਦੀ ਧਰਮ ਪਤਨੀ (ਭਾਵ ਮੇਰੀ ਨੂੰਹ) ਸੁਘੜ-ਸਿਆਣੀ, ਸਹਿਣਸ਼ੀਲ, ਧੀਰਜ ਵਾਲੀ ਅਤੇ ਆਗਿਆਕਾਰੀ ਨਿਕਲੀ। ਉਸ ਨੇ ਮੇਰੀ ਸੇਵਾ-ਸੰਭਾਲ ਦਿਲ ਨਾਲ ਕਰਨੀ ਸ਼ੁਰੂ ਕੀਤੀ ਅਤੇ ਹੁਣ ਤੱਕ ਕਰ ਰਹੀ ਏ। ਮੈਂ ਆਪਣੀ ਸੇਵਾ

ਪੱਖੋਂ, ਅੱਜ ਤਕ ਉਸ ਦੇ ਚਿਹਰੇ ’ਤੇ ਕ੍ਰੋਧ ਦੀ ਸਲਵਟ ਨਹੀਂ ਵੇਖੀ। ਉਹ ਮਿੱਠ ਬੋਲੜੀ, ਸੁਘੜ ਸਿਆਣੀ ਅਤੇ ਆਗਿਆਕਾਰ ਹੋਣ ਤੋਂ ਛੁੱਟ, ਆਪਣੀਆਂ ਨਨਾਣਾਂ ਪ੍ਰਤੀ ਸੁਚੱਜੀ ਦੇਖ ਭਾਲ ਕਰਨ ਦਾ ਵਿਸ਼ਾਲ ਹਿਰਦਾ ਰੱਖਦੀ ਹੈ। ਇਹ ਮੇਰੇ ਲਈ ਇੱਕ ਸੁਖਦਾਈ ਪੱਖ ਹੈ।

ਸਮੇਂ ਸਿਰ ਉੱਠਣਾ, ਸਮੇਂ ਸਿਰ ਪਾਠ ਪੂਜਾ, ਸਮੇਂ ਸਿਰ ਸੀਮਤ ਅਤੇ ਸਾਦਾ ਭੋਜਨ, ਸਮੇਂ ਸਿਰ ਹਰ ਰੋਜ਼ ਪੰਜ-ਛੇ ਕਿੱਲੋਮੀਟਰ ਦੀ ਸੈਰ, ਸਮੇਂ ਸਿਰ ਲਿਖਣਾ ਅਤੇ ਸਮੇਂ ਸਿਰ ਸੌਣਾ, ਮੇਰੇ ਜੀਵਨ ਦੇ ਦਿਸ਼ਾ ਸੂਚਕ ਹਨ। ਇਕ ਛੋਟੇ ਜਿਹੇ ਸਰੀਰਕ ਅਪਰੇਸ਼ਨ ਤੋਂ ਸਿਵਾ, ਬਾਕੀ ਮੇਰਾ ਸਰੀਰ ਬਿਲਕੁਲ ਨਿਰੋਗ ਹੈ।

ਸੁਭਾਅ ਅਨੁਸਾਰ, ਮੈਂ ਆਪਣੀ ਪੀੜ ਜਰ ਸਕਦਾ ਹਾਂ, ਕੁੱਝ ਦੀ ਪੀੜ ਚੁਗ ਸਕਦਾ ਹਾਂ। ਮੈਂ ਦੁੱਖ ਸਹਿ ਸਕਦਾ ਹਾਂ ਪਰ ਮੈਂ ਕਿਸੇ ਨੂੰ ਦੁੱਖ ਦੇ ਕੇ ਰਾਜ਼ੀ ਨਹੀਂ।

ਮੈਂ ਦਿਲਦਾਰ ਬਣ ਕੇ ਅਜੇ ਵੀ ਹਰ ਇਕ ਦੇ ਦਿਲ ’ਚ ਉੱਤਰ ਸਕਦਾ ਹਾਂ, ਪਰ ਮੈਂ ਆਪਣੇ ਦੁਰਵਿਵਹਾਰ ਕਾਰਨ, ਦੂਜਿਆਂ ਦੇ ਦਿਲਾਂ ’ਚੋਂ ਉੱਤਰਨਾ ਨਹੀਂ ਚਾਹੁੰਦਾ। ਮੈਂ ਆਪਣੀ ਪੀੜ ਦੱਸ ਕੇ ਰਾਜ਼ੀ ਨਹੀਂ, ਸਗੋਂ ਦੂਜਿਆਂ ਦੀ ਪੀੜ ਚੁਗ ਕੇ ਰਾਜ਼ੀ ਹਾਂ।

ਚਤੁਰਾਈ, ਚਾਲਾਕੀ, ਫ਼ਰੇਬ ਅਤੇ ਅਹੰਕਾਰ ਤੋਂ ਮੈਨੂੰ ਸਖ਼ਤ ਨਫ਼ਰਤ ਹੈ। ਸੱਚ ਜਾਣੋ, ਨਿਮਰਤਾ, ਸਹਿਜਤਾ ਅਤੇ ਸਾਦਗੀ ਮੇਰੇ ਜੀਵਨ ਨੂੰ ਸ਼ਿੰਗਾਰਤ ਕਰਦੀਆਂ ਹਨ।

153, ਹੁੱਡਾ, ਪਾਰਟ-1,
ਸ਼ਾਹਬਾਦ ਮਾਰਕੰਡਾ (ਹਰਿਆਣਾ)
9050680370

## ਮਾਵਾਂ-ਮਾਵਾਂ

**ਲਵ ਕੁਮਾਰ ਸਰਫਰੋਸ਼**



ਮਾਵਾਂ-ਮਾਵਾਂ ਸਦਕੇ ਜਾਵਾਂ ਮਾਵਾਂ ਜਗ ਦੀ ਸੂਰਤ,
ਰੱਬ ਧਰਤੀ ’ਤੇ ਵੇਖਣ ਲੱਗਿਆ ਮਾਵਾਂ ਉਸ ਦੀ ਮੂਰਤ।

ਵੱਡੇ-ਵੱਡੇ ਲਿਖਾਰੀ ਲਿਖ ਗਏ ਮਾਵਾਂ ਦਾ ਕੀ ਕਹਿਣਾ,
ਠੰਡੀ ਥਾਵਾਂ ਪੁੱਤਰਾਂ ਨੂੰ ਤੇ ਆਪੇ ਧੁੱਪੇ ਬਹਿਣਾ।

ਚੰਨ ’ਤੇ ਰਹਿ ਕੇ ਚਰਖੇ ਕੱਤਦੀ ਦਿੱਸਦੀ ਹੈ ਕਈ ਵਾਰੀ,
ਨਿੱਕੇ-ਨਿੱਕੇ ਉਹ ਬੱਦਲ ਘੜਦੀ ਤੰਦਾਂ ਕਸਦੀ ਸਾਰੀ।

ਧੀਆਂ ਨੂੰ ਗਲ ਨਾਲ ਲਾ ਕੇ ਕੱਚੀ ਉਮਰੋਂ ਲੰਘਾਉਂਦੀ,
ਆਪਣੀ ਰੂਹਾਂ ਦੇ ਟੁਕੜੇ ਉਹ ਗ਼ੈਰਾਂ ਦੇ ਨਾਂ ਲਿਖਾਉਂਦੀ।

ਟੁਕੜੇ-ਟੁਕੜੇ ਵੰਡਦੀ ਜਦੋਂ ਹੱਕਾਂ ਦੀ ਗੱਲ ਚੱਲਦੀ,
ਮਿੱਟੀ ਵੀ ਸੋਂਧੀ ਹੋ ਜਾਂਦੀ ਜਦੋਂ ਮਾਂ ਮਿੱਟੀ ਵਿੱਚ ਰਲਦੀ।

ਬੱਦਲ ਕਣੀਆਂ ਲੈ ਕੇ ਤੁਰਦੇ ਪਲਕਾਂ ਉੱਪਰ ਵਰ੍ਹਦੇ,
ਮਾਵਾਂ ਵਾਂਗੂ ਕਦੇ ਕਿਸੇ ’ਤੇ ਠੰਡੀਆਂ ਛਾਵਾਂ ਕਰਦੇ।

ਸੱਤ ਸਮੁੰਦਰੋਂ ਪਾਰ ਗਿਓਂ ਤੈਨੂੰ ਯਾਦ ਦਿਲੋਂ ਕੋਈ ਕਰਦਾ,
ਨਿੱਤ ਤਾਰੇ ਵਾਂਗੂ ਟੁੱਟਦਾ ਹੈ ਤੇ ਹੰਝੂ ਲੈ ਕੇ ਵਰ੍ਹਦਾ।

ਨੀਲਾ ਅੰਬਰ ਨੀਲੇ ਅੱਥਰੂ ਉਹ ਅੱਖ ਮਾਂ ਦੀ ਹੈ ਹੁੰਦੀ,
ਮਾਂ ਹੀ ਸਾਡੇ ਮਨਾਂ ਦੇ ਵਿੱਚ ਅੰਤ ਸਮੇਂ ਤੱਕ ਰਹਿੰਦੀ।

ਚੱਲ ਫੇਰ ਲਿਖੀਏ ਮਾਵਾਂ ਦੇ ਨਾਂ ਅਸਮਾਨਾਂ ਦੇ ਤਾਰੇ,
ਪਲਕਾਂ ਦੇ ਵਿੱਚ ਦਰਿਆ ਰੱਖਦੀ ਰੱਖਦੀ ਹੰਝੂ ਖਾਰੇ।

ਸਰਕਾਰੀ ਅਧਿਆਪਕ
ਪਿੰਡ ਤੇ ਡਾਕ- ਲੋਟੋਂ, ਤਹਿ: ਨਰਾਇਣਗੜ੍ਹ,
ਨਰਾਇਣਗੜ੍ਹ ਅੰਬਾਲਾ (ਹਰਿਆਣਾ)-134203
8685827332

# ਆਇਆ ਸਾਵਣ ਦਾ ਮਹੀਨਾ

ਡਾ. ਸਾਹਿਬ ਸਿੰਘ ਅਰਸ਼ੀ



ਪ੍ਰਕ੍ਰਿਤੀ ਨੇ ਜਿੱਥੇ ਮਨੁੱਖ ਦੇ ਸੁਹਜ ਸਵਾਦ ਲਈ ਚੰਨ, ਤਾਰੇ, ਧਰਤੀ, ਆਕਾਸ਼, ਪਾਤਾਲ ਆਦਿ ਬਣਾਏ ਹਨ ਉੱਥੇ ਇਸ ਦੇ ਨਾਲ ਹੀ ਰੁੱਤਾਂ ਵੀ ਬਣਾਈਆਂ ਹਨ ਜੋ ਨਿਰੰਤਰ ਆਪਣੀ ਚਾਲੇ ਚੱਲ ਕੇ ਕੁਦਰਤੀ ਨਜ਼ਾਰੇ ਦ੍ਰਿਸ਼ਟਮਾਨ ਕਰਦੀਆਂ ਹਨ। ਜੇ ਸਿਆਲ ਦੀ ਸ਼ਰਦ ਰੁੱਤ ਵਿਚ ਕੜਾਕੇ ਦੀ ਠੰਡ ਨੂੰ ਮਹਿਸੂਸਿਆ ਜਾਂਦਾ ਹੈ ਤਾਂ ਉਸ ਉਪਰੰਤ ਬਸੰਤ ਰੁੱਤ ਦੀ ਆਮਦ ਮੌਸਮ ਵਿਚ ਕੁਦਰਤੀ ਖੇੜਾ ਲੈ ਕੇ ਆ ਦਸਤਕ ਦਿੰਦੀ ਹੈ। ਫਿਰ ਗਰਮੀ ਦੀ ਤਪਸ਼ ਵੀ ਆਪਣਾ ਰੰਗ ਵਿਖਾਉਣ ਲਈ ਆ ਬਹੁੜਦੀ ਹੈ।

ਮਨੁੱਖ ਹਰ ਰੁੱਤ ਤੋਂ ਬਾਅਦ ਕਿਸੇ ਹੋਰ ਸੁਖਦ ਵਾਤਾਵਰਣ ਦੀ ਤਲਾਸ਼ ਕਿਆਸਦਾ ਹੈ। ਗਰਮੀ ਦੀ ਹੱਡ ਲੂਹਦੀਆਂ ਧੁੱਪਾਂ ਅਤੇ ਭੱਠੀ ਵਾਂਗ ਤਪਦਿਆਂ ਚੱਲ ਰਹੀਆਂ ਲੋਆਂ, ਮਨੁੱਖੀ ਮਨ ਨੂੰ ਅਸ਼ਾਂਤ ਕਰ ਦਿੰਦੀਆਂ ਹਨ ਤੇ ਫਿਰ ਮਨ ਕਿਸੇ ਸੁਖਾਵੇਂ ਮੌਸਮ ਲਈ ਤ੍ਰਾਂਘ ਉੱਠਦਾ ਹੈ। ਜੇਠ-ਹਾੜ ਦੀ ਅਤਿ ਦੀ ਗਰਮੀ ਤੋਂ ਰਾਹਤ ਪਾਉਣ ਲਈ ਸਾਵਣ ਦੇ ਮਹੀਨੇ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ। ਸਾਵਣ ਮਹੀਨੇ ਦੀ ਆਮਦ ਨਾਲ ਮਨੁੱਖ ਹੀ ਨਹੀਂ ਸਗੋਂ ਜੀਵ-ਜੰਤੂ ਵੀ ਇਸ ਦਾ ਅਨੰਦ ਮਾਣਨ ਲਈ ਤਰਸਦੇ ਤੇ ਉਡੀਕਵਾਨ ਹੁੰਦੇ ਹਨ। ਸਭ ਦੀਆਂ ਨਜ਼ਰਾਂ ਅਸਮਾਨ ਵਿਚ ਲਿਸ਼ਕਦੀ ਬਿਜਲੀ ਤੇ ਉਮਡਦੀਆਂ ਘਨਘੋਰ ਕਾਲੀਆਂ ਘਟਾਵਾਂ ਵੱਲ ਲੱਗ ਜਾਂਦੀਆਂ ਹਨ। ਸਾਵਣ ਮਹੀਨੇ ਦੇ ਆਉਣ ਦਾ ਸੰਕੇਤ ਮਿਲਦੇ ਹੀ ਸਭ ਦੇ ਮਨਾਂ ਵਿਚ ਮਿੱਠੀ-2 ਫੁਹਾਰ ਪੈਣ ਦੇ ਅਨੰਦ ਦਾ ਅਭਾਸ ਹੋਣ ਲੱਗਦਾ ਹੈ। ਅਜਿਹੇ ਖ਼ੁਸ਼ਗਵਾਰ ਮੌਸਮ ਵਿਚ ਮਨੁੱਖੀ ਮਨ ਆਨੰਦਿਤ ਹੋ ਉੱਠਦਾ ਹੈ। ਪ੍ਰਕ੍ਰਿਤੀ ਦਾ ਅਜਿਹਾ ਮੌਸਮ ਵਿਰਹਣੀ ਦੇ ਦਿਲਾਂ ਵਿਚ ਲਾਂਬੂ ਲਾ ਕੇ ਪ੍ਰਭੂ ਪ੍ਰੇਮ ਲਈ ਤਿਲਮਿਲਾ ਉੱਠਦਾ ਹੈ। ਗੁਰਬਾਣੀ ਵਿਚ ਇਸ ਦਾ ਵਰਣਨ ਇਸ ਪ੍ਰਕਾਰ ਹੈ :-

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥**
**(ਬਾਰਾਂਮਾਹ ਮਾਝ)**

ਜੀਵ ਰੂਪੀ ਇਸਤ੍ਰੀ ਅਜਿਹੇ ਮੌਸਮ ਵਿਚ ਪ੍ਰਭੂ ਪ੍ਰੇਮ ਦੀ ਲੋਚਾ ਕਰਦੀ ਹੈ ਅਤੇ ਵਸਲ ਪ੍ਰਾਪਤੀ ਲਈ ਅਰਜ਼ੋਈਆਂ ਕੀਤੀਆਂ ਜਾਂਦੀਆਂ ਹਨ। ਵਿਰਾਗਣ ਇਸਤ੍ਰੀ ਕੁਦਰਤ ਦੇ ਸੁਹੱਪਣ ਨੂੰ ਵੇਖ ਕੇ ਤਿਲਮਿਲਾ ਉੱਠਦੀ ਹੈ। ਅਜਿਹੀ ਪ੍ਰਸਥਿਤੀ ਦਾ ਬਿਆਨ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਸਾਵਣ ਮਾਂਹ ਦੇ ਮਹੀਨੇ ਵਿਚ ਇਸ ਪ੍ਰਕਾਰ ਕੀਤਾ ਹੈ :-

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥**
**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥**
**ਪਿਰੁ ਘਰਿ ਨਹੀ ਆਵੈ ਮਰੀਐ ਹਾਵੈ**
**ਦਾਮਨਿ ਚਮਕਿ ਡਰਾਏ ॥**
**ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥**
**(ਤੁਖਾਰੀ ਛੰਤ ਮ.1)**

ਅਧਿਆਤਮਿਕ ਭਾਵ ਵਿਚ ਆਤਮਾ-ਪ੍ਰਮਾਤਮਾ ਨਾਲ ਮਿਲਾਪ ਕਰਨਾ ਲੋਚਦੀ ਹੈ ਤੇ ਅਜਿਹੇ ਮੌਸਮ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਂਦਾ ਅਤੇ ਯਾਦ ਕੀਤਾ ਜਾਂਦਾ ਹੈ :-

**ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥**
**(ਸ੍ਰੀ ਗੁਰੂ ਨਾਨਕ ਦੇਵ ਜੀ)**

ਵਾਸਤਵ ਵਿੱਚ ਸਾਵਣ ਦਾ ਮਹੀਨਾ ਖ਼ੁਸ਼ੀਆਂ ਦਾ ਪ੍ਰਤੀਕ ਹੈ। ਇਸ ਮਹੀਨੇ ਲੂੰਹਦੀ ਗਰਮੀ ਨੂੰ ਤਿਲਾਂਜਲੀ ਦੇ ਕੇ ਸੁਖਾਵੇਂ ਮੌਸਮ ਨੂੰ ਮਹਿਸੂਸਿਆ ਜਾਂਦਾ ਹੈ। ਕਵੀ ਚਾਤ੍ਰਿਕ ਦਾ ਸਾਵਣ ਮਹੀਨੇ ਦਾ ਬਿਆਨ ਇਸ ਪ੍ਰਕਾਰ ਹੈ :-

**ਸਾਉਣ ਮਾਂਹ ਝੜੀਆਂ ਗਰਮੀ ਝਾੜ ਸੁੱਟੀ,**
**ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ ।**
**ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ,**
**ਨਦੀਆਂ ਨਾਲਿਆਂ ਜੂਹਾਂ ਹੁੰਗਾਲੀਆਂ ਨੇ।**

ਨਿਰੰਤਰ ਵਰਖਾ ਪੈਣ ਨਾਲ ਨਦੀਆਂ-ਨਾਲਿਆਂ ਵਿਚ ਉਫਾਨ ਆ ਜਾਂਦਾ ਹੈ ਤੇ ਸਭ ਪਾਸੇ ਜਲ-ਥਲ ਹੋ ਜਾਂਦੀ ਹੈ। ਡੱਡੂਆਂ ਦੀ ਟਰੈਂ-ਟਰੈਂ ਅਤੇ ਮੋਰਾਂ ਦਾ ਬੱਦਲਾਂ ਨੂੰ ਵੇਖ ਕੇ ਪੈਲਾਂ ਪਾਉਣਾ ਮਨਮੋਹਕ ਦ੍ਰਿਸ਼ ਸਿਰਜਦਾ ਹੈ। ਸਾਵਣ ਦੇ ਮਹੀਨੇ ਵਿਚ ਪੈਂਦੀ ਨਿੱਕੀਆਂ-ਨਿੱਕੀਆਂ ਕਣੀਆਂ ਦੀ ਫੁਹਾਰ ਮਨਾਂ ਵਿਚ ਸੰਗੀਤਕ ਲੈ ਉਪਜਾਉਂਦੀ ਹੈ। ਮਨੁੱਖੀ ਮਨ ਖੇੜੇ ਵਿਚ ਆ ਜਾਂਦਾ ਹੈ ਅਤੇ ਪ੍ਰਕ੍ਰਿਤੀ ਦੇ ਇਸ ਮੌਸਮ ਦਾ ਅਨੰਦ ਲੈਣ

ਲਈ ਤ੍ਰਾਂਘ ਉੱਠਦਾ ਹੈ। ਸਾਵਣ ਦੇ ਮਹੀਨੇ ਵਿਆਹੀਆਂ ਕੁੜੀਆਂ ਪੇਕੇ ਆ ਜਾਂਦੀਆਂ ਹਨ ਅਤੇ ਜੋ ਨਹੀਂ ਆ ਸਕਦੀਆਂ ਪੇਕਿਆਂ ਵੱਲੋਂ ਉਨ੍ਹਾਂ ਨੂੰ ਸੰਧਾਰਾ ਭੇਜਿਆ ਜਾਂਦਾ ਹੈ। ਭੈਣਾਂ ਵੱਲੋਂ ਆਪਣੇ ਭਰਾ ਦਾ ਸੰਧਾਰਾ ਲੈ ਕੇ ਆਉਣ ਦਾ ਇੰਤਜ਼ਾਰ ਕੀਤਾ ਜਾਂਦਾ ਹੈ। ਇਸ ਮਹੀਨੇ ਤੀਜਾਂ ਦਾ ਤਿਉਹਾਰ ਵਿਸ਼ੇਸ਼ ਤੌਰ ’ਤੇ ਮਨਾਇਆ ਜਾਂਦਾ ਹੈ। ਕੁੜੀਆਂ ਇਸ ਤਿਉਹਾਰ ਨੂੰ ਮਨਾਉਣ ਲਈ ਨਵੇਂ-ਨਵੇਂ ਕੱਪੜੇ ਪਾਉਂਦੀਆਂ ਹਨ ਅਤੇ ਹੱਥਾਂ-ਪੈਰਾਂ ਨੂੰ ਮਹਿੰਦੀ ਲਗਾਈ ਜਾਂਦੀ ਹੈ। ਸਜ-ਫਬ ਕੇ ਸਾਰੀਆਂ ਸਹੇਲੀਆਂ ਇਕੱਠੀਆਂ ਹੋ ਕੇ ਪਿੰਡ ਦੀ ਜੂਹ ਜਾਂ ਸ਼ਹਿਰ ਦੀ ਕਿਸੇ ਖ਼ਾਲੀ ਥਾਂ ’ਤੇ ਜਾ ਕੇ ਇਕੱਠੇ ਹੋ ਕੇ ਗਿੱਧਾ ਪਾਉਂਦੀਆਂ ਹਨ। ਜਵਾਨੀ ਦੇ ਜੋਸ਼ ਵਿਚ ਨੱਚ-ਨੱਚ ਕੇ ਬੇਹਾਲ ਹੋਇਆ ਜਾਂਦਾ ਹੈ। ਪਿੱਪਲੀ ਪੀਂਘਾਂ ਪਾਈਆਂ ਜਾਂਦੀਆਂ ਹਨ ਤੇ ਇੱਕ ਦੂਸਰੀ ਨਾਲ ਉੱਚੀ ਪੀਂਘ ਚੜ੍ਹਾਉਣ ਦਾ ਮੁਕਾਬਲਾ ਕੀਤਾ ਜਾਂਦਾ ਹੈ ਤੇ ਨਾਲੇ ਇਹ ਗੀਤ ਗਾਇਆ ਜਾਂਦਾ ਹੈ :-

**ਸਾਉਣ ਮਹੀਨੇ ਦਿਨ ਗਿੱਧੇ ਦੇ,**
**ਪਿੱਪਲੀ ਪੀਂਘਾਂ ਪਾਈਆਂ।**
**ਭਿੱਜ ਗਈ ਰੂਹ ਮਿੱਤਰਾ,**
**ਸਭੇ ਸਹੇਲੀਆਂ ਆਈਆਂ।**

ਇਸ ਮਹੀਨੇ ਘਰਾਂ ਵਿਚ ਖੀਰ-ਪੂੜੇ ਬਣਾਏ ਜਾਂਦੇ ਹਨ ਤੇ ਸਾਰੇ ਮਿਲ ਕੇ ਰੱਜ-ਰੱਜ ਕੇ ਖਾਂਦੇ ਹਨ। ਕਵੀ ਦੇ ਸ਼ਬਦਾਂ ਵਿਚ ਵਰਣਨ ਇਸ ਪ੍ਰਕਾਰ ਹੈ :-

**ਪੇਕੀਂ ਬੈਠੀਆਂ ਤਾਈਂ ਤਿਹਾਰ ਆਏ,**
**ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ।**
**ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ,**
**ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ।**
**ਖੀਰਾਂ ਰਿੱਝੀਆਂ ਪੂੜਿਆਂ ਡੰਡ ਲਾਹੀ,**
**ਕੁੜੀਆਂ ਵਹੁਟੀਆਂ ਨੇ ਪੀਂਘਾਂ ਪਾਈਆਂ ਨੇ।**

ਵਾਸਤਵ ਵਿਚ ਸਾਵਣ ਮਾਂਹ ਨੂੰ ਗੀਤਾਂ ਦਾ ਮਹੀਨਾ ਕਿਹਾ ਜਾਵੇ ਤਾਂ ਇਸ ਵਿਚ ਅਤਿਕਥਨੀ ਨਹੀਂ ਹੋਵੇਗੀ। ਗਿੱਧੇ ਦੀ ਇੱਕ ਲੋਕ ਬੋਲੀ ਵਿਚ ਪੇਸ਼ ਝਲਕ ਇਸ ਪ੍ਰਕਾਰ ਹੈ :-

**ਸਾਵੀ ਚੁੰਨੀ ਵਾਲੀ ਕੁੜੀਏ ,**
**ਆਈ ਏਂ ਗਿੱਧੇ ਵਿਚ ਬਣ ਕੇ।**
**ਨੀ ਕੰਨੀ ਤੇਰੇ ਝੁਮਕੇ ਸੋਂਹਦੇ,**
**ਗਲ ਕੈਂਠੀ ਦੇ ਮਣਕੇ।**
**ਨੀ ਤੀਲੀ ਤੇਰੀ ਨੇ ਮੁਲਕ ਮੋਹ ਲਿਆ,**
**ਬਾਹੀਂ ਚੂੜਾ ਛਣਕੇ।**
**ਫੇਰ ਕਦ ਨੱਚੇਂਗੀ,**
**ਨੱਚ ਲੈ ਪਟੋਲਾ ਬਣਕੇ।**

ਇਸ ਨਾਲ ਸੰਬੰਧਿਤ ਗੀਤਾਂ ਵਿਚ ਵਿਯੋਗ ਅਤੇ ਸੰਯੋਗ ਦੇ ਗੀਤਾਂ ਦੀ ਭਰਮਾਰ ਵੇਖਣ ਵਿਚ ਆਉਂਦੀ ਹੈ। ਇਸਤ੍ਰੀ ਦੇ ਦਿਲ ਦੀ ਵੇਦਣ ਨੂੰ ਪ੍ਰਗਟਾਉਂਦੀਆਂ ਪੰਕਤੀਆਂ ਇਸ ਪ੍ਰਕਾਰ ਹਨ :-

**ਸਾਵਣ ਮੋਰ ਪਪੀਹੇ ਕੂਕਣ,**
**ਸਖੀਆਂ ਪੀਂਘਾਂ ਪਾਈਆਂ ।**
**ਤੱਕਦੀ ਰਾਹ ਮਾਹੀ ਦਾ ਥੱਕ ਗਈ,**
**ਨੈਣਾਂ ਝੜੀਆਂ ਲਾਈਆਂ।**

ਇੱਕ ਪਾਸੇ ਕੁਦਰਤ ਮਨੁੱਖ ਨੂੰ ਖੇੜਾ ਦਿੰਦੀ ਪ੍ਰਤੀਤ ਹੁੰਦੀ ਹੈ, ਦੂਸਰੇ ਪਾਸੇ ਮਨੁੱਖ ਪ੍ਰਕ੍ਰਿਤੀ ਦੇ ਇਸ ਅਨੰਦ ਤੋਂ ਵਾਂਝਿਆਂ ਹੋ ਰਿਹਾ ਵੇਖਿਆ ਜਾ ਸਕਦਾ ਹੈ। ਪੱਛਮੀ ਸਭਿਅਤਾ ਦੀ ਹੋੜ ਅਤੇ ਆਪਣੇ ਸਭਿਆਚਾਰ ਤੋਂ ਦੂਰ ਹੋਣ ਦੇ ਸੰਕੇਤ ਮਿਲ ਰਹੇ ਹਨ। ਹੁਣ ਪਿੰਡਾਂ ਦੀਆਂ ਜੂਹਾਂ ਵਿਚ ਕੁੜੀਆਂ ਦੇ ਤ੍ਰਿੰਜਣ ਘੱਟ ਹੀ ਵੇਖਣ ਵਿੱਚ ਆਉਂਦੇ ਹਨ। ਹੁਣ ਸਾਵਣ ਮਹੀਨੇ ਦੀਆਂ ਫੁਹਾਰਾਂ ਨੂੰ ਮਾਣਨ ਦਾ ਕਿਸੇ ਕੋਲ ਵਿਹਲ ਹੀ ਨਹੀਂ ਜਾਪਦਾ। ਮਾਇਕ ਹੋੜ ਨੇ ਵੀ ਸਾਡੀ ਵਿਰਾਸਤ ਤੇ ਸਭਿਆਚਾਰ ਨੂੰ ਗੰਭੀਰ ਸੱਟ ਮਾਰੀ ਹੈ। ਇਸ ਇਕੱਲ ਵੰਝ ਦੀ ਹੋੜ ਨੇ ਜਿੱਥੇ ਸਾਂਝਾਂ ਵਿਚ ਤਰੇੜ ਪਾਈ ਹੈ ਉੱਥੇ ਹੁਣ ਨਾ ਤਾਂ ਤੀਆਂ ਦਾ ਇਕੱਠ ਵੇਖਣ ਨੂੰ ਮਿਲਦਾ ਹੈ ਤੇ ਨਾ ਹੀ ਪਿੱਪਲੀ ਪੀਂਘਾਂ ਪੈਂਦੀਆਂ ਹਨ। ਪਿੱਪਲ ਵੀ ਕੁੜੀਆਂ ਦੇ ਇਸ ਪਿਆਰ ਤੋਂ ਵਾਂਝੇ ਤੇ ਉਦਾਸ ਜਾਪਦੇ ਹਨ। ਮੁਟਿਆਰਾਂ ਦਾ ਨੱਚਣਾ, ਇਕੱਠ ਵਿਚ ਗਿੱਧਾ ਪਾ ਕੇ ਤਿਉਹਾਰ ਮਨਾਉਣਾ ਦੂਰ ਦੀ ਗੱਲ ਹੁੰਦੀ ਜਾ ਰਹੀ ਹੈ। ਸਾਵਣ ਮਾਂਹ ਦੇ ਖ਼ਤਮ ਹੁੰਦਿਆਂ ਹੀ ਵਿਆਹੀਆਂ ਕੁੜੀਆਂ ਉਦਾਸੇ ਮਨ ਨਾਲ ਸਹੁਰੇ ਘਰ ਪਰਤ ਜਾਂਦੀਆਂ ਹਨ ਤੇ ਫਿਰ ਸਾਵਣ ਮਾਂਹ ਦੀ ਉਡੀਕ ਵਿਚ ਗਾ ਉੱਠਦੀਆਂ ਹਨ :-


**ਸਾਵਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।**

ਲੋੜ ਹੈ, ਵਿਰਸੇ ਦੇ ਸੰਭਾਲ ਦੀ ਤੇ ਆਪਣੇ ਸਭਿਆਚਾਰ ਪ੍ਰਤੀ ਜਾਗਰੂਕ ਹੋਣ ਦੀ। ਇਸ ਦੀ ਸੰਭਾਲ ਕਰਕੇ ਹੀ ਅਸੀਂ ਜੀਵਨ ਵਿਚ ਖ਼ੁਸ਼ੀਆਂ ਤੇ ਖੇੜਾ ਲਿਆ ਕੇ ਸਾਵਣ ਦੀ ਫੁਹਾਰ ਦਾ ਆਨੰਦ ਮਾਣ ਸਕਦੇ ਹਾਂ ।

ਡਾਇਰੈਕਟਰ (ਰਿਟਾ.)
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
(ਹਰਿਆਣਾ ਸਰਕਾਰ)
5707, ਸੈਕਟਰ 13, ਚੰਡੀਗੜ੍ਹ।
9463327557

# ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸਨ ਜੀ

ਡਾ. ਰਣਜੀਤ ਸਿੰਘ



ਗੁਰੂ ਨਾਨਕ ਸਾਹਿਬ ਦੀ ਗੱਦੀ ਉੱਤੇ ਬੈਠਣ ਲਈ ਉਮਰ ਨਹੀਂ ਸਗੋਂ ਕਰਮ ਵੇਖੇ ਜਾਂਦੇ ਹਨ। ਜਿੱਥੇ ਤੀਜੇ ਸਤਿਗੁਰੂ ਅਮਰ ਦਾਸ ਜੀ 72 ਵਰ੍ਹਿਆਂ ਦੀ ਉਮਰ ਵਿਚ ਗੁਰਗੱਦੀ ਉੱਤੇ ਬੈਠੇ ਉੱਥੇ ਅੱਠਵੇਂ ਸਤਿਗੁਰੂ ਹਰਿਕ੍ਰਿਸਨ ਜੀ ਕੇਵਲ ਪੰਜ ਵਰ੍ਹਿਆਂ ਦੀ ਉਮਰ ਵਿਚ ਗੁਰਗੱਦੀ ਉੱਤੇ ਬੈਠੇ। ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਜੀ ਗੁਰਗੱਦੀ ਉੱਤੇ ਬੈਠਣ ਵਾਲੇ ਸਭ ਤੋਂ ਘੱਟ ਉਮਰ ਅਤੇ ਸਭ ਤੋਂ ਘੱਟ ਸਮੇਂ ਤੀਕ ਗੁਰਗੱਦੀ ਉੱਤੇ ਰਹਿਣ ਵਾਲੇ ਗੁਰੂ ਸਾਹਿਬਾਨ ਹੋਏ ਹਨ। ਸੱਤਵੇਂ ਸਤਿਗੁਰੂ ਹਰਿਰਾਇ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਗੁਰਬਾਣੀ ਵਿਚ ਇਕ ਸ਼ਬਦ ਦੀ ਤਬਦੀਲੀ ਕਰਨ ਬਦਲੇ ਕੇਵਲ ਗੁਰਗੱਦੀ ਤੋਂ ਹੀ ਵਾਂਝਾ ਨਹੀਂ ਕੀਤਾ ਸਗੋਂ ਸਿੱਖੀ ਵਿਚੋਂ ਵੀ ਖ਼ਾਰਜ ਕਰ ਦਿੱਤਾ ਸੀ। ਇਸ ਕਰਕੇ ਉਨ੍ਹਾਂ ਨੇ ਆਪਣੇ ਛੋਟੇ ਪੁੱਤਰ ਸ੍ਰੀ ਹਰਿਕ੍ਰਿਸਨ ਸਾਹਿਬ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰਨ ਦਾ ਮਨ ਬਣਾਇਆ। ਸ੍ਰੀ ਹਰਿਕ੍ਰਿਸਨ ਜੀ ਕੇਵਲ ਪੰਜ ਸਾਲ ਤੇ ਤਿੰਨ ਕੁ ਮਹੀਨੇ ਦੇ ਸਨ ਜਦੋਂ ਗੁਰੂ ਪਿਤਾ ਹਰਿਰਾਇ ਸਾਹਿਬ ਨੇ ਗੁਰਗੱਦੀ ਦੀ ਬਖਸ਼ਿਸ਼ ਕੀਤੀ। ਇਸੇ ਕਰਕੇ ਗੁਰੂ ਹਰਿਕ੍ਰਿਸਨ ਸਾਹਿਬ ਨੂੰ ਬਾਲਾ ਪ੍ਰੀਤਮ ਆਖਿਆ ਜਾਂਦਾ ਹੈ। ਆਪ ਜੀ ਦਾ ਜਨਮ ਗੁਰੂ ਹਰਿਰਾਇ ਸਾਹਿਬ ਦੇ ਘਰ 7 ਜੁਲਾਈ, 1656 ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਮਾਤਾ ਸੁਲੱਖਣੀ ਸੀ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਗੁਰੂ ਨਾਨਕ ਦੀ ਗੱਦੀ ਉੱਤੇ ਬੈਠਣ ਲਈ ਉਮਰ ਨਹੀਂ ਸਗੋਂ ਗੁਣਾਂ ਦੀ ਪਰਖ ਦੇਣੀ ਪੈਂਦੀ ਹੈ।

ਗੁਰੂ ਸਾਹਿਬ ਨੂੰ ਗੱਦੀ ਉੱਤੇ ਬੈਠਦਿਆਂ ਹੀ ਆਪਣੇ ਵੱਡੇ ਭਰਾ ਰਾਮ ਰਾਏ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਜਿਸ ਨੂੰ ਸਰਕਾਰੀ ਹਿਮਾਇਤ ਪ੍ਰਾਪਤ ਸੀ ਪਰ ਗੁਰੂ ਜੀ ਨੇ ਜਿਸ ਸੁਚੱਜੇ ਢੰਗ ਨਾਲ ਸਿੱਖੀ ਲਹਿਰ ਦੀ ਅਗਵਾਈ ਕੀਤੀ ਇਹ ਆਪਣੇ ਆਪ ਵਿਚ ਇਕ ਮਿਸਾਲ ਹੈ। ਆਪ ਜੀ ਨੇ ਗੁਰੂ ਪਿਤਾ ਵੱਲੋਂ ਸਥਾਪਿਤ ਕੀਤੀ ਮਰਯਾਦਾ ਨੂੰ ਕਾਇਮ ਰੱਖਿਆ। ਜਦੋਂ ਉਹ ਸੰਗਤ ਨੂੰ ਉਪਦੇਸ਼ ਦਿੰਦੇ ਸਨ ਤਾਂ ਇੰਝ ਨਹੀਂ ਸੀ ਲੱਗਦਾ ਕਿ ਇਕ ਪੰਜ ਸਾਲ ਦਾ ਬੱਚਾ ਉਪਦੇਸ਼ ਦੇ ਰਿਹਾ ਹੈ ਸਗੋਂ ਇਕ ਸੰਪੂਰਨ ਗੁਰੂ ਦੇ ਬੋਲਾਂ ਦਾ ਲਿਸ਼ਕਾਰਾ ਪੈਂਦਾ ਸੀ। ਆਪ ਜੀ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਸਨ ਜਿਹੜੀ ਹਨੇਰੇ ਨੂੰ ਮਿੱਠੇ-ਮਿੱਠੇ ਚਾਨਣ ਨਾਲ ਦੂਰ ਕਰਦੀ ਹੈ ਅਤੇ ਆਪਣੀਆਂ ਕਿਰਨਾਂ ਦਾ ਨਿੱਘ ਵੀ ਦਿੰਦੀ ਹੈ। ਗੁਰਬਾਣੀ ਉੱਤੇ ਆਪ ਜੀ ਦੀ ਪਕੜ ਬੇਮਿਸਾਲ ਸੀ। ਗੁਰੂ ਜੀ ਸੰਗਤ ਦੇ ਭਰਮ-ਭੁਲੇਖੇ ਦੂਰ ਕਰਦੇ ਸਨ। ਧਰਮ ਪ੍ਰਚਾਰ ਲਈ ਆਪਣੇ ਪਿਤਾ ਜੀ ਵਾਂਗ ਉਨ੍ਹਾਂ ਨੇ ਪ੍ਰਚਾਰਕ ਦੂਰ ਦੁਰਾਡੇ ਭੇਜੇ। ਰਾਮ ਰਾਇ ਦੀ ਸ਼ਹਿ ਉੱਤੇ ਗੁਰੂ ਘਰ ਦੇ ਮਸੰਦ ਧਰਮ ਪ੍ਰਚਾਰ ਕਰਨ ਦੀ ਥਾਂ ਆਪਣੇ ਭੋਗ ਵਿਲਾਸ ਲਈ ਮਾਇਆ ਇਕੱਠੀ ਕਰਨ ਲੱਗ ਪਏ ਸਨ। ਆਪ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਹੁਣ ਕੋਈ ਮਸੰਦ ਨਹੀਂ ਹੈ। ਉਨ੍ਹਾਂ ਨੂੰ ਕੋਈ ਵੀ ਭੇਟਾ ਨਾ ਦਿੱਤੀ ਜਾਵੇ। ਇਸ ਹੁਕਮ ਨਾਲ ਸਿੱਖੀ ਵਿਚ ਸੰਭਾਵੀ ਹੋਣ ਵਾਲੇ ਨਿਘਾਰ ਨੂੰ ਰੋਕਿਆ ਗਿਆ। ਗੁਰੂ ਸਾਹਿਬ ਦੇ ਬਚਨਾਂ ਨੇ ਸਿੱਖੀ ਨੂੰ ਹੋਰ ਚੜ੍ਹਦੀ ਕਲਾ ਦੀ ਬਖਸ਼ਿਸ਼ ਕੀਤੀ। ਸੰਗਤ ਨੂੰ ਗੁਰੂ ਸਾਹਿਬ ਦੇ ਸ਼ਬਦਾਂ ਦੀ ਸ਼ਕਤੀ, ਕਰਮਾਂ ਦੀ ਸਦਾਚਾਰਕਤਾ ਅਤੇ ਅਮਲ ਦੀ ਉੱਚਮਤਾ ਨਾਲ ਆਪਣੇ ਗੁਰੂ 'ਤੇ ਪੂਰਨ ਭਰੋਸਾ ਹੋ ਗਿਆ ਤੇ ਉਹ ਉਨ੍ਹਾਂ ਦੇ ਬਾਲਾ ਪ੍ਰੀਤਮ ਬਣ ਗਏ। ਜਿਸ ਦ੍ਰਿੜਤਾ ਨਾਲ ਆਪ ਜੀ ਨੇ ਮਸੰਦਾਂ ਨੂੰ ਕਾਬੂ ਕੀਤਾ, ਉਸੇ ਦ੍ਰਿੜਤਾ ਨਾਲ ਆਪ ਜੀ ਨੇ ਸੰਗਤ ਨੂੰ ਕੁੜੀ ਮਾਰਨ ਤੋਂ ਤੋਬਾ ਕਰਨ ਦਾ ਹੁਕਮ ਕੀਤਾ।

ਰਾਮ ਰਾਇ ਦੀਆਂ ਸੰਗਤਾਂ ਨੂੰ ਆਪਣੇ ਨਾਲ ਜੋੜਨ

ਦੀਆਂ ਜਦੋਂ ਸਾਰੀਆਂ ਸਕੀਮਾਂ ਸਫ਼ਲ ਨਾ ਹੋ ਸਕੀਆਂ ਤਾਂ ਉਹ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤ ਕਰਨ ਜਾ ਪਹੁੰਚਿਆ। ਬਾਦਸ਼ਾਹ ਤਾਂ ਮੌਕੇ ਦੀ ਭਾਲ ਵਿਚ ਹੀ ਸੀ ਕਿਉਂਕਿ ਉਸ ਨੂੰ ਯਕੀਨ ਸੀ ਕਿ ਗੁਰੂ ਦੇ ਸਿੱਖਾਂ ਨੂੰ ਇਸਲਾਮ ਧਾਰਨ ਕਰਨ ਲਈ ਕਿਸੇ ਵੀ ਢੰਗ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ। ਉਸ ਸੋਚਿਆ ਕਿ ਬਾਲ ਗੁਰੂ ਨੂੰ ਲਾਲਚ ਦੇ ਕੇ ਆਪਣੇ ਵੱਲ ਕੀਤਾ ਜਾ ਸਕਦਾ ਹੈ। ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਫ਼ੈਸਲਾ ਕਰ ਲਿਆ। ਉਹ ਇਹ ਪਤਾ ਨਹੀਂ ਲੱਗਣ ਦੇਣਾ ਚਾਹੁੰਦਾ ਸੀ ਕਿ ਉਸ ਦੇ ਮਨ ਵਿਚ ਖੋਟ ਹੈ, ਇਸ ਕਰਕੇ ਉਸ ਨੇ ਰਾਜਾ ਜੈ ਸਿੰਘ ਨੂੰ ਬੁਲਾ ਕੇ ਹੁਕਮ ਕੀਤਾ ਕਿ ਮੈਂ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੂੰ ਇੱਜ਼ਤ-ਮਾਣ ਨਾਲ ਦਿੱਲੀ ਲਿਆਂਦਾ ਜਾਵੇ। ਜਦੋਂ ਗੁਰੂ ਜੀ ਦੇ ਦਿੱਲੀ ਆਉਣ ਦੀ ਖ਼ਬਰ ਸੰਗਤ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਉਨ੍ਹਾਂ ਰਾਜਾ ਜੈ ਸਿੰਘ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਸਾਡੀ ਬੇਨਤੀ ਵੀ ਦੱਸੀ ਜਾਵੇ ਅਸੀਂ ਬਾਲਾ ਪ੍ਰੀਤਮ ਦੇ ਦਰਸ਼ਨ ਲਈ ਬਿਹਬਲ ਹੋ ਰਹੇ ਹਾਂ।

ਜਦੋਂ ਇਹ ਸੱਦਾ ਗੁਰੂ ਜੀ ਕੋਲ ਪੁੱਜਾ ਤਾਂ ਉਨ੍ਹਾਂ ਇਸ ਸੰਬੰਧੀ ਵਿਚਾਰ ਕੀਤੀ। ਸੱਦਾ ਪੱਤਰ ਲੈ ਕੇ ਆਏ ਅਧਿਕਾਰੀ ਨੂੰ ਗੁਰੂ ਜੀ ਨੇ ਆਖਿਆ ਕਿ ਮੈਂ ਬਾਦਸ਼ਾਹ ਦੇ ਮੱਥੇ ਨਾ ਲੱਗਣ ਦਾ ਫ਼ੈਸਲਾ ਕਰ ਚੁੱਕਾ ਹਾਂ, ਪਰ ਜੇਕਰ ਸੰਗਤ ਦੀ ਇੱਛਾ ਹੈ ਤਾਂ ਮੈਂ ਸੰਗਤ ਨੂੰ ਦਰਸ਼ਨ ਦੇਣ ਜ਼ਰੂਰ ਦਿੱਲੀ ਜਾਵਾਂਗਾ। ਅਧਿਕਾਰੀ ਮੁੜ ਰਾਜਾ ਜੈ ਸਿੰਘ ਕੋਲ ਗਿਆ। ਜੈ ਸਿੰਘ ਆਪ ਗੁਰੂ ਜੀ ਦੇ ਦਰਸ਼ਨਾਂ ਲਈ ਬਿਹਬਲ ਸੀ। ਉਸ ਉੱਤਰ ਭੇਜਿਆ ਕਿ ਗੁਰੂ ਜੀ ਤੁਹਾਡਾ ਬਾਦਸ਼ਾਹ ਨੂੰ ਮਿਲਣਾ ਜ਼ਰੂਰੀ ਨਹੀਂ ਹੈ। ਤੁਸੀਂ ਸੰਗਤ ਨੂੰ ਦਰਸ਼ਨ ਦੇਣ ਜ਼ਰੂਰ ਆਵੋ। ਗੁਰੂ ਜੀ ਨੇ ਸੋਚ ਵਿਚਾਰ ਕੇ ਦਿੱਲੀ ਜਾਣ ਦਾ ਫ਼ੈਸਲਾ ਕੀਤਾ। ਬਹੁਤ ਸਾਰੀ ਸੰਗਤ ਉਨ੍ਹਾਂ ਦੇ ਨਾਲ ਤੁਰ ਪਈ ਤੇ ਰਾਹ ਵਿਚ ਹੋਰ ਸੰਗਤ ਜੁੜਦੀ ਗਈ। ਜਦੋਂ ਗੁਰੂ ਜੀ ਪੰਜੋਖਰਾ ਪਿੰਡ ਪੁੱਜੇ ਤਾਂ ਆਪ ਨੇ ਸੰਗਤ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ। ਆਪ ਜੀ ਨੇ ਉੱਥੇ ਇਕ ਲਕੀਰ ਖਿੱਚ ਦਿੱਤੀ ਕਿ ਇਸ ਤੋਂ ਅੱਗੇ ਕੋਈ ਸਿੱਖ ਨਹੀਂ ਜਾਵੇਗਾ। ਇੱਥੇ ਖਲੋਅ ਕੇ ਅਰਦਾਸ ਕੀਤਿਆਂ ਮੇਰੇ ਦਰਸ਼ਨ ਹੋ ਸਕਣਗੇ। ਆਪਣੇ ਕੁਝ ਪ੍ਰਚਾਰਕਾਂ ਨੂੰ ਵੀ ਉੱਥੇ ਰਹਿਣ ਲਈ ਆਖਿਆ ਤਾਂ ਜੋ ਉਹ ਸੰਗਤ ਨੂੰ ਗੁਰਬਾਣੀ ਨਾਲ ਜੋੜਨ ਦਾ ਕਾਰਜ ਕਰਨ। ਇਸੇ ਥਾਂ ਹੀ ਗੁਰੂ ਜੀ ਨੇ ਇਕ ਅਨਪੜ੍ਹ ਪੇਂਡੂ ਤੋਂ ਗੀਤਾ ਦੇ ਅਰਥ ਕਰਵਾ ਕੇ ਹੰਕਾਰੀ ਪੰਡਿਤ ਦਾ ਹੰਕਾਰ ਤੋੜਿਆ, ਜਿਹੜਾ ਮੁੜ ਗੁਰੂ ਜੀ ਦਾ ਪੱਕਾ ਸਿੱਖ ਬਣਿਆ। ਗੁਰੂ ਜੀ ਜਦੋਂ ਦਿੱਲੀ ਪੁੱਜੇ ਤਾਂ ਰਾਜਾ ਜੈ ਸਿੰਘ ਨੇ ਨੰਗੀ ਪੈਰੀਂ ਆ ਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਆਪਣੇ ਮਹਿਲ ਵਿਚ ਠਹਿਰਾਇਆ। ਦਿੱਲੀ ਦੀ ਸੰਗਤ ਗੁਰੂ ਜੀ ਦੇ ਆਗਮਨ ਦੀ ਖ਼ਬਰ ਸੁਣ ਕੇ ਵਹੀਰਾਂ ਘੱਤ ਆਪਣੇ ਬਾਲਾ ਪ੍ਰੀਤਮ ਦੇ ਦਰਸ਼ਨਾਂ ਨੂੰ ਆਉਣ ਲੱਗ ਪਈ। ਬਾਦਸ਼ਾਹ ਨੇ ਗੁਰੂ ਲਈ ਕੀਮਤੀ ਤੋਹਫ਼ੇ ਭੇਜੇ ਅਤੇ ਦਰਸ਼ਨ ਕਰਨ ਦੀ ਇੱਛਾ ਜ਼ਾਹਿਰ ਕੀਤੀ। ਗੁਰੂ ਜੀ ਨੇ ਉੱਤਰ ਭੇਜਿਆ, "ਮੇਰਾ ਵੱਡਾ ਭਰਾ ਤੁਹਾਡੇ ਕੋਲ ਹੈ। ਰਾਜਸੀ ਵਿਚਾਰ ਤੇ ਕਾਰੋਬਾਰ ਉਹ ਹੀ ਕਰਦਾ ਹੈ। ਮੇਰਾ ਕਾਰਜ ਸੱਚੇ ਨਾਮ ਦਾ ਉਪਦੇਸ਼ ਦੇਣਾ ਹੈ। ਰਾਮ ਰਾਏ ਪਹਿਲਾਂ ਹੀ ਮੇਰਾ ਵਿਰੋਧੀ ਹੈ, ਜੇਕਰ ਮੈਂ ਤੁਹਾਡੇ ਕੋਲ ਆਇਆ ਤਾਂ ਉਹ ਹੋਰ ਵਿਰੋਧੀ ਹੋ ਜਾਵੇਗਾ। ਮੈਂ ਨਹੀਂ ਚਾਹੁੰਦਾ ਸਾਡੀ ਦੁਸ਼ਮਣੀ ਵਿਚ ਹੋਰ ਵਾਧਾ ਹੋਵੇ। ਇਸੇ ਕਰਕੇ ਮੈਂ ਤੁਹਾਨੂੰ ਨਾ ਮਿਲਣ ਦਾ ਫ਼ੈਸਲਾ ਕੀਤਾ ਹੋਇਆ ਹੈ।" ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਗੁਰੂ ਜੀ ਕੋਲ ਜ਼ਰੂਰ ਕੋਈ ਦੈਵੀ ਸ਼ਕਤੀ ਹੈ ਤੇ ਉਹ ਦਰਸ਼ਨਾਂ ਲਈ ਹੋਰ ਵੀ ਉਤਾਵਲਾ ਹੋ ਗਿਆ।

ਆਖਦੇ ਨੇ ਬਾਦਸ਼ਾਹ ਨੇ ਆਪਣੇ ਬੇਟੇ ਨੂੰ ਗੁਰੂ ਜੀ ਕੋਲ ਭੇਜਿਆ। ਪਰ ਗੁਰੂ ਜੀ ਨੇ ਉਸ ਨਾਲ ਵੀ ਜਾਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ ਜੇਕਰ ਬਾਦਸ਼ਾਹ ਸਾਥੋਂ ਉਪਦੇਸ਼ ਲੈਣਾ ਚਾਹੁੰਦਾ ਹੈ ਤਾਂ ਤੁਸੀਂ ਹੀ ਸਾਡਾ ਸੰਦੇਸ਼ ਲਿਖ ਕੇ ਲੈ ਜਾਵੋ। ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਦਾ ਇਹ ਸ਼ਬਦ ਰਾਜ ਕੁਮਾਰ ਨੂੰ ਲਿਖਵਾਇਆ:

**ਕਿਆ ਖਾਧੈ ਕਿਆ ਪੈਧੈ ਹੋਇ॥**
**ਜਾ ਮਨਿ ਨਾਹੀ ਸਚਾ ਸੋਇ॥ (ਅੰਗ 142)**

ਰਾਜਾ ਜੈ ਸਿੰਘ ਤਾਂ ਗੁਰੂ ਜੀ ਦੇ ਰੱਬੀ ਜੋਤ ਹੋਣ ਦਾ ਕਾਇਲ ਸੀ ਪਰ ਫਿਰ ਵੀ ਉਸ ਬਾਦਸ਼ਾਹ ਦੇ ਕਹਿਣ ’ਤੇ

ਗੁਰੂ ਜੀ ਦੀ ਪਰਖ ਕੀਤੀ। ਗੁਰੂ ਜੀ ਜਾਣੀ ਜਾਣ ਸਨ। ਉਨ੍ਹਾਂ ਰਾਜੇ ਨੂੰ ਸਮਝਾਇਆ, ਗੁਰੂ ਦੀ ਕ੍ਰਿਪਾ ਉਨ੍ਹਾਂ ਉੱਤੇ ਹੀ ਹੁੰਦੀ ਹੈ ਜਿਹੜੇ ਅਟੁੱਟ ਸ਼ਰਧਾ ਰੱਖਦੇ ਹਨ। ਰਾਜਾ ਜੈ ਸਿੰਘ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਗੁਰੂ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ।

ਉਦੋਂ ਹੀ ਦਿੱਲੀ ਵਿਚ ਪਲੇਗ ਫੈਲ ਗਈ। ਗੁਰੂ ਜੀ ਰੋਗੀਆਂ ਦੀ ਸੇਵਾ ਦਿਨ-ਰਾਤ ਕਰਨ ਲੱਗ ਪਏ। ਛੂਤ ਦੇ ਡਰੋਂ ਜਿਹੜੇ ਰੋਗੀਆਂ ਨੂੰ ਪਰਿਵਾਰ ਦੇ ਮੈਂਬਰਾਂ ਨੇ ਵੀ ਤਿਆਗ ਦਿੱਤਾ ਸੀ, ਗੁਰੂ ਜੀ ਨੇ ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਦੇ ਦੁੱਖ ਨੂੰ ਦੂਰ ਕੀਤਾ।

ਪਲੇਗ ਦੇ ਰੋਗੀਆਂ ਦੀ ਸੇਵਾ ਆਪ ਜੀ ਤੇ ਆਪ ਦੇ ਸਿੱਖਾਂ ਨੇ ਜਿਸ ਲਗਨ ਨਾਲ ਕੀਤੀ, ਇਹ ਆਪਣੀ ਮਿਸਾਲ ਆਪ ਹੈ। ਸੰਸਾਰ ਵਿਚ ਪਹਿਲਾਂ ਸ਼ਾਇਦ ਅਜਿਹੇ ਯਤਨ ਕਿਸੇ ਨਹੀਂ ਸਨ ਕੀਤੇ। ਗੁਰੂ ਜੀ ਨੇ ਆਪਣਾ ਜੀਵਨ ਹੀ ਰੋਗੀਆਂ ਨੂੰ ਅਰਪਿਤ ਕਰ ਦਿੱਤਾ। ਰੋਗੀਆਂ ਦੀ ਸੇਵਾ ਕਰਦੇ ਹੋਇਆਂ ਗੁਰੂ ਜੀ ਆਪ ਪਲੇਗ ਦੀ ਲਪੇਟ ਵਿਚ ਆ ਗਏ। ਉਨ੍ਹਾਂ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਤੇਜ਼ ਬੁਖ਼ਾਰ ਚੜ੍ਹ ਗਿਆ। ਆਪ ਜੀ ਦੇ ਮਾਤਾ ਜੀ ਤੇ ਹੋਰ ਸਿੱਖ ਬਹੁਤ ਘਬਰਾ ਗਏ। ਆਪ ਜੀ ਦੇ ਬਚਨ ਸਨ, "ਸਭੋ ਕੁਝ ਰੱਬੀ ਹੁਕਮ ਅਨੁਸਾਰ ਹੁੰਦਾ ਹੈ। ਰੱਬ ਦੀ ਰਜ਼ਾ ਵਿਚ ਰਹਿਣਾ ਸਾਡਾ ਧਰਮ ਹੈ। ਚਿੰਤਾ ਕਰਨ ਦੀ ਲੋੜ ਨਹੀਂ। ਸਰੀਰ ਤਾਂ ਨਾਸ਼ਵਾਨ ਹੈ, ਇਸ ਨੇ ਨਾਸ਼ ਹੋਣਾ ਹੀ ਹੈ।" ਆਪਣਾ ਅੰਤ ਨਜ਼ਦੀਕ ਆਇਆ ਵੇਖ ਆਪ ਜੀ ਨੇ ਜਮਨਾ ਕੰਢੇ ਖੁੱਲ੍ਹੀ ਹਵਾ ਵਿਚ ਜਾਣਾ ਬਿਹਤਰ ਸਮਝਿਆ। ਰਾਜਾ ਜੈ ਸਿੰਘ ਗੁਰੂ ਜੀ ਦੀ ਖ਼ਬਰ ਲੈਣ ਗਿਆ ਉਦੋਂ ਤੀਕ ਗੁਰੂ ਜੀ ਦੇ ਸਰੀਰ ਉੱਤੇ ਚੇਚਕ ਵੀ ਨਿਕਲ ਆਈ ਸੀ ਤੇ ਉਹ ਗੱਲਬਾਤ ਵੀ ਠੀਕ ਤਰ੍ਹਾਂ ਨਾਲ ਨਹੀਂ ਸਨ ਕਰ ਸਕਦੇ। ਗੁਰੂ ਜੀ ਨੇ ਸੰਗਤ ਨੂੰ ਬਾਣੀ ਦਾ ਪਾਠ ਕਰਨ ਦਾ ਹੁਕਮ ਕੀਤਾ। ਗੁਰੂ ਜੀ ਦੀ ਹਾਲਤ ਵਿਗੜ ਰਹੀ ਸੀ। ਸਿੱਖ ਪਰੇਸ਼ਾਨ ਸਨ। ਉਨ੍ਹਾਂ ਦੇ ਨੇੜਲੇ ਸਿੱਖ ਗੁਰਬਖ਼ਸ਼ ਜੀ ਨੇ ਬੇਨਤੀ ਕੀਤੀ ਕਿ ਗੁਰੂ ਜੀ ਸਾਨੂੰ ਕਿਸ ਦੇ ਸਹਾਰੇ ਛੱਡ ਕੇ ਜਾ ਰਹੇ ਹੋ। ਤੁਹਾਡੇ ਬਗੈਰ ਸਿੱਖੀ ਦਾ ਬੂਟਾ ਕੁਮਲਾ ਜਾਵੇਗਾ। ਕਈ ਗੁਰੂ ਬਣ ਬੈਠਣਗੇ। ਗੁਰੂ ਜੀ ਨੇ ਸਿੱਖਾਂ ਨੂੰ ਧੀਰਜ ਰੱਖਣ ਲਈ ਆਖਿਆ ਤੇ ਉਨ੍ਹਾਂ ਦੀ ਤਸੱਲੀ ਲਈ ਫੁਰਮਾਇਆ ਕਿ ਪ੍ਰਮਾਤਮਾ ਦੇ ਹੁਕਮ ਅਨੁਸਾਰ ਸਾਨੂੰ ਜਾਣਾ ਪੈਣਾ ਹੈ। ਸਿੱਖੀ ਦਾ ਬੂਟਾ ਜਿਹੜਾ ਗੁਰੂ ਨਾਨਕ ਨੇ ਲਗਾਇਆ ਹੈ ਇਹ ਹੋਰ ਪ੍ਰਫੁਲਿਤ ਹੋਵੇਗਾ। ਜਦੋਂ ਸਿੱਖਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ਸਾਨੂੰ ਕਿਸ ਦੇ ਲੜ ਲਾ ਕੇ ਜਾ ਰਹੇ ਹੋ? ਇਸ ਪਵਿੱਤਰ ਗੁਰਗੱਦੀ ਦਾ ਵਾਰਸ ਕੌਣ ਹੋਵੇਗਾ ਤਾਂ ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਮੰਗਵਾਇਆ। ਉਸ ਨੂੰ ਤਿੰਨ ਵਾਰ ਹਵਾ ਵਿਚ ਘੁਮਾਇਆ ਤੇ ਇਤਨਾ ਹੀ ਆਖ ਸਕੇ, "ਬਾਬਾ ਬਕਾਲੇ"। ਮੁੜ ਜਦੋਂ ਹੋਸ਼ ਆਈ ਤਾਂ ਉਨ੍ਹਾਂ ਗੁਰਬਾਣੀ ਦੇ ਗਾਇਣ ਦਾ ਹੁਕਮ ਦਿੱਤਾ। ਆਪਣੀ ਮਾਤਾ ਜੀ ਤੇ ਸਿੱਖਾਂ ਨੂੰ ਨਾਮ ਜਪਣ ਦਾ ਆਦੇਸ਼ ਦੇ ਕੇ ਗੁਰੂ ਜੀ ਨੇ 30 ਮਾਰਚ, 1664 ਨੂੰ ਪ੍ਰਾਣ ਤਿਆਗ ਦਿੱਤੇ। ਗੁਰੂ ਜੀ ਨੇ ਛੋਟੀ ਉਮਰ ਵਿਚ ਹੀ ਵੱਡੇ ਕਾਰਨਾਮੇ ਕੀਤੇ। ਦੁਖੀਆਂ ਤੇ ਰੋਗੀਆਂ ਦੀ ਸੇਵਾ ਕਰਨ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਇਸੇ ਕਰਕੇ ਸਿੱਖ ਅਰਦਾਸ ਵਿਚ ਹਮੇਸ਼ਾਂ ਦੁਹਰਾਉਂਦੇ ਹਨ:

**ਸ੍ਰੀ ਹਰਿਕ੍ਰਿਸਨ ਧਿਆਈਐ**
**ਜਿਸੁ ਡਿਠੇ ਸਭਿ ਦੁਖਿ ਜਾਇ॥**

ਉਨ੍ਹਾਂ ਦੀ ਯਾਦ ਵਿਚ ਨਵੀਂ ਦਿੱਲੀ ਬਣੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੁਣ ਵੀ ਲੱਖਾਂ ਸ਼ਰਧਾਲੂ ਆਪਣੇ ਦੁੱਖਾਂ ਤੋਂ ਨਵਿਰਤੀ ਲਈ ਅਰਦਾਸ ਕਰਦੇ ਹਨ। ਜਿਸ ਨਾਲ ਗੁਰੂ ਜੀ ਨੇ ਪਲੇਗ ਦੇ ਰੋਗੀ ਰਾਜੀ ਕੀਤੇ ਸਨ ਉਸੇ ਬਾਉਲੀ ਤੋਂ ਸੰਗਤਾਂ ਜਲ ਗ੍ਰਹਿਣ ਕਰਕੇ ਧੰਨ ਹੁੰਦੀਆਂ ਹਨ। ਗੁਰੂ ਜੀ ਨੇ ਲੋਕਾਈ ਦੀ ਬਿਮਾਰੀ ਆਪਣੇ ਉੱਤੇ ਲੈ ਕੇ ਉਨ੍ਹਾਂ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ।

ਮ.ਨੰ.3317, ਅਰਬਨ ਅਸਟੇਟ,
ਦੁਗਰੀ, ਫੇਜ਼-11
ਲੁਧਿਆਣਾ (ਪੰਜਾਬ)
9417087328

# ਪਾਕਿਸਤਾਨੀ ਪੰਜਾਬੀ ਨਾਵਲਕਾਰ ਅਫਜ਼ਲ ਅਹਿਸਾਨ ਰੰਧਾਵਾ ਦੇ ਨਾਵਲਾਂ ਵਿੱਚ ਨਾਰੀ ਸਰੋਕਾਰ

ਡਾ. ਸਵਰਨਜੀਤ ਕੌਰ



1947 ਦੀ ਭਾਰਤ-ਪਾਕਿ ਵੰਡ ਤੋਂ ਬਾਅਦ ਪਾਕਿਸਤਾਨ ਨਾਂ ਦਾ ਮੁਲਕ ਹੋਂਦ ਵਿੱਚ ਆਇਆ। ਪੰਜ ਦਰਿਆਵਾਂ ਦੀ ਧਰਤੀ ਤਕਸੀਮ ਹੋਣ ਨਾਲ ਪੰਜਾਬ ਦੀ ਵੰਡ ਦੋ ਭਾਗਾਂ ਵਿੱਚ ਹੋ ਗਈ। ਸਰਹੱਦੀ ਲਕੀਰਾਂ ਨੇ ਫਿਰ ਇਨਸਾਨਾਂ ਨੂੰ ਹੀ ਨਹੀਂ ਵੰਡਿਆ ਸਗੋਂ ਸਾਹਿਤ ਵਿੱਚ ਵੀ ਵੰਡ ਪਾ ਦਿੱਤੀ। ਇਹ ਗੱਲ ਭਾਰਤੀ ਪੰਜਾਬੀ ਸਾਹਿਤ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਦੇ ਸੰਦਰਭ ਵਿੱਚ ਸਹੀ ਸਾਬਿਤ ਹੁੰਦੀ ਹੈ। 1947 ਦੀ ਭਾਰਤ-ਪਾਕਿ ਵੰਡ ਨੇ ਨਾ ਕੇਵਲ ਇਨਸਾਨਾਂ ਵਿਚਕਾਰ ਅਜਿਹੀਆਂ ਲਕੀਰਾਂ ਖਿੱਚੀਆਂ ਜਿਸ ਕਾਰਨ ਸਾਡੇ ਲਈ ਪਾਕਿਸਤਾਨ ਦੇ ਅਣਮੁੱਲੇ ਸਾਹਿਤ ਤੱਕ ਪਹੁੰਚਣ ਵਿੱਚ ਵੱਡੀ ਦਿੱਕਤ ਆ ਗਈ। ਇਸੇ ਤਰ੍ਹਾਂ ਉਧਰਲੇ ਸਾਹਿਤਕਾਰਾਂ ਲਈ ਭਾਰਤੀ ਪੰਜਾਬੀ ਸਾਹਿਤ ਤੱਕ ਰਸਾਈ ਕਰਨੀ ਜੋਖ਼ਮ ਵਾਲਾ ਕੰਮ ਬਣ ਗਿਆ। ਦੂਜੀ ਗੱਲ ਜੋ ਉੱਘੜ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਪਾਕਿਸਤਾਨੀ ਪੰਜਾਬੀ ਸਾਹਿਤ ਸ਼ਾਹਮੁਖੀ ਲਿਪੀ ਵਿੱਚ ਹੋਣ ਕਾਰਨ ਅਣਗੌਲਿਆ ਰਹਿ ਜਾਂਦਾ ਹੈ। ਭਾਰਤ-ਪਾਕਿ ਵੰਡ ਨਾਲ ਸਾਂਝੇ ਸਭਿਆਚਾਰ ਵਿੱਚ ਇੱਕ ਅਜਿਹੀ ਲਕੀਰ ਖਿੱਚ ਦਿੱਤੀ ਗਈ ਜੋ ਸਮੇਂ ਦੇ ਵੇਗ ਨਾਲ ਵਧਦੀ ਅਤੇ ਪਰਪੱਕ ਹੁੰਦੀ ਗਈ। ਲੋਕਾਂ ਦੀ ਸੋਚ ਅਤੇ ਚਿੰਤਨ ਵਿੱਚ ਵਖਰੇਵਾਂ ਪੈਦਾ ਹੁੰਦਾ ਗਿਆ। ਇਸ ਕਰਕੇ ਉਧਰਲੇ ਪੰਜਾਬੀ ਸਾਹਿਤ ਦੀ ਭਾਸ਼ਾ ਇੱਧਰਲੇ ਪੰਜਾਬੀ ਸਾਹਿਤ ਨਾਲੋਂ ਅੱਡਰੀ ਬਣਦੀ ਜਾ ਰਹੀ ਹੈ। ਪਾਕਿਸਤਾਨੀ ਪੰਜਾਬੀ ਸਾਹਿਤਕਾਰਾਂ ਨੇ ਵੰਡ ਤੋਂ ਬਾਅਦ ਫ਼ਾਰਸੀ ਲਿਪੀ ਨੂੰ ਸਾਹਿਤ ਰਚਨਾ ਦਾ ਮਾਧਿਅਮ ਬਣਾਇਆ ਹੈ ਅਤੇ ਭਾਰਤੀ ਪੰਜਾਬੀ ਸਾਹਿਤਕਾਰਾਂ ਨੇ ਗੁਰਮੁਖੀ ਲਿਪੀ ਨੂੰ ਅਪਣਾ ਲਿਆ।

ਜਿੱਥੇ ਪੂਰਬੀ ਪੰਜਾਬ ਵਿੱਚ ਪੰਜਾਬੀ ਸਾਹਿਤ ਗਿਣਨਾਤਮਕ ਪੱਖੋਂ ਵੱਡੀ ਗਿਣਤੀ ਵਿੱਚ ਪ੍ਰਾਪਤ ਹੁੰਦਾ ਹੈ ਉੱਥੇ ਦੂਜੇ ਪਾਸੇ ਪੱਛਮੀ ਪੰਜਾਬ ਭਾਵ ਪਾਕਿਸਤਾਨ ਵਿਚ ਪੰਜਾਬੀ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਉਂਗਲਾਂ ਉੱਪਰ ਹੀ ਗਿਣੀਆਂ ਜਾ ਸਕਦੀਆਂ ਹਨ। ਹਰੇਕ ਕਿਰਤ ਭਾਵੇਂ ਉਹ ਸਾਹਿਤਿਕ ਹੋਵੇ, ਸਮਾਜਿਕ ਜਾਂ ਸਭਿਆਚਾਰਕ ਉਸ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਨ੍ਹਾਂ ਦੇ ਅਧਾਰ ’ਤੇ ਉਹ ਦੂਜੀਆਂ ਸਾਹਿਤਿਕ ਕਿਰਤਾਂ ਨਾਲੋਂ ਵਿਲੱਖਣ ਹੋਂਦ ਦੀ ਧਾਰਨੀ ਹੁੰਦੀ ਹੈ। ਇਸਲਾਮੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਹੋਂਦ ਵਿੱਚ ਆਏ ਪਾਕਿਸਤਾਨੀ ਪੰਜਾਬੀ ਸਾਹਿਤ ਨੇ ਪੰਜਾਬੀ ਦੀ ਸੂਫ਼ੀ ਕਾਵਿ ਪਰੰਪਰਾ ਅਤੇ ਕਿੱਸਾ ਕਾਵਿ ਪਰੰਪਰਾ ਨੂੰ ਆਪਣੇ ਪਿਛੋਕੜ ਅਤੇ ਪਰਿਪੇਖ ਵਜੋਂ ਗ੍ਰਹਿਣ ਕੀਤਾ ਹੈ ਅਤੇ ਹਿੰਦੂ ਸਿੱਖ ਪਰੰਪਰਾਵਾਂ ਨਾਲੋਂ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਅਲੱਗ ਕਰ ਲਿਆ।

ਵੰਡ ਮਗਰੋਂ ਹੋਂਦ ਵਿੱਚ ਆਏ ਪਾਕਿਸਤਾਨੀ ਪੰਜਾਬੀ ਨਾਵਲ ਦੀ ਵਿਕਾਸ ਗਤੀ ਬਹੁਤ ਧੀਮੀ ਰਹੀ ਹੈ। ਇਹ ਆਪਣੇ ਥੀਮਕ ਸਰੋਕਾਰਾਂ, ਦ੍ਰਿਸ਼ਟੀ ਮੂਲਕ ਚੇਤਨਾ ਅਤੇ ਵਿਲੱਖਣ ਸੰਚਾਰ ਪ੍ਰਬੰਧ ਕਾਰਨ ਮਨੁੱਖ ਦੇ ਚੇਤਨ-ਅਵਚੇਤਨ, ਸੱਚ-ਝੂਠ, ਵਿਅਕਤੀ ਕ੍ਰਿਤ ਸੰਵੇਦਨਾ ਅਤੇ ਮਾਨਸਿਕਤਾ ਦੀ ਟੁੱਟ-ਭੱਜ ਨੂੰ ਸੂਖ਼ਮ ਅਤੇ ਬਹੁ-ਦਿਸ਼ਾਵੀ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਵਿੱਚ ਭਾਵੇਂ ਭਾਰਤੀ ਪੰਜਾਬੀ ਨਾਵਲ ਜਿੰਨਾ ਸਫਲ ਤਾਂ ਨਹੀਂ ਹੋ ਸਕਿਆ ਪਰ ਫਿਰ ਵੀ ਮੁੱਢਲੇ ਨਾਵਲਾਂ ਵਿੱਚ ਆਦਰਸ਼ਵਾਦੀ ਰੁਚੀਆਂ, ਰੁਮਾਂਸ ਨੈਤਿਕ ਕਦਰਾਂ-ਕੀਮਤਾਂ, ਰਿਸ਼ਤਿਆਂ ਦਾ ਦੁਹਰਾਓ, ਕਿਰਤੀ ਕਿਸਾਨ ਦੀ ਹਾਲਤ, ਔਰਤ-ਮਰਦ ਸੰਬੰਧ, 1947 ਦੀ ਵੰਡ ਦਾ ਦੁਖਾਂਤ, ਪੇਂਡੂ ਅਤੇ ਸ਼ਹਿਰੀ ਮੱਧ ਵਰਗੀ ਲੋਕਾਂ ਦੀ ਮਨੋਵਿਗਿਆਨਕ ਪੱਖ ਤੋਂ ਪੇਸ਼ਕਾਰੀ ਹੋਈ ਮਿਲਦੀ ਹੈ। ਇਹ ਸਮੇਂ ਦੇ ਵੇਗ ਨਾਲ ਮਨੁੱਖੀ ਜੀਵਨ ਦੀਆਂ ਜ਼ਰੂਰਤਾਂ, ਪ੍ਰਾਪਤੀਆਂ, ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਪ੍ਰਸਥਿਤੀਆਂ ਅਨੁਸਾਰ ਆਪਣੀ ਸੁਰ ਬਦਲਦਾ ਰਿਹਾ ਹੈ।ਵਿਗਿਆਨਕ ਕਾਢਾਂ, ਸਾਹਿਤਿਕ ਪ੍ਰਵਿਰਤੀਆਂ ਅਤੇ ਸਮਕਾਲੀ ਗਿਆਨ ਅਨੁਸਾਰ ਬਦਲਦੇ ਯਥਾਰਥ ਨਾਲ ਸੰਬੰਧਿਤ ਤਬਦੀਲੀ ਬੜੀ ਧੀਮੀ ਗਤੀ ਨਾਲ ਨਾਵਲ ਵਿਧਾ ਵਿੱਚ ਦਿਖਾਈ ਦਿੰਦੀ ਹੈ। ਆਪਣੇ ਸਮਕਾਲੀ ਸਮੇਂ ਅਨੁਸਾਰ ਪਾਕਿਸਤਾਨੀ ਪੰਜਾਬੀ ਨਾਵਲ ਦੇ ਸਰੋਕਾਰ, ਬਿਰਤਾਂਤ, ਭਾਸ਼ਾ, ਪਾਤਰ ਅਤੇ ਸ਼ੈਲੀ ਵਿਚਲੇ ਅੰਤਰ-

ਸੰਵਾਦ ਵੀ ਲਗਾਤਾਰ ਬਦਲਦੇ ਰਹੇ ਹਨ।

ਪਾਕਿਸਤਾਨੀ ਪੰਜਾਬੀ ਨਾਵਲ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਕੋਈ ਨਾਵਲਕਾਰ ਨਾਰੀਵਾਦੀ ਲਹਿਰ ਨਾਲ ਨਿੱਜੀ ਤੌਰ 'ਤੇ ਕੋਈ ਸਬੰਧ ਨਹੀਂ ਰੱਖਦਾ ਕਿਉਂਕਿ ਨਾਰੀਵਾਦ ਦਾ ਜਨਮ 20ਵੀਂ ਸਦੀ ਦੇ ਸੱਤਵੇਂ ਦਹਾਕੇ ਦੌਰਾਨ ਪੱਛਮ ਵਿੱਚ ਵਿਗਸਣਾ ਸ਼ੁਰੂ ਹੁੰਦਾ ਹੈ ਪਰ ਸੰਵੇਦਨਸ਼ੀਲ ਵਿਅਕਤੀ ਹੋਣ ਕਾਰਨ ਹਰ ਲੇਖਕ ਨੇ ਸਮਾਜ ਵਿੱਚ ਪੀੜਤ ਵਰਗ ਪ੍ਰਤੀ ਆਪਣੀ ਸੰਵੇਦਨਾ ਪ੍ਰਗਟਾ ਕੇ ਉਸਦੇ ਹੱਕਾਂ ਅਤੇ ਅਧਿਕਾਰਾਂ ਪ੍ਰਤੀ ਸੰਕੇਤ ਜ਼ਰੂਰ ਦਿੱਤੇ ਹਨ। ਇਨ੍ਹਾਂ ਨਾਵਲਕਾਰਾਂ ਨੇ ਨਾਰੀ ਨਾਲ ਸੰਬੰਧਿਤ ਹਰੇਕ ਸਰੋਕਾਰ ਨੂੰ ਬੜੀ ਸੂਖਮ ਅਤੇ ਪਾਰਦਰਸ਼ੀ ਦ੍ਰਿਸ਼ਟੀ ਰਾਹੀਂ ਕਿਤੇ ਆਦਰਸ਼ ਰੂਪ ਵਿੱਚ, ਕਿਤੇ ਕਰੂਰ ਸੱਚ ਅਤੇ ਕਿਧਰੇ ਕਾਲਪਨਿਕ ਪੱਧਰ ਉੱਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। 1947 ਦੀ ਵੰਡ ਤੋਂ ਮਗਰੋਂ ਮੁੱਢਲੇ ਪੰਜਾਬੀ ਨਾਵਲਾਂ ਵਿੱਚ ਔਰਤ ਸੰਵੇਦਨਾ ਕਿਧਰੇ ਵੀ ਵਿਦਰੋਹੀ ਸੁਰ ਅਖ਼ਤਿਆਰ ਨਹੀਂ ਕਰਦੀ। ਔਰਤ ਆਪਣੀ ਪੂਰੀ ਜ਼ਿੰਦਗੀ ਪਿਤਰਕੀ ਸਮਾਜ ਅਧੀਨ ਜਾਗੀਰਦਾਰੀ ਚੌਖਟੇ ਵਿਚ ਵਿਚਰਦੀ ਹੋਈ ਮਰਦਾਵੇਂ ਸ਼ੋਸ਼ਣ ਨੂੰ ਹੀ ਆਪਣਾ ਪਤੀ ਧਰਮ ਸਵੀਕਾਰ ਕਰਦੀ ਹੈ। ਇਹ ਵਧੇਰੇ ਕਰਕੇ ਸਧਾਰਨ, ਪੇਂਡੂ, ਅਨਪੜ੍ਹ ਔਰਤ ਉੱਪਰ ਹੀ ਕੇਂਦਰਿਤ ਹੈ। ਕਿਧਰੇ-ਕਿਧਰੇ ਪੜ੍ਹੀ-ਲਿਖੀ ਅਤੇ ਨੌਕਰੀਪੇਸ਼ਾ ਔਰਤ ਦੀ ਵੀ ਇਨ੍ਹਾਂ ਨਾਵਲਾਂ ਵਿੱਚ ਝਲਕ ਮਿਲਦੀ ਹੈ। ਇਨ੍ਹਾਂ ਨਾਵਲਾਂ ਵਿੱਚ ਔਰਤ ਦੀ ਹੋਂਦ ਅਤੇ ਹੋਣੀ ਪਹਿਲਾਂ ਨਿਰਧਾਰਿਤ ਮਿੱਥਾਂ ਦੇ ਆਧਾਰ 'ਤੇ ਹੀ ਤੈਅ ਹੁੰਦੀ ਰਹੀ ਹੈ। ਔਰਤ ਸਮਾਜ ਵਿੱਚ ਇੱਕ ਆਦਰਸ਼ ਪਤਨੀ/ਭੈਣ/ਮਾਂ/ਪ੍ਰੇਮਿਕਾ ਦੇ ਰੂਪ ਵਿੱਚ ਵਿਚਰਦੀ ਹੈ। ਪਿਤਰਕੀ ਸਮਾਜ ਵਿੱਚ ਜੇਕਰ ਉਹ ਅਜਿਹੀਆਂ ਪੂਰਵ ਨਿਰਧਾਰਿਤ ਮਿੱਥਾਂ ਤੋਂ ਅੱਗੇ ਜਾਣ ਦਾ ਯਤਨ ਕਰਦੀ ਹੈ ਤਾਂ ਸਮਾਜ ਉਸਨੂੰ ਪ੍ਰਵਾਨ ਨਹੀਂ ਕਰਦਾ।

ਪਾਕਿਸਤਾਨੀ ਪੰਜਾਬੀ ਸਾਹਿਤ ਵਿੱਚ ਨਾਰੀ ਨਾਲ ਸੰਬੰਧਿਤ ਸਾਹਿਤ ਸੰਕੁਚਿਤ ਹੋ ਕੇ ਰਹਿ ਗਿਆ ਹੈ। ਇਸ ਖੇਤਰ ਵਿੱਚ ਔਰਤਾਂ ਦਾ ਯੋਗਦਾਨ ਬਹੁਤ ਥੋੜ੍ਹਾ ਹੈ। ਇਸ ਮੁਲਕ ਵਿੱਚ ਔਰਤ ਦਾ ਦੂਜੈਲਾ ਦਰਜਾ ਕਈ ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਰਹੁ-ਰੀਤਾਂ ਤੋਂ ਉਸਦਾ ਅਸਿੱਧੇ ਤੌਰ 'ਤੇ ਵੰਚਿਤ ਹੋਣਾ, ਪੂਰਨ ਰੂਪ ਵਿੱਚ ਮਰਦ 'ਤੇ ਨਿਰਭਰ ਹੋਣਾ, ਅਨਪੜ੍ਹਤਾ, ਪਵਿੱਤਰਤਾ ਦਾ ਸੰਕਲਪ, ਤਲਾਕ ਦਾ ਸੌਖਾ ਅਤੇ ਮਰਦਪੱਖੀ ਹੋਣਾ ਅਤੇ ਹਰ ਥਾਂ 'ਤੇ ਹੋ ਰਿਹਾ ਧਰੋ ਉਸਦੀ ਹੋਂਦ ਲਈ ਖ਼ਤਰਾ ਬਣਿਆ ਹੋਇਆ ਹੈ। ਔਰਤ ਦੀ ਇਸ ਤਰ੍ਹਾਂ ਦੀ ਨਾਜ਼ੁਕ ਸਥਿਤੀ ਬਾਰੇ ਬੁਸ਼ਰਾ ਏਜਾਜ਼ ਦਾ ਕਥਨ ਧਿਆਨਯੋਗ ਹੈ।

"ਇੱਕ ਔਰਤ ਹੋਣ ਦੇ ਨਾਤੇ ਮੈਂ ਆਪਣੀ ਸ਼ਨਾਖ਼ਤ ਦੇ ਮਧੋਲ਼ੇ ਜਾਣ ਬਾਰੇ ਫ਼ਿਕਰਮੰਦ ਹਾਂ। ਮੈਂ ਔਰਤ ਦੇ ਹਿੱਸੇ ਦੀ ਸਪੇਸ ਮੰਗਦੀ ਹਾਂ। ਮੈਂ ਤਨਜ਼ ਨਾਲ ਮੁਆਸ਼ਰੇ 'ਚ ਭਾਰੂ ਮਰਦਾਵੀਂ ਸੋਚ ਵਾਲੀ ਹਉਂ ਨੂੰ ਗੁਆਚੀਆਂ ਕੁੰਜੀਆਂ ਵਾਲਾ ਜੰਦਰਾ ਆਖਿਆ ਵੇ। ਇਸ ਬੱਰੇ-ਸਗ਼ੀਰ ਦੀ ਅੱਧੀ ਵੱਸੋਂ (ਖ਼ਵਾਤੀਨ) ਕਿਸੇ ਗਿਣਤੀ ਵਿੱਚ ਈ ਨਹੀਂ। ਕਿਸੇ ਵੀ ਮਰਦਮ ਸ਼ੁਮਾਰੀ 'ਚ ਸਾਡੇ ਨਾਂ ਦਾ ਨਾ ਹੋਣਾ ਵਾਲੀ ਰਮਜ਼ ਔਰਤ ਦੀ ਬੇਸ਼ਨਾਖ਼ਤੀ ਦਾ ਹੋਣਾ ਏ।"[1]

ਔਰਤ ਹਰ ਥਾਂ ਤ੍ਰਾਸਦੀ ਭੋਗਦੀ ਹੈ। ਇਸ ਦੀ ਝਲਕ ਅਫ਼ਜ਼ਲ ਅਹਿਸਨ ਰੰਧਾਵਾ ਦੇ ਨਾਵਲਾਂ 'ਦੀਵਾ ਤੇ ਦਰਿਆ', 'ਦੁਆਬਾ', 'ਸੂਰਜ ਗ੍ਰਹਿਣ' ਅਤੇ 'ਪੰਧ' ਵਿੱਚ ਨਜ਼ਰ ਆਉਂਦੀ ਹੈ। ਇਨ੍ਹਾਂ ਨਾਵਲਾਂ ਵਿੱਚ ਕ੍ਰਮਵਾਰ ਸਭਿਆਚਾਰਕ ਪਰਿਵਰਤਨ ਦੀ ਝਲਕ ਵੀ ਨਾਵਲਕਾਰ ਦੀ ਨਾਵਲੀ ਸੰਵੇਦਨਾ ਰਾਹੀਂ ਪੇਸ਼ ਹੋਈ ਹੈ ਪਰ ਔਰਤ ਪ੍ਰਤੀ ਸਮਾਜਿਕ ਨਜ਼ਰੀਏ ਵਿੱਚ ਤਬਦੀਲੀ ਬਹੁਤ ਘੱਟ ਦਿਖਾਈ ਦਿੰਦੀ ਹੈ। 'ਦੀਵਾ ਤੇ ਦਰਿਆ' ਰੰਧਾਵਾ ਦਾ ਪਹਿਲਾ ਨਾਵਲ ਹੈ ਜੋ ਕਿ ਮੁੱਖ ਰੂਪ ਵਿਚ ਮੱਧ ਵਰਗ ਦੇ ਪਰਸਪਰ ਲੜਾਈ-ਝਗੜਿਆਂ, ਜੱਟਵਾਦ, ਨੱਕ-ਨਮੂਜ਼, ਹਉਂ ਤੋਂ ਉਤਪੰਨ ਹੋਈਆਂ ਔਕੜਾਂ ਅਤੇ ਪਿਆਰ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਦੋ ਪਰਿਵਾਰਾਂ ਦੀ ਆਪਸੀ ਟੱਕਰ ਵਿੱਚ ਔਰਤ ਤ੍ਰਾਸਦੀ ਭੋਗਦੀ ਹੈ। ਉਜਾਗਰ ਸਿੰਘ ਰੰਧਾਵਾ ਦੀ ਧੀ ਰੂਪੋ ਦਾ ਕਰਤਾਰ ਸਿੰਘ ਸੰਧੂ ਦੇ ਪੁੱਤਰ ਸ਼ਮਸ਼ੇਰ ਨਾਲ ਪਿਆਰ ਸਬੰਧ ਅੰਤ ਰੂਪੋ ਦੀ ਹੋਣੀ ਬਣਦੇ ਹਨ।

ਸ਼ਮਸ਼ੇਰ ਦਾ ਵੱਡਾ ਭਰਾ ਹਰਬਚਨ ਜੋ ਵਿਆਹਿਆ ਹੋਣ ਦੇ ਬਾਵਜੂਦ ਆਪਣੀ ਮਾਸੀ ਦੀ ਧੀ ਜਿੰਦੋ ਨਾਲ ਨਜਾਇਜ਼ ਸੰਬੰਧ ਬਣਾਉਂਦਾ ਹੈ ਅਤੇ ਸ਼ਮਸ਼ੇਰ ਨੂੰ ਉਸ ਨਾਲ ਵਿਆਹ ਲਈ ਮਜਬੂਰ ਕਰਦਾ ਹੈ ਕਿਉਂਕਿ ਉਹ ਹਰਬਚਨ ਤੋਂ ਗਰਭਵਤੀ ਹੋ ਜਾਂਦੀ ਹੈ। ਨਾਵਲ ਰਾਹੀਂ ਵਿਆਹ ਬਾਹਰੇ ਔਰਤ-ਮਰਦ ਸੰਬੰਧਾਂ ਦੀ ਟੋਹ ਵੀ ਮਿਲਦੀ ਹੈ। ਅਜਿਹੇ ਸੰਬੰਧਾਂ ਵਿੱਚ ਵੀ ਔਰਤ ਹੀ ਸੰਤਾਪ ਭੋਗਦੀ ਹੈ। ਸ਼ਮਸ਼ੇਰ ਦੁਆਰਾ ਮਾਸੂਮ ਜਿੰਦੋ ਦਾ ਕਤਲ ਜੋ ਰੂਪੋ ਦੇ ਪਿਆਰ ਵਜੋਂ ਉਪਜੀ ਭਾਵਨਾ ਕਰਕੇ ਹੁੰਦਾ ਹੈ। ਉਹ ਆਪਣੀ ਆਦਰਸ਼ਕ ਪ੍ਰੀਤ ਨੂੰ ਰੂਪੋ ਨਾਲ ਵਿਆਹ ਰਾਹੀਂ ਨੇਪਰੇ ਚੜ੍ਹਾਉਣਾ

ਚਾਹੁੰਦਾ ਹੈ ਪਰ ਜਦੋਂ ਉਹ ਰੂਪੋ ਨੂੰ ਉਸਦੀ ਜੰਞ ਵਾਲੀ ਰਾਤ ਘਰੋਂ ਭਜਾ ਲਿਜਾਂਦਾ ਹੈ ਤਾਂ ਹਰਬਚਨ ਦਾ ਉਸਨੂੰ ਜਾਣ ਤੋਂ ਰੋਕਣਾ ਵਰਗੀ ਦਵੰਦਾਤਮਕ ਸਥਿਤੀ ਰਾਹੀਂ ਇੱਕ ਪਾਸੇ ਇਸ਼ਕ ਅਤੇ ਦੂਜੇ ਪਾਸੇ ਮਾਂ ਜਾਏ ਭਰਾ ਦੇ ਮੋਹ ਦੋਹਾਂ ਵਿੱਚੋਂ ਇੱਕ ਨੂੰ ਚੁਣਨ ਲਈ ਮਜਬੂਰ ਕਰਦਾ ਹੈ। ਸਮਾਜ ਦੁਆਰਾ ਅਪਰਵਾਨਿਤ ਪਿਆਰ ਦੀ ਥਾਂ ਮਾਂ ਜਾਏ ਦੀ ਪ੍ਰਾਥਮਿਕਤਾ, ਉਸਦੇ ਸ਼੍ਰੇਣਿਕ ਅਤੇ ਜਾਤੀਗਤ ਸੰਸਕਾਰ ਉਸਨੂੰ ਰੂਪੋ ਦੇ ਕਤਲ ਲਈ ਮਜਬੂਰ ਕਰਦੇ ਹਨ।

ਇਸ ਤਰ੍ਹਾਂ ਇਸ ਨਾਵਲ ਰਾਹੀਂ ਮੱਧਕਾਲੀਨ ਸਮਾਜ ਵਿਚਲੀ ਔਰਤ ਵਿਰੋਧੀ ਚੇਤਨਾ ਉਘੜਦੀ ਹੈ ਜਿਸਦੇ ਨਤੀਜੇ ਵਜੋਂ ਜਿੰਦੋ ਅਤੇ ਰੂਪੋ ਨੂੰ ਆਪਣੀ ਜਾਨ ਗਵਾਉਣੀ ਪੈਂਦੀ ਹੈ। ਸਮਾਜ ਵਿੱਚ ਉਪਜੀ ਸੁਤੰਤਰ ਪਿਆਰ ਦੀ ਸਭਿਆਚਾਰਕ ਕੀਮਤ ਨੂੰ ਕੁਚਲ ਦਿੱਤਾ ਜਾਂਦਾ ਹੈ ਅਤੇ ਸਥਾਪਤ ਸਭਿਆਚਾਰਕ ਕੀਮਤਾਂ ਜਿਉਂ ਦੀਆਂ ਤਿਉਂ ਰਹਿ ਜਾਂਦੀਆਂ ਹਨ।

ਇਸੇ ਤਰ੍ਹਾਂ ਨਾਵਲ ਦੁਆਬਾ ਵਿਚ ਦੀਪੋ, ਵੀਰ ਕੌਰ ਅਤੇ ਸ਼ਾਨੋ ਬਾਹਮਣੀ ਵਰਗੀਆਂ ਔਰਤਾਂ ਮੱਧਕਾਲੀ ਜਾਗੀਰਦਾਰੀ ਸਮਾਜ ਵਿਚਲੀ ਔਰਤ ਵਿਰੋਧੀ ਚੇਤਨਾ ਦੀ ਸ਼ਾਹਦੀ ਭਰਦੀਆਂ ਹਨ ਅਤੇ ਸੰਤਾਪ ਭੋਗਦੀਆਂ ਹਨ। ਦੀਪੋ ਅਤੇ ਲੱਖੀ ਨਾਲ ਨੇੜਤਾ ਦੇ ਬਾਵਜੂਦ ਉਹ ਕਿਧਰੇ ਵੀ ਉਸ ਨਾਲ ਖੁੱਲ੍ਹ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਨਹੀਂ ਕਰਦੀ। ਦੀਪੋ ਦੇ ਪਿਤਾ ਫ਼ੌਜਾ ਸਿੰਘ ਅਤੇ ਭਰਾ ਮੱਖਣ ਸਿੰਘ ਦੀ ਮੌਤ ਮਗਰੋਂ ਦੀਪੋ ਦਾ ਵਿਆਹ ਮੱਖਣ ਦੇ ਵੈਲੀ ਅਤੇ ਨਸ਼ੇੜੀ ਸਾਲੇ ਗੰਡੇ ਨਾਲ ਕਰ ਦਿੱਤਾ ਜਾਂਦਾ ਹੈ ਜੋ ਉਸਦੇ ਹਿੰਸਕ ਵਤੀਰੇ ਦਾ ਸ਼ਿਕਾਰ ਹੁੰਦੀ ਹੈ ਅਤੇ ਨਰਕ ਤੋਂ ਵੀ ਬਦਤਰ ਜੀਵਨ ਭੋਗਦੀ ਹੈ। ਲੱਖੀ ਵੱਲੋਂ ਉਸ ਵਤੀਰੇ ਨੂੰ ਰੋਕਣ ਦੀ ਕੋਸ਼ਿਸ਼ ਦੇ ਬਾਵਜੂਦ ਵੀ ਉਹ ਆਪਣੇ ਪਤੀਵਰਤਾ ਧਰਮ ਨੂੰ ਹੀ ਆਪਣਾ ਪਰਮ ਧਰਮ ਸਮਝਦੀ ਹੈ। ਇਹ ਮੱਧਕਾਲੀ ਜਗੀਰੂ ਸੋਚ ਦਾ ਸਿੱਟਾ ਹੀ ਹੈ ਕਿ ਉਹ ਗੰਡੇ ਦੁਆਰਾ ਉਸਦੀ ਕੁੱਟ-ਮਾਰ ਕਰਨ ਦੀ ਨਜਾਇਜ਼ ਹਿੰਸਾ ਪ੍ਰਤੀ ਕੋਈ ਪ੍ਰਤੀਕਰਮ ਨਹੀਂ ਕਰਦੀ।

ਪਿੱਤਰ ਸੱਤਾ ਵਿੱਚ ਦਮਨ ਨੂੰ ਔਰਤ ਦੀ ਸਥਿਤੀ ਅਨੁਸਾਰ ਦੇਖ ਸਕਦੇ ਹਾਂ ਕਿਉਂਕਿ ਔਰਤ ਹਰ ਤਰ੍ਹਾਂ ਨਾਲ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਦਮਨ ਦਾ ਸ਼ਿਕਾਰ ਰਹੀ ਹੈ। ਕੇਟ ਮਿਲਟ ਨੇ 'ਸੈਕਸੂਅਲ ਪੋਲੀਟਿਕਸ' ਦੇ ਅਨੁਸਾਰ ਔਰਤ ਦਮਨ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ:

ਇਹ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਸੱਤਾਧਾਰੀ ਲਿੰਗ ਅਧੀਨ ਲਿੰਗ ਉੱਪਰ ਆਪਣਾ ਅਧਿਕਾਰ ਜਮਾਉਣਾ ਅਤੇ ਵਧਾਉਣਾ ਚਾਹੁੰਦਾ ਹੈ।[2]

ਸਮਾਜ ਵਿੱਚ ਔਰਤ ਦੀ ਇਹ ਸਥਿਤੀ ਅਸਲੋਂ ਹੀ ਨਿਵੇਕਲਾ ਅਤੇ ਵਿਲੱਖਣ ਵਰਤਾਰਾ ਨਹੀਂ ਸਗੋਂ ਸਦੀਆਂ ਤੋਂ ਨਾਰੀ ਨਾਲ ਹੁੰਦਾ ਆ ਰਿਹਾ ਹੈ। ਔਰਤ ਦੀ ਗ਼ੁਲਾਮੀ ਦੇ ਅਜਿਹੇ ਗੁੱਝੇ ਤੇ ਕੋਹਝੇ ਰੂਪ ਹੋਂਦ ਵਿੱਚ ਆ ਚੁੱਕੇ ਹਨ ਕਿ ਗ਼ੁਲਾਮ ਔਰਤ ਨੂੰ ਖ਼ੁਦ ਗ਼ੁਲਾਮੀ ਦਾ ਅਹਿਸਾਸ ਨਹੀਂ ਹੋਣ ਦਿੰਦੇ। ਉਹ ਔਰਤ ਜ਼ਬਰ-ਜ਼ੁਲਮ ਸਹਿ ਕੇ ਵੀ ਪਤੀ ਪਰਮੇਸ਼ਰ ਦੀ ਦਾਸੀ ਬਣਨਾ ਲੋਚਦੀ ਹੈ। ਵਿਆਹ ਦੀ ਸੰਸਥਾ ਦਾ ਪਰਿਵਾਰਿਕ ਨਿਯੰਤਰਨ ਔਰਤ ਦੀ ਗ਼ੁਲਾਮੀ ਨੂੰ ਹੋਰ ਤਿੱਖਾ ਕਰਦਾ ਹੈ। ਵਿਆਹ ਦਾ ਆਧਾਰ ਔਰਤ ਅਤੇ ਮਰਦ ਦੀ ਸਵੈ-ਚੋਣ ਨਾ ਹੋ ਕੇ ਪੂੰਜੀ, ਰੁਤਬਾ ਜਾਂ ਸ਼ਕਤੀ ਹੁੰਦੀ ਹੈ ਜੋ ਕਿ ਅਕਸਰ ਮਰਦ ਕੋਲ ਹੀ ਹੁੰਦੀ ਹੈ। ਅਫ਼ਜ਼ਲ ਤੌਸੀਫ਼ ਦਾ ਆਖਣਾ ਹੈ:

ਅਸਲ ਆਜ਼ਾਦੀ ਤਾਂ ਆਰਥਿਕ ਆਜ਼ਾਦੀ ਏ। ਬਾਕੀ ਸਭ ਕੁਛ ਤਾਂ ਯੂਰਪ ਅਮਰੀਕਾ ਦੀ ਨਕਲ ਏ ਪਰ ਉਸ ਕੋਲ ਕੋਈ ਤਸੱਵਰ ਈ ਨਹੀਂ। ਪਾਕਿਸਤਾਨ ਦੀ ਜ਼ਮੀਨ ਤੇ ਜ਼ਨ ਬਾਰੇ ਖ਼ੁਦ ਆਮ ਔਰਤ ਗੂੰਗੀ ਏ। ਅਨਪੜ੍ਹ ਹੋਣ ਕਾਰਨ ਉਸਦੀ ਕੋਈ ਆਵਾਜ਼ ਨਹੀਂ।[3]

ਨਾਰੀ ਸਰੋਕਾਰਾਂ ਦੇ ਪ੍ਰਸੰਗ ਵਿੱਚ ਵਿਚਾਰ ਕਰਦਿਆਂ ਸਪੱਸ਼ਟ ਹੁੰਦਾ ਹੈ ਕਿ ਸਰੋਕਾਰਾਂ ਤੋਂ ਭਾਵ ਅਜਿਹਾ ਵਰਤਾਰਾ ਹੈ ਜਿਸ ਅਧੀਨ ਕੋਈ ਮਸਲਾ, ਸੰਵੇਦਨਾ, ਵੇਦਨਾ, ਚੇਤਨਾ, ਸੰਦਰਭ ਆਦਿ ਨੂੰ ਰੱਖਿਆ ਜਾਂਦਾ ਹੈ। ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਵੀ ਔਰਤ ਗ਼ੁਲਾਮ ਮਾਨਸਿਕਤਾ ਦੀ ਸ਼ਿਕਾਰ ਹੀ ਰਹਿੰਦੀ ਹੈ। ਆਰਥਿਕ ਪੱਖੋਂ ਸਵੈ-ਨਿਰਭਰ ਔਰਤ ਵੀ ਮਰਦ ਦੇ ਜ਼ੁਲਮਾਂ ਦੀ ਸ਼ਿਕਾਰ ਹੈ। ਇਸਦੀ ਮਹੱਤਵਪੂਰਨ ਉਦਾਹਰਨ ਅਫ਼ਜ਼ਲ ਅਹਿਸਨ ਰੰਧਾਵਾ ਦੇ ਨਾਵਲ 'ਸੂਰਜ ਗ੍ਰਹਿਣ'ਅਤੇ 'ਪੰਧ' ਵਿੱਚ ਮਿਲਦੀ ਹੈ। ਸੂਰਜ ਗ੍ਰਹਿਣ ਨਾਵਲ ਵਿੱਚ ਨਾਵਲਕਾਰ ਨੇ ਚਿੱਠੀਆਂ ਦੀ ਤਕਨੀਕ ਰਾਹੀਂ ਭਾਵ ਸੰਚਾਰਿਤ ਕੀਤੇ ਹਨ। ਇਸ ਨਾਵਲ ਵਿਚਲੀ ਨਾਇਕਾ ਈਵਾ ਸਵਿਟਜ਼ਰਲੈਂਡ ਵਿੱਚ ਇੱਕ ਵਾਰ ਨਾਇਕ ਹਾਰਸਮੈਨ ਨਾਲ ਮੁਲਾਕਾਤ ਮਗਰੋਂ ਉਸਨੂੰ ਖ਼ਤ ਲਿਖਦੀ ਹੈ। ਦੂਜੇ ਪਾਸੇ ਨਾਇਕਾ ਸਾਹਿਬਾ ਵੱਲੋਂ ਨਾਇਕ ਮਿਰਜ਼ੇ ਨੂੰ ਖ਼ਤ ਲਿਖੇ ਜਾਂਦੇ ਹਨ। ਨਾਵਲੀ ਘਟਨਾਕ੍ਰਮ ਤੋਂ ਇੱਕ ਗੱਲ ਹੋਰ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਨਾਵਲ ਵਿਚਲਾ ਹਾਰਸਮੈਨ ਅਤੇ ਮਿਰਜ਼ਾ ਨਾਮਕ ਵਿਅਕਤੀ ਇੱਕੋ ਹੀ ਹੈ ਅਤੇ ਨਾਇਕਾਵਾਂ

ਈਵਾ ਅਤੇ ਸਾਹਿਬਾ ਦੋ ਹਨ। ਨਾਵਲ ਵਿਚਲੀਆਂ ਇਨ੍ਹਾਂ ਨਾਇਕਾਵਾਂ ਦੇ ਖ਼ਤਾਂ ਰਾਹੀਂ ਨਾਵਲਕਾਰ ਨੇ ਨਾ ਸਿਰਫ਼ ਪੂਰਬ ਅਤੇ ਪੱਛਮ ਵਿੱਚ ਵਿਚਰ ਰਹੀ ਔਰਤ ਦੀ ਮਾਨਸਿਕਤਾ ਨੂੰ ਹੀ ਬਿਆਨ ਕੀਤਾ ਹੈ ਬਲਕਿ ਸਮਾਜਿਕ ਧਰਾਤਲ 'ਤੇ ਵਿਚਰਦਿਆਂ ਦੋਹਾਂ ਮੁਲਕਾਂ ਦੇ ਸਮਾਜ, ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦੀ ਪੇਸ਼ਕਾਰੀ ਵੀ ਕੀਤੀ ਹੈ।

ਨਾਵਲ ਵਿੱਚ ਈਵਾ ਨੂੰ ਕੈਮਿਸਟਰੀ ਦੀ ਪੀ.ਐਚ.ਡੀ ਸਮੇਂ ਆਈਆਂ ਮੁਸ਼ਕਿਲਾਂ, ਆਪਣੇ ਅਧਿਆਪਕ ਦੇ ਰੁੱਖੇਪਣ ਅਤੇ ਆਪਣੇ ਪਰਿਵਾਰਕ ਜੀਆਂ ਦਾ ਵੱਖ-ਵੱਖ ਦੇਸ਼ਾਂ ਵਿੱਚ ਵੱਸੇ ਹੋਣਾ ਆਦਿ ਤੋਂ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਪਰਵਾਸ ਦੀ ਇਕੱਲਤਾ ਭਰੀ ਜ਼ਿੰਦਗੀ ਵਿੱਚ ਇਨਸਾਨ ਭਾਵਨਾਤਮਕ ਸਹਾਰਾ ਭਾਲਦਾ ਹੈ।

ਅਗਲੇ ਖੰਡ ਪਾਕਿਸਤਾਨ ਤੋਂ ਪਾਕਿਸਤਾਨ ਤੱਕ ਵਿੱਚ ਨਾਵਲਕਾਰ ਨੇ ਮਿਰਜ਼ੇ ਦੇ ਰੂਪ ਵਿੱਚ ਸਾਹਿਬਾ ਨਾਮੀ ਕੁੜੀ ਦੀਆਂ ਲਿਖੀਆਂ ਦਸ ਛੋਟੀਆਂ ਪਰਚੀਨੁਮਾ ਲਿਖਤਾਂ ਅਤੇ 55 ਖ਼ਤਾਂ ਰਾਹੀਂ ਪੜ੍ਹੀ-ਲਿਖੀ ਔਰਤ ਨੂੰ ਦਰਪੇਸ਼ ਸਮੱਸਿਆਵਾਂ ਨਾਲ ਸੰਬੰਧਿਤ ਘਟਨਾਕ੍ਰਮ ਦੀ ਪੇਸ਼ਕਾਰੀ ਕੀਤੀ ਹੈ। ਪੰਜਾਬ ਯੂਨੀਵਰਸਿਟੀ ਵਿੱਚ ਐਮ.ਏ ਇਕਨਾਮਿਕਸ ਵਿੱਚ ਗੋਲਡ ਮੈਡਲਿਸਟ ਸਾਹਿਬਾ ਇੱਕ ਵੱਡੇ ਅਦਾਰੇ ਵਿੱਚ ਨੌਕਰੀ ਕਰਦੀ ਹੈ। ਨਾਇਕ ਆਪਣੇ ਮੂੰਹੋਂ ਪਾਕਿਸਤਾਨ ਦੇ ਸਮਾਜ-ਸਭਿਆਚਾਰ ਵਿਚ ਔਰਤ ਉੱਤੇ ਮਰਦ ਵੱਲੋਂ ਕੀਤੇ ਧਰੋਹ ਦੀ ਦਾਸਤਾਨ ਪੇਸ਼ ਕਰਦਾ ਹੈ:

ਇਹ ਮਰਦਾਂ ਦੇ ਅਦਾਰੇ ਵਿੱਚ ਉਸਦੀ ਪਹਿਲੀ ਨੌਕਰੀ ਸੀ। ਏਸ ਲਈ ਉਹਦੇ ਤੋਂ ਨਿਭ ਨਾ ਸਕੀ। ਜਦੋਂ ਉਹ ਮੈਨੂੰ ਮਿਲੀ, ਉਹ ਗੁੱਸੇ ਵਿੱਚ ਬਹੁਤੀ ਸੀ ਕਿ ਪਰੇਸ਼ਾਨ ਬਹੁਤੀ, ਇਹ ਦੱਸਣਾ ਕਾਫ਼ੀ ਮੁਸ਼ਕਿਲ ਏ। ਇਕ ਯਤੀਮ ਕੁੜੀ, ਜਿਸ ਬਕੌਲ ਉਹਦੇ ਚੌਥੀ ਜਮਾਤ ਤੋਂ ਲੈ ਕੇ ਉਤਾਂਹ ਤੱਕ ਵਜੀਫ਼ੇ ਲੈ ਕੇ ਪੜ੍ਹਾਈ ਮੁਕੰਮਲ ਕੀਤੀ। ਉਹਦੀ ਉਹ ਨੌਕਰੀ ਵੀ ਚੰਗੀ ਸੀ ਪਰ ਉਹਦੇ ਕਹਿਣ ਅਨੁਸਾਰ ਮਰਦ ਦੀ ਕਮੀਨਗੀ ਤੇ ਹਿਰਸ ਨੇ ਉਹਨੂੰ ਉਹ ਨੌਕਰੀ ਛੱਡਣ ਤੇ ਮਜਬੂਰ ਕਰ ਦਿੱਤਾ।[4]

ਉਪਰੋਕਤ ਟਿੱਪਣੀ ਸਪੱਸ਼ਟ ਕਰਦੀ ਹੈ ਕਿ ਔਰਤ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਵੀ ਸ਼ੋਸ਼ਣ ਤੋਂ ਮੁਕਤ ਨਹੀਂ ਹੋਈ ਬਲਕਿ ਪੜ੍ਹਨ-ਲਿਖਣ ਨਾਲ ਉਹ ਘਰ ਅਤੇ ਬਾਹਰ ਨੌਕਰੀ ਵਾਲੀ ਥਾਂ 'ਤੇ ਵੀ ਮਰਦ ਦੇ ਦੋਹਰੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਇੱਥੇ ਹੀ ਬੱਸ ਨਹੀਂ ਹੁੰਦੀ ਬਲਕਿ ਉਸਨੂੰ ਦੂਜੀ ਨੌਕਰੀ ਜੋ ਮੁਲਤਾਨ ਦੇ ਇੱਕ ਅਦਾਰੇ ਵਿੱਚ ਮਿਲਦੀ ਹੈ ਉੱਥੇ ਉਹ ਪਹਿਲੀ ਔਰਤ ਪ੍ਰੋਫ਼ੈਸਰ ਬਣ ਕੇ ਜਾਂਦੀ ਹੈ। ਉਸਦੇ ਹੋਸਟਲ ਦੀ ਪ੍ਰੋਫ਼ੈਸਰ ਕੁਲੀਗ ਨੇ ਉਸਦੇ ਕੁਝ ਪ੍ਰਾਈਵੇਟ ਖ਼ਤ ਚੋਰੀ ਕਰਕੇ ਹੈੱਡ ਨੂੰ ਦੇ ਦਿੱਤੇ ਅਤੇ ਦੋ ਲੜਕੀਆਂ ਦੀ ਝੂਠੀ ਗਵਾਹੀ ਵੀ ਪਵਾ ਦਿੱਤੀ ਕਿ ਇਹ ਦੇਰ ਰਾਤ ਤੱਕ ਮੁਲਾਕਾਤੀਆਂ ਨੂੰ ਮਿਲਦੀ ਹੈ। ਇਸ ਤਰ੍ਹਾਂ ਸਾਹਿਬਾ ਨੂੰ ਸਮਾਜ ਦੇ ਔਰਤ ਵਿਰੋਧੀ ਰਵੱਈਏ ਦੀਆਂ ਤਲਖ਼ੀਆਂ ਝੱਲਣੀਆਂ ਪੈਂਦੀਆਂ ਹਨ। ਸਮਾਜ ਵਿਚਲੇ ਇਸ ਰਵੱਈਏ ਬਾਰੇ ਸਾਹਿਬਾ ਮਿਰਜ਼ੇ ਨੂੰ ਖ਼ਤਾਂ ਦੇ ਰੂਪ ਵਿੱਚ ਦੱਸਦੀ ਹੈ:

"ਜਦੋਂ ਏਥੇ ਲੋਕ, ਪ੍ਰੋਫ਼ੈਸਰ, ਲੈਕਚਰਾਰ, ਕਲਾਕਾਰ, ਤਾਲਿਬ-ਇਲਮ, ਚਪੜਾਸੀ ਜਿਹੜੇ ਮੇਰੀ ਬਹੁਤ ਇੱਜ਼ਤ ਕਰਦੇ ਨੇ, ਇਹ ਜਾਣ ਲੈਣ ਕਿ ਪਿਛਲੇ ਅਦਾਰੇ ਵਿੱਚ ਮੈਨੂੰ ਨੇਕ-ਨਾਮੀ ਦੇ ਕਿਹੜੇ-ਕਿਹੜੇ ਤਮਗ਼ੇ ਮਿਲੇ ਸਨ ਤੇ ਮੇਰੇ ਬਾਰੇ ਵਿਚ ਕੀ ਸੋਚਣ? ਕੀ ਇਹ ਸਾਰੇ ਲੋਕ ਫੇਰ ਵੀ ਮੇਰੀ ਇੱਜ਼ਤ ਇਸੇ ਤਰ੍ਹਾਂ ਹੀ ਕਰਨ? ਤੇ ਏਹੋ ਜਿਹੇ ਵੇਲੇ ਮੈਂ ਇਹਨਾਂ ਲੋਕਾਂ ਦੇ ਚਿਹਰਿਆ ਨੂੰ ਨਫ਼ਰਤ ਨਾਲ ਵਿਗੜਦਾ ਸੁਕੜਦਾ ਹੋਇਆ ਵੇਖਣੀ ਆ।"[5]

ਸਾਹਿਬਾ ਨੂੰ ਪੇਸ਼ ਆਉਂਦੀਆਂ ਵਿੱਦਿਅਕ ਅਦਾਰਿਆਂ ਵਿਚਲੀਆਂ ਇਹ ਮੁਸ਼ਕਿਲਾਂ ਪਾਕਿਸਤਾਨ ਦੇ ਸਮਾਜ-ਸਭਿਆਚਾਰ ਵਿਚ ਪੜ੍ਹੀ-ਲਿਖੀ ਅਤੇ ਆਜ਼ਾਦ ਕਹਾਉਣ ਵਾਲੀ ਔਰਤ ਨੂੰ ਆਪਣੀ ਹੋਂਦ ਦੀ ਸਥਾਪਤੀ ਲਈ ਆਉਂਦੀਆਂ ਮੁਸ਼ਕਿਲਾਂ ਦੀ ਤਸਵੀਰਕਸ਼ੀ ਹੈ। ਹਰ ਸਮੱਸਿਆ ਅਤੇ ਸੰਕਟ ਦੀਆਂ ਅਸਲ ਜੜ੍ਹਾਂ ਸਮਾਜ ਦੇ ਸੰਸਕ੍ਰਿਤਿਕ ਵਿਸ਼ਵਾਸ ਪ੍ਰਬੰਧ ਦੇ ਅੰਤਰ ਵਿਰੋਧਾਂ ਤੇ ਉਸਦੀ ਇਤਿਹਾਸ ਚੇਤਨਾ ਦੇ ਵਤੀਰੇ ਤੇ ਸਥਿਤੀ ਵਿੱਚ ਹੁੰਦੀਆਂ ਹਨ।

ਅਫ਼ਜ਼ਲ ਅਹਿਸਨ ਰੰਧਾਵਾ ਦੇ ਚੌਥੇ ਨਾਵਲ ਪੰਧ ਰਾਹੀਂ ਨਾਵਲਕਾਰ ਨੇ ਨਾ ਕੇਵਲ ਪਾਕਿਸਤਾਨੀ ਸਮਾਜ ਸਭਿਆਚਾਰ ਵਿੱਚ ਔਰਤ ਨਾਲ ਜੁੜੇ ਸਰੋਕਾਰਾਂ ਦੀ ਪੇਸ਼ਕਾਰੀ ਕੀਤੀ ਹੈ, ਬਲਕਿ ਪਰਵਾਸ ਵਿੱਚ ਜਾ ਕੇ ਉਥੋਂ ਦੀਆਂ ਵੱਖਰੀ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੁੰਦੀ ਅਤੇ ਪਰਵਾਸ ਦਾ ਸੰਤਾਪ ਹੰਢਾਉਂਦੀ ਔਰਤ ਨੂੰ ਪੇਸ਼ ਕੀਤਾ ਹੈ। ਨਾਵਲਕਾਰ ਦੁਆਰਾ ਨਾਵਲੀ ਬਿਰਤਾਂਤ ਦਾ ਆਰੰਭ ਅਲੀ ਦੁਆਰਾ ਲੰਦਨ ਜਾਣ ਦੀਆਂ ਤਿਆਰੀਆਂ ਨਾਲ ਹੁੰਦਾ ਹੈ। ਤਾਜ ਜਿਸ ਨਾਲ ਉਸਦੀ ਮੁਲਾਕਾਤ ਲੰਦਨ ਵਿੱਚ ਹੁੰਦੀ ਹੈ, ਦੇ ਪਰਿਵਾਰ ਨਾਲ ਅਲੀ ਦਾ ਚੰਗਾ ਮਿਲਵਰਤਨ ਸੀ। ਤਾਜ ਯੂਨੀਵਰਸਿਟੀ ਵਿੱਚ ਐਮ.ਏ ਦੀ ਪੜ੍ਹਾਈ ਮੁਕੰਮਲ

ਕਰਨ ਮਗਰੋਂ ਲੰਦਨ ਚਲੀ ਗਈ। ਤਾਜ ਦੀ ਮਾਂ ਦੁਆਰਾ ਜਦੋਂ ਅਲੀ ਨੂੰ ਤਾਜ ਦੇ ਬਿਨਾਂ ਵਿਆਹ ਤੋਂ ਲੰਡਨ ਚਲੇ ਜਾਣ ਦੀ ਗੱਲ ਪਤਾ ਲੱਗੀ ਤਾਂ ਉਹ ਪਾਕਿਸਤਾਨ ਦੇ ਬੰਦ ਮਾਹੌਲ ਵਿੱਚ ਰਿਹਾ ਹੋਣ ਕਾਰਨ ਹੈਰਾਨ ਹੋ ਕੇ ਪੁੱਛਦਾ ਹੈ:

"ਤੇ ਜਵਾਨ ਕੁੜੀ ਨੂੰ ਤੁਸੀਂ ਵਲਾਇਤ ਘੱਲ ਦਿੱਤਾ ਏ, ਪੜ੍ਹਨ ਇਕੱਲਿਆਂ?"[6]

ਪਾਕਿਸਤਾਨੀ ਸਮਾਜ-ਸਭਿਆਚਾਰ ਵਿਚਲੇ ਬੰਦ ਮਾਹੌਲ ਵਿੱਚ ਔਰਤ 'ਤੇ ਲੱਗੀਆਂ ਸਖ਼ਤ ਪਾਬੰਦੀਆਂ ਕਾਰਨ ਇੱਕ ਇਕੱਲੀ ਲੜਕੀ ਦਾ ਬਾਹਰਲੇ ਮੁਲਕ ਜਾਣਾ ਅਤੇ ਇਕੱਲਿਆਂ ਰਹਿਣਾ ਅਚੰਭਿਤ ਜਾਪਦਾ ਹੈ। ਅਲੀ ਨੂੰ ਤਾਜ ਦੀ ਭੈਣ ਤੋਂ ਉਹ ਸੱਚ ਵੀ ਪਤਾ ਚਲਦਾ ਹੈ ਜਿਸ ਕਾਰਨ ਤਾਜ ਨੂੰ ਪਰਵਾਸ ਧਾਰਨ ਕਰਨਾ ਪੈਂਦਾ ਹੈ:

"ਤਾਜ ਬਾਜੀ ਅਹਿਮਦ ਨਾਲ ਸ਼ਾਦੀ ਕਰਨਾ ਚਾਹੁੰਦੀ ਸੀ। ਅਹਿਮਦ ਉਹਦਾ ਕਲਾਸ ਫੈਲੋ ਤੇ ਜਾਤ ਦਾ ਪਠਾਣ ਸੀ ਤੇ ਅਸੀਂ ਪਠਾਣਾਂ ਨੂੰ ਧੀਆਂ ਨਹੀਂ ਦੇਂਦੇ ਤੇ ਤਾਜ ਬਾਜ਼ੀ ਤੁਰ ਗਈ ਬਾਹਰ ਗ਼ੁੱਸੇ ਨਾਲ!" ਨਿੱਕੀ ਕਿਹਾ।

"ਪਰ ਬਾਹਰ ਜਾਣ ਨਾਲ ਖ਼ਾਨਦਾਨ ਦਾ ਕਾਨੂੰਨ ਬਦਲ ਗਿਆ?" ਉਸ ਪੁੱਛਿਆ।

"ਤੇ ਹੋਰ ਨਾ।" ਨਿੱਕੀ ਹੱਸ ਕੇ ਕਿਹਾ।

"ਅਹਿਮਦ ਵੀ ਨਾਲ ਚਲਾ ਗਿਆ ਉਹਦੇ। ਅਜੇ ਤੱਕ ਸ਼ਾਦੀ ਤੇ ਨਹੀਂ ਕੀਤੀ ਪਰ ਰਹਿੰਦੇ ਤੇ ਇਕੱਠੇ ਹੋਣਗੇ।"[7]

ਨਾਵਲੀ ਬਿਰਤਾਂਤ ਵਿੱਚ ਇੱਕ ਔਰਤ ਦੁਆਰਾ ਆਪਣੀ ਸ਼ਨਾਖ਼ਤ ਛੁਪਾਉਣ ਅਤੇ ਪਾਕਿਸਤਾਨ ਵਿਚਲੇ ਬੰਦ ਮਾਹੌਲ ਅਤੇ ਸਭਿਆਚਾਰਕ ਕਦਰਾਂ ਦੀ ਕੱਟੜਤਾ ਤੋਂ ਪਿੱਛਾ ਛੁਡਾਉਣ ਲਈ ਲੰਦਨ ਵਿਚਲੀ ਖੁੱਲ੍ਹ ਦੀ ਜ਼ਿੰਦਗੀ ਵਿੱਚ ਆਜ਼ਾਦੀ ਨਾਲ ਵਿਚਰਨ ਦੀ ਤਾਂਘ ਨੂੰ ਦਰਸਾਇਆ ਹੈ। ਤਾਜ ਦੀ ਅਲੀ ਨਾਲ ਆਖ਼ਰੀ ਮੁਲਾਕਾਤ ਸਮੇਂ ਉਹ ਸੱਚ ਸਾਹਮਣੇ ਆਉਂਦਾ ਹੈ ਜਿਸ ਵਿਚ ਪਾਕਿਸਤਾਨੀ ਸਮਾਜ-ਸਭਿਆਚਾਰ ਦੀਆਂ ਕੱਟੜ ਕਦਰਾਂ-ਕੀਮਤਾਂ ਕਰਕੇ ਮਜ਼ਲੂਮਾਂ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਨਾਵਲਕਾਰ ਨੇ ਇਸ ਨਾਵਲ ਰਾਹੀਂ ਜਾਗੀਰਦਾਰੀ ਸਮਾਜ ਦੇ ਉਸ ਪ੍ਰਬੰਧ ਦਾ ਪਾਜ ਉਘਾੜਿਆ ਹੈ ਜੋ ਔਰਤ ਦੇ ਚਰਿੱਤਰ ਨੂੰ ਮਾਪਣ ਦਾ ਆਧਾਰ ਉਸਦੇ ਪਰਿਵਾਰਿਕ ਪਿਛੋਕੜ ਨੂੰ ਨਿਰਧਾਰਿਤ ਕਰਦੇ ਹਨ।

ਦੇਸ਼ ਦੀ ਵੰਡ ਸਮੇਂ ਤਾਜ ਦੀ ਮਾਂ ਬਾਨੋ ਬੰਬਈ ਤੋਂ ਉਜੜ ਕੇ ਪਾਕਿਸਤਾਨ ਪਹੁੰਚਦੀ ਹੈ ਅਤੇ ਉੱਥੇ ਇੱਕ ਸ਼ਰਨਾਰਥੀ ਕੈਂਪ ਵਿੱਚ ਤਾਜ ਦੇ ਪਿਓ ਮੇਜਰ ਖ਼ੁਸ਼ਹਾਲ ਖ਼ਾਂ ਨੂੰ ਮਿਲਦੀ ਹੈ, ਜਿਸ ਨਾਲ ਉਸਦੀ ਮੁਲਾਕਾਤ ਬੰਬਈ ਦੇ ਇੱਕ ਹਸਪਤਾਲ ਵਿੱਚ ਹੋ ਚੁੱਕੀ ਹੁੰਦੀ ਹੈ। ਬਾਨੋ ਉਸ ਨਾਲ ਉਸਦੇ ਘਰ ਰਹਿਣ ਲੱਗਦੀ ਹੈ। ਉਸਦੇ ਘਰ ਆਉਣ ਦੇ ਸੱਤ ਦਿਨ ਮਗਰੋਂ ਖ਼ੁਸ਼ਹਾਲ ਖ਼ਾਂ ਦਾ ਚਾਚਾ ਜੋ ਫ਼ੌਜ ਵਿੱਚ ਨੌਕਰੀ ਕਰਦਾ ਹੈ, ਛੁੱਟੀਆਂ ਹੋਣ ਕਾਰਨ ਪਿੰਡ ਆਉਂਦਾ ਹੈ। ਉਹ ਬਾਨੋ ਦੀ ਅਸਲੀਅਤ ਦੱਸਦਾ ਹੈ ਕਿ ਉਹ ਇੱਕ ਤਵਾਇਫ਼ ਦੀ ਧੀ ਹੈ। ਸੱਚ ਸਾਹਮਣੇ ਆਉਂਦੇ ਹੀ ਉਸਦੇ ਪਿਓ ਰਸਾਲਦਾਰ ਨਵਾਬ ਖ਼ਾਂ ਨੇ ਘਰ ਦੇ ਸਾਰੇ ਜੀਆਂ ਨੂੰ ਸੱਦ ਕੇ ਜਾਗੀਰਦਾਰੀ ਸਮਾਜ ਦੀ ਕਚਹਿਰੀ ਦਾ ਮੋਹਰੀ ਬਣ ਇਸ ਸਮਾਜ ਦੇ ਖੋਖਲੇ ਪ੍ਰਬੰਧ ਦਾ ਸੰਵਿਧਾਨ ਖੋਲ੍ਹ ਕੇ ਉਸਨੂੰ ਉਸ ਗੁਨਾਹ ਦੀ ਸਜ਼ਾ ਸੁਣਾ ਦਿੱਤੀ, ਜੋ ਉਸਨੇ ਕਦੇ ਕੀਤਾ ਹੀ ਨਹੀਂ ਸੀ। ਇਸ ਖੋਖਲੇ ਪ੍ਰਬੰਧ ਬਾਰੇ ਬਾਨੋ ਆਖਦੀ ਹੈ:

"ਰਸਾਲਦਾਰ ਸਾਹਬ ਜੇ ਮੈਂ ਤੇਰੇ ਏਸ ਕਰਨਲ ਪੁੱਤਰ ਨਾਲ ਸਿਵਲ ਮੈਰਿਜ ਕਰ ਲੈਂਦੀ, ਜੀਹਦੇ ਲਈ ਇਹ ਮੇਰੇ ਤਰਲੇ ਕਰ ਕਰ ਕੇ ਫਾਵਾ ਹੋ ਗਿਆ ਸੀ ਤੇ ਕੀ ਮੈਂ ਸਾਊ ਸੁਆਣੀ ਬਣ ਜਾਂਦੀ? ਤਵਾਇਫ਼ ਦੀ ਧੀ ਨਾ ਹੁੰਦੀ?"[8]

ਨਾਵਲਕਾਰ ਨੇ ਬਾਨੋ ਅਤੇ ਉਸਦੀ ਧੀ ਤਾਜ ਦੇ ਜੀਵਨ ਬਿਰਤਾਂਤ ਰਾਹੀਂ ਇਸ ਮਰਦ ਪ੍ਰਧਾਨ ਸਮਾਜ ਦੇ ਔਰਤ ਵਿਰੋਧੀ ਰਵੱਈਆ ਨੂੰ ਰੂਪਮਾਨ ਕੀਤਾ ਹੈ ਜਿਸ ਵਿੱਚ ਔਰਤ ਬੇਗੁਨਾਹ ਹੋਣ ਦੇ ਬਾਵਜੂਦ ਪ੍ਰਸਥਿਤੀਆਂ ਅਤੇ ਹਾਲਾਤਾਂ ਦੇ ਵੱਸ ਪੈ ਕੇ ਤ੍ਰਾਸਦੀ ਭੋਗਦੀ ਹੈ। ਤਾਜ ਦੇ ਸੁਪਨਿਆਂ ਦਾ ਅਪੂਰਨ ਰਹਿ ਜਾਣ ਦਾ ਕਾਰਨ ਵੀ ਇਹੀ ਹੈ ਜਿਸ ਕਾਰਨ ਉਸਦੀ ਮਾਂ ਬਾਨੋ ਨੇ ਵੀ ਉਮਰ ਭਰ ਸੰਤਾਪ ਭੋਗਿਆ ਸੀ ਕਿ ਉਹ ਇੱਕ ਤਵਾਇਫ਼ ਦੀ ਧੀ ਹੈ। ਇਸ ਸਰਮਾਏਦਾਰੀ ਸਮਾਜ ਦੇ ਪ੍ਰਤੀਮਾਨਾਂ ਨੇ ਉਹੀ ਠੱਪਾ ਤਾਜ 'ਤੇ ਵੀ ਲਾ ਦਿੱਤਾ ਜਿਸ ਨਾਲ ਉਸਦੀ ਸਮਾਜ ਵਿੱਚ ਹੋਂਦ ਨੀਵੇਂ ਦਰਜੇ ਦੀ ਰਹਿ ਗਈ ਅਤੇ ਉਸਨੂੰ ਆਉਣ ਵਾਲੇ ਰਿਸ਼ਤਿਆਂ ਦੇ ਟੁੱਟਣ ਦਾ ਇੱਕ ਸਿਲਸਿਲਾ ਆਰੰਭ ਹੋ ਗਿਆ। ਉਸਦੇ ਅਜਿਹੇ ਅਤੀਤ ਦੇ ਕਾਰਨ ਉਸਦੇ ਸ਼ਖ਼ਸੀ ਗੁਣਾਂ ਦਾ ਵੀ ਕੋਈ ਮੁੱਲ ਨਾ ਰਿਹਾ। ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਉਸਦੇ ਚਾਚੇ ਦੀ ਧੀ ਦੁਆਰਾ ਉਸ ਬਾਰੇ ਇਹ ਸੱਚ ਆਪਣੇ ਸਾਥੀਆਂ ਨੂੰ ਦੱਸਣਾ ਵੀ ਦੂਜਿਆਂ ਦੇ ਮਨ ਵਿੱਚ ਉਸ ਪ੍ਰਤੀ ਘ੍ਰਿਣਾ ਪੈਦਾ ਕਰਨਾ ਹੈ। ਪਰੰਪਰਿਕ ਸੰਸਕਾਰ ਏਨੇ ਤਾਕਤਵਰ ਹਨ ਕਿ ਉਹ ਯੂਨੀਵਰਸਿਟੀ ਦੀ ਪੜ੍ਹੀ-ਲਿਖੀ ਸੁਸਾਇਟੀ ਵਿੱਚ ਜਾ ਕੇ ਵੀ ਕਮਜ਼ੋਰ ਨਹੀਂ ਹੁੰਦੇ।

ਬਾਨੋ ਪਹਿਲਾਂ ਤਵਾਇਫ਼ ਦੀ ਧੀ ਅਖਵਾਉਂਦੀ ਸੀ, ਫਿਰ ਆਪ ਤਵਾਇਫ਼ ਸੱਦੀ ਜਾਣ ਲੱਗੀ ਤੇ ਅੱਗੇ ਇਸੇ ਤਰ੍ਹਾਂ

ਤਾਜ ਨਾਲ ਵਾਪਰੀ। ਇਸੇ ਕਰਕੇ ਸਮਾਜ ਦੇ ਇਨ੍ਹਾਂ ਕੱਟੜ ਕਾਨੂੰਨਾਂ ਕਾਰਨ ਬਾਨੋ ਆਪਣੇ ਆਪ ਨੂੰ ਖ਼ੁਸ਼ਹਾਲ ਖ਼ਾਂ ਦੀ ਜ਼ਿੰਦਗੀ ਬਰਬਾਦ ਕਰਨ ਦਾ ਕਾਰਨ ਸਮਝਦੀ ਹੈ ਜਿਸ ਨਾਲ ਉਸਦਾ ਸਮਾਜਿਕ ਰੁਤਬਾ ਨੀਵਾਂ ਹੋ ਗਿਆ। ਇਸੇ ਕਰਕੇ ਬਾਨੋ ਤਾਜ ਨੂੰ ਅਹਿਮਦ ਨਾਲ ਸ਼ਾਦੀ ਕਰਨ ਤੋਂ ਰੋਕਦੀ ਹੈ:

"ਅੱਗੇ ਮੈਂ ਤੇਰੇ ਪਿਉ ਦੀ ਜ਼ਿੰਦਗੀ ਤਬਾਹ ਕਰ ਦਿੱਤੀ, ਉਹਨੂੰ ਉਹਦਿਆਂ ਤੋਂ ਤੋੜ ਕੇ ਇੱਕ ਸਾਊ, ਸ਼ਰੀਫ਼ ਤੇ ਮੁਅੱਜ਼ਜ਼ ਆਦਮੀ ਤੋਂ ਤਵਾਇਫ਼ ਦਾ ਘਰ ਵਾਲਾ ਬਣਾ ਕੇ ........ ਅੱਗੋਂ ਜਿਹੜੇ ਉਹ ਵੀ ਦੋਜ਼ਖ਼ ਭੋਗਣ ਲਈ। ਆਪ ਤੱਤੀ ਵੀ ਸੜੀ ਤੇ ਔਲਾਦ ਨੂੰ ਸੜਦਿਆਂ ਵੇਖਣ ਦੀ ਸਜ਼ਾ ਵੀ ਪਾਈ........ ਹੁਣ ਤੂੰ ਵੀ ਉਹੋ ਕੁਝ ਕਰਨ ਲੱਗੀ ਏ ਜੋ ਮੈਂ ਕੀਤਾ ਸੀ........ ਮੈਂ ਤੈਨੂੰ ਜਾਨੋਂ ਮਾਰ ਦਿਆਂਗੀ ਪਰ ਇਹ ਕੁਝ ਨਾ ਕਰਨ ਦਿਆਂਗੀ।"[9]

ਉਪਰੋਕਤ ਟਿੱਪਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਬਿਨਾਂ ਕਿਸੇ ਗੁਨਾਹ ਦੇ ਸਮਾਜ ਦੇ ਵਿਰੋਧੀ ਰਵੱਈਏ ਵਾਲਾ ਮਾਨਸਿਕ ਸੰਤਾਪ ਜੋ ਬਾਨੋ ਨੇ ਭੋਗਿਆ ਇਹ ਦਰਸਾਉਂਦਾ ਹੈ ਕਿ ਔਰਤ ਵਿਚਾਰੀ ਹੈ/ਮਜ਼ਲੂਮ ਹੈ ਅਤੇ ਮਰਦ ਬਿਨਾਂ ਅਪੂਰਨ ਹੈ, ਜੋ ਮੁੱਢ ਤੋਂ ਹੀ ਸਮਾਜ ਦੀ ਵਿਰੋਧਤਾ ਵਾਲੇ ਰਵੱਈਏ ਦਾ ਸੰਤਾਪ ਭੋਗਦੀ ਆਈ ਹੈ। ਤਾਜ ਦਾ ਅਹਿਮਦ ਨਾਲ ਲੰਦਨ ਭੱਜ ਜਾਣਾ ਅਜਿਹੇ ਔਰਤ ਵਿਰੋਧੀ ਕੱਟੜ ਨਿਜ਼ਾਮ ਤੋਂ ਨਿਜਾਤ ਪਾਉਣਾ ਹੈ ਪਰ ਇੱਥੇ ਆ ਕੇ ਇਥੋਂ ਦੇ ਸਮਾਜ-ਸਭਿਆਚਾਰ ਵਿਚਲੀਆਂ ਸਮੱਸਿਆਵਾਂ ਕਾਰਨ ਉਨ੍ਹਾਂ ਦੇ ਆਪਸੀ ਪਿਆਰ ਸਬੰਧਾਂ ਵਿਚ ਵੀ ਪਾੜਾ ਵਧਣਾ ਸ਼ੁਰੂ ਹੋ ਜਾਂਦਾ ਹੈ। ਉਹ ਅਲੀ ਨੂੰ ਅਹਿਮਦ ਦੇ ਸੱਚ ਤੋਂ ਜਾਣੂ ਕਰਵਾਉਂਦੀ ਹੈ:

"ਭਾਵੇਂ ਇੱਥੇ ਆ ਕੇ ਉਸ ਪੂਰਾ ਸਾਲ ਵੀ ਮੇਰਾ ਸਾਥ ਨਾ ਦਿੱਤਾ ਤੇ ਮੈਨੂੰ ਛੱਡ ਕੇ ਬਿਹਤਰ ਸ਼ੱਜਰਾ-ਨਿਬਸ ਤੇ ਬਿਹਤਰ ਜਾਬ (Job) ਵਾਲੀ ਔਰਤ ਨਾਲ ਕੈਨੇਡਾ ਚਲਾ ਗਿਆ ਪਰ ਚਲੋ ਮੈਂ ਜੱਗ-ਹਸਾਈ ਤੋਂ ਤੇ ਬਚ ਗਈ। ਮੈਂ ਆਪਣੇ ਲੋਕਾਂ ਦੀਆਂ ਨਫ਼ਰਤਾਂ ਭਰੀਆਂ ਗੱਲਾਂ ਤੇ ਜ਼ਹਿਰ ਭਰੀਆਂ ਗੱਲਾਂ ਤੋਂ ਤੇ ਮਹਿਫੂਜ਼ ਆਂ ਨਾ ?"[10]

ਅਹਿਮਦ ਦਾ ਛੱਡ ਜਾਣਾ ਉਸਨੂੰ ਐਨਾ ਦੁਖਦਾਈ ਨਹੀਂ ਜਾਪਦਾ ਜਿੰਨਾ ਦੁਖਦਾਈ ਪਾਕਿਸਤਾਨ ਵਿਚਲੇ ਸਮਾਜ ਵਿਚਲੀ ਆਪਣੀ ਉਸ ਤਵਾਇਫ਼ ਦੀ ਧੀ ਵਾਲੀ ਸ਼ਨਾਖ਼ਤ ਕਾਰਨ ਜਾਪਦਾ ਹੈ। ਉਹ ਆਪਣੀ ਉਸ ਸ਼ਨਾਖ਼ਤ ਨੂੰ ਛੁਪਾਉਣ ਲਈ ਉਸ ਸਮਾਜ ਤੋਂ ਸਦਾ ਲਈ ਪਾਸਾ ਵੱਟ ਕੇ ਇੱਕ ਨਵੇਂ ਸਮਾਜ ਨੂੰ ਅਪਣਾ ਲੈਂਦੀ ਹੈ। ਤਵਾਇਫ਼ ਦੀ ਧੀ ਕਹਾਉਣ ਦਾ ਜੋ ਮਾਨਸਿਕ ਦਰਦ ਉਸਨੇ ਆਪਣੇ ਮੁਲਕ ਵਿੱਚ ਹੰਢਾਇਆ ਉਸਨੇ ਪ੍ਰਵਾਸ ਵਿੱਚ ਜਾ ਕੇ ਉਸਨੂੰ ਆਪਣੀ ਮਿੱਟੀ ਤੋਂ ਨਿਰਮੋਹਾ ਬਣਾ ਦਿੱਤਾ।

ਇਸ ਪ੍ਰਕਾਰ ਉਪਰੋਕਤ ਵਰਣਨ ਤੋਂ ਸਪੱਸ਼ਟ ਹੁੰਦਾ ਹੈ ਕਿ ਔਰਤ ਮੁੱਢ ਤੋਂ ਹੀ ਮਰਦ ਪ੍ਰਧਾਨ ਸਮਾਜ ਵਿੱਚ ਮਰਦ ਅਤੇ ਸਮਾਜ ਦੇ ਜ਼ੁਲਮਾਂ ਦੀ ਸ਼ਿਕਾਰ ਰਹੀ ਹੈ। ਸਮੇਂ ਦੇ ਵੇਗ ਨਾਲ ਬਦਲਦੇ ਮੁਆਸ਼ਰੇ ਅਤੇ ਪੜ੍ਹਾਈ-ਲਿਖਾਈ ਦੇ ਬਾਵਜੂਦ ਪਾਕਿਸਤਾਨੀ ਸਮਾਜ-ਸਭਿਆਚਾਰ ਵਿਚਲਾ ਕੱਟੜ ਨਿਜ਼ਾਮ ਔਰਤ ਵਿਰੋਧੀ ਹੀ ਨਜ਼ਰ ਆਉਂਦਾ ਹੈ ਜਿਸਦਾ ਬਿੰਬ ਅਫ਼ਜ਼ਲ ਅਹਿਸਨ ਰੰਧਾਵਾ ਦੇ ਨਾਵਲਾਂ ਵਿੱਚੋਂ ਸਪੱਸ਼ਟ ਉਘੜਦਾ ਹੈ।

ਹਵਾਲੇ ਅਤੇ ਟਿੱਪਣੀਆਂ



1. ਪਰਮਜੀਤ ਵਰਮਾ, ਕੀ ਜਾਣਾ ਮੈਂ ਕੌਣ, ਬਿਸ਼ਨ ਚੰਦ ਐਂਡ ਸੰਨਜ਼, ਦਿੱਲੀ, ਪੰਨਾ-56.
2. Toril Moi, Sexual/textual politics, Feminist Literary Theory, Routledge, London 1995.p.25.
3. ਅਫ਼ਜ਼ਲ ਤੌਸੀਫ਼, ਅਜੀਤ ਅਖ਼ਬਾਰ,13 ਮਈ 2009,ਪੰਨਾ-4.
4. ਅਫ਼ਜ਼ਲ ਅਹਿਸਨ ਰੰਧਾਵਾ, ਸੂਰਜ ਗ੍ਰਹਿਣ, ਦੀਪਕ ਪਬਲਿਸ਼ਰਜ਼, ਜਲੰਧਰ, 1985, ਪੰਨਾ-24.
5. ਉਹੀ, ਪੰਨਾ-192.
6. ਅਫ਼ਜ਼ਲ ਅਹਿਸਨ ਰੰਧਾਵਾ, ਪੰਧ, ਕੁਕਨਸ ਪ੍ਰਕਾਸ਼ਨ, ਜਲੰਧਰ, 2001, ਪੰਨਾ-8.
7. ਉਹੀ, ਪੰਨਾ-9,10.
8. ਉਹੀ, ਪੰਨਾ-112,113.
9. ਉਹੀ, ਪੰਨਾ-117.
10. ਉਹੀ, ਪੰਨਾ-118.



ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ, ਪਟਿਆਲਾ।
9815429691

# ਮੇਰੀ ਨਜ਼ਰ ਵਿੱਚ 'ਸ਼ਾਇਰੀ ਦਾ ਸਰੂਰ' ਕ੍ਰਿਤ ਡਾ. ਸੁਰਿੰਦਰ ਕਾਹਲੋਂ

ਸੁਰਿੰਦਰ ਸਿੰਘ ਨਿਮਾਣਾ



ਡਾ. ਸੁਰਿੰਦਰ ਕਾਹਲੋਂ ਦੀ ਸ਼ਾਇਰੀ ਦਾ ਸਰੂਰ (ਸ਼ਿਵ ਕੁਮਾਰ ਬਟਾਲਵੀ) ਪੰਜਾਬੀ ਪਾਠਕਾਂ ਦੇ ਹੱਥਾਂ 'ਚ ਓੜਕ ਲੰਬੀ ਉਡੀਕ ਮਗਰੋਂ ਆ ਹੀ ਗਈ ਹੈ। ਸ਼ਿਵ ਇਕ ਅਫ਼ਸਾਨਾ ਬਣ ਚੁੱਕਾ ਪੰਜਾਬੀ ਕਵੀ ਤੇ ਗੀਤਕਾਰ ਹੈ ਜਿਹਨੂੰ ਅੱਜ ਸਾਰਾ ਜੱਗ ਜਾਣਦਾ ਜਾਪਦੈ। ਕਾਹਲੋਂ ਹੋਰੀਂ ਇਸ ਵੱਡੇ ਕਾਰਜ ਨੂੰ ਸ਼ਾਇਦ ਠਰ੍ਹੰਮੇ ਨਾਲ ਕਰਨਾ ਲੋਚਦੇ ਸਨ ਜੋ ਕਿ ਉਨ੍ਹਾਂ ਨੂੰ ਪਿਛਲੇ ਸਮੇਂ ਵਕਤ ਦੀ ਘਾਟ ਕਾਰਨ ਨਸੀਬ ਨਹੀਂ ਹੋ ਰਿਹਾ ਹੋਵੇਗਾ। ਸ਼ਿਵ ਕੁਮਾਰ ਬਟਾਲਵੀ ਦੇ ਸ਼ਾਇਰੀ ਦੇ ਸਰੂਰ ਨੂੰ ਹੀ ਪ੍ਰਤੀਬਿੰਬਤ ਕਰਦੀ ਟਾਈਟਲ 'ਤੇ ਪ੍ਰਕਾਸ਼ਿਤ ਤਸਵੀਰ ਹਰ ਵੇਖਣ ਵਾਲੇ ਨੂੰ ਖਿੱਚਣ ਦੀ ਆਕਰਸ਼ਣ ਸ਼ਕਤੀ ਰੱਖਦੀ ਹੈ ਪਰੰਤੂ ਸ਼ਿਵ ਬਾਰੇ ਜੋ ਕੁਝ ਕਾਹਲੋਂ ਨੇ ਲਿਖ ਦਿੱਤੈ, ਉਹ ਲਾਸਾਨੀ ਹੀ ਹੈ।

ਕਾਹਲੋਂ ਇਹ ਮੰਨਦੈ ਕਿ ਮਾਪੇ ਬੱਚੇ ਨੂੰ ਔਖੇ ਹੋ ਕੇ ਪਾਲਦੇ ਹਨ ਤਾਂ ਅਧਿਆਪਕ ਉਸ ਨੂੰ ਗਿਆਨ ਪ੍ਰਾਪਤੀ ਦੇ ਰਾਹ ਤੋਰਦੇ ਹਨ। ਕਵਿਤਾ ਦੀ ਕੋਮਲ ਕਲਾ ਨੂੰ ਕੁਝ ਲੋਕ ਉਨ੍ਹਾਂ ਨੂੰ ਅਰਸ਼ੋਂ ਉਤਰਨ ਵਾਲੀ ਪਰੀ ਵਰਗੀ ਮੰਨਦੇ ਹਨ ਪਰੰਤੂ ਸੁਰਿੰਦਰ ਕਾਹਲੋਂ ਦੀ 'ਸ਼ਾਇਰੀ ਦਾ ਸਰੂਰ' ਸਾਨੂੰ ਸਟੀਕ ਯਥਾਰਥਕ ਰੂਪ 'ਚ ਇਹ ਟੋਹ ਦੇਂਦੀ ਹੈ ਕਿ ਇਸ ਦੀ ਸਿਖਲਾਈ ਦੀ ਲੋੜ ਹੈ। ਇਸ ਖੇਤਰ 'ਚ ਤਦ ਹੀ ਉਸਤਾਦੀ ਸ਼ਾਗਿਰਦੀ ਦੀ ਇੱਕ ਬਾਕਾਇਦਾ ਪਰੰਪਰਾ ਰਹੀ ਹੈ।

ਇਹ ਕਿਤਾਬ ਸ਼ਿਵ ਕੁਮਾਰ ਬਟਾਲਵੀ ਦੀ ਵਿਧੀਵਤ ਜੀਵਨੀ ਦਾ ਰੂਪ ਨਾ ਹੋ ਕੇ ਉਸ ਦੇ ਜੀਵਨ ਦੇ ਕੁਝ ਚੋਣਵੇਂ ਹਿੱਸਿਆਂ 'ਤੇ ਝਾਤ ਪੁਆਉਂਦੀ ਹੋਈ ਜਿੱਥੇ ਲੇਖਕ ਦੇ ਉਸ ਨਾਲ ਜੀਵਨ ਸਾਂਝ ਬਣਨ, ਉਸਰਨ ਤੇ ਨਿਭਣ ਦਾ ਬ੍ਰਿਤਾਂਤਕ ਵਿਵਰਨ ਪ੍ਰਸਤੁਤ ਕਰਦੀ ਹੈ ਉੱਥੇ ਉਹਦੀ ਲਾਸਾਨੀ ਕਾਵਿ ਪ੍ਰਤਿਭਾ ਉਹਦੀ ਤੀਖਣ ਸਾਹਿਤਕ ਸਮਝ, ਉਹਦੀ ਕਵਿਤਾ ਦੀ ਪੂਰਨ ਭਾਂਤ ਮੌਲਿਕ ਸ਼ੈਲੀ ਅਤੇ ਪੰਜਾਬੀ ਸਭਿਆਚਾਰ ਨਾਲ ਉਹਦੀ ਅਤਿ ਡੂੰਘੀ ਉਣਸ ਨੂੰ ਉਹਦੀ ਪ੍ਰਸਿੱਧੀ ਦੀਆਂ ਸਿਖ਼ਰਾਂ ਨੂੰ ਛੂਹਣ ਦਾ ਆਧਾਰ ਦਰਸਾਉਂਦੀ ਹੈ। ਇਸ ਕਿਤਾਬ ਉੱਪਰ ਇਹ ਮੇਰੇ ਦੁਆਰਾ ਇਹਨੂੰ ਕਵੀ ਵਾਰ ਪੜ੍ਹ-ਵਾਚ ਕੇ ਅਤਿ ਸੰਖੇਪ ਰੂਪ 'ਚ ਇਸ ਵਿੱਚੋਂ ਕੁਝ ਕੁ ਪ੍ਰਸਤੁਤ ਵਿਚਾਰ ਤੇ ਸਰੋਕਾਰ ਪ੍ਰਸਤੁਤ ਕਰਨ ਦਾ ਇਕ ਤੁੱਛ ਜਿਹਾ ਯਤਨ ਹੈ।

ਇਸ ਪੁਸਤਕ ਦਾ ਪਹਿਲਾ ਲੇਖ 'ਉਸਤਾਦ ਬਰਕਤ ਰਾਮ ਜੀ ਯੁਮਨ ਅਤੇ ਸ਼ਿਵ ਕੁਮਾਰ ਸ਼ਾਗਿਰਦੀ ਦੇ ਦਿਨ' ਲੇਖਕ ਦੇ ਇਸ ਪੰਜਾਬ ਭਰ 'ਚ ਪ੍ਰਸਿੱਧ ਹੋਏ ਪੰਜਾਬੀ ਕਵੀ ਦੇ ਸਿਰਫ਼ ਸ਼ਿਸ਼ ਦੇ ਤੌਰ 'ਤੇ ਉਸਤਾਦ ਯੁਮਨ ਜੀ ਨਾਲ ਪਰਸਪਰ ਸੰਬੰਧਾਂ ਦੀ ਟੋਹ ਲੈਣ ਦੀ ਅਭਿਲਾਸ਼ਾ 'ਚੋਂ ਉਪਜਿਆ ਹੈ। ਲੇਖਕ ਅਨੁਸਾਰ ਕਵੀ ਦੇ ਤੌਰ 'ਤੇ ਸ਼ਿਵ ਦੀ ਕਵਿਤਾ ਦੀ ਸ਼ੁਰੂਆਤ ਦਾ ਅਸਲ ਹਕੀਕੀ ਸਰੋਤ ਕੇਵਲ ਯਮਨ ਸਾਹਿਬ ਹੀ ਹੋ ਸਕਦੇ ਸਨ, ਨਾ ਕਿ ਕੋਈ ਵੀ ਹੋਰ। ਕਾਹਲੋਂ ਦੀ ਆਸ ਨੂੰ ਉਸਤਾਦ ਜੀ ਕੋਲ ਗਿਆਂ ਇੱਛਿਤ ਫਲ ਵੀ ਹਾਸਲ ਹੋਇਆ। ਪੰਜਾਬੀ ਕਵਿਤਾ ਦੇ ਆਕਾਸ਼ ਉੱਪਰ ਧਰੂ ਤਾਰਾ ਬਣੇ ਸ਼ਿਵ ਪ੍ਰਤੀ ਉਸਤਾਦ ਜੀ ਦਾ ਪਿਆਰ ਵੀ ਦਰਸਾਇਆ ਗਿਐ ਤੇ ਉਨ੍ਹਾਂ ਦਾ ਮਿੱਠਾ ਜਿਹਾ ਨਿਹੋਰਾ ਵੀ ਕਿ ਸ਼ਿਵ ਭਰਪੂਰ ਪ੍ਰਵਾਨਗੀ ਪਾਉਣ ਮਗਰੋਂ ਉਨ੍ਹਾਂ ਨੂੰ ਜਨਤਕ ਤੌਰ 'ਤੇ ਬਣਦਾ ਉਚਿੱਤ ਸਨਮਾਨ ਦੇਣ ਪੱਖੋਂ ਥੋੜ੍ਹਾ ਕੰਜੂਸ ਹੀ ਨਿਕਲਿਆ ਜਦ ਕਿ ਉਸਤਾਦ ਦੇ ਮਨ 'ਚ ਤਾਂ ਉਹਦੇ ਪ੍ਰਤੀ ਮਾਣ ਤੇ ਪਿਆਰ ਠਾਠਾਂ ਮਾਰਦਾ ਰਿਹਾ। ਇਸ ਲੇਖ 'ਚ ਉਸਤਾਦ ਜੀ ਵੱਲੋਂ ਆਪਣੀ ਮੂਲ ਇਲਾਕਾਈ ਉਪਭਾਸ਼ਾ 'ਚ ਪੁਨਰ-ਪ੍ਰਸਤੁਤ ਕੀਤੀਆਂ ਉਸਤਾਦ ਜੀ ਦੀਆਂ ਟਿੱਪਣੀਆਂ ਪਾਠਕਾਂ ਲਈ ਖਿੱਚ ਰੱਖ ਸਕਦੀਆਂ ਹਨ।

'ਪਹਿਲ ਪਲੇਠੀ ਝਲਕ' ਕਾਹਲੋਂ ਨੇ ਖ਼ੁਦ ਸ਼ਿਵ ਦੀ ਲਈ ਸੀ। ਉਹ ਉਨ੍ਹਾਂ ਦੇ ਸਕੂਲ 'ਚ ਹੋਏ ਨਾਟਕੀ ਮੁਕਾਬਲੇ ਦਾ ਬਿਰਤਾਂਤ ਹੈ। ਲੇਖਕ ਸ਼ਿਵ ਨੂੰ ਅਤਿ ਨੇੜਿਉਂ ਵੇਖ ਕੇ ਨਿਹਾਲ ਹੈ। ਉਹ ਚੱਲ ਰਹੀ ਪ੍ਰਤੀਯੋਗਤਾ 'ਚ ਮੁੱਖ ਨਿਰਣਾਇਕ ਦੀ ਭੂਮਿਕਾ 'ਚ ਲੇਖਕ ਨੂੰ ਸਿਰਫ਼ ਭਾਉਂਦਾ ਹੀ ਨਹੀਂ ਸਗੋਂ ਧੁਰ ਅੰਦਰ ਤੱਕ ਉਹਨੂੰ ਆਪਣੀ ਬਹੁਪੱਖੀ ਬਹੁ-ਪਸਾਰੀ ਯੋਗਤਾ ਦਾ ਕਾਇਲ ਕਰਾ ਜਾਂਦਾ ਹੈ ਜਦੋਂ ਉਹ ਹਾਸਰਸੀ ਹਲਕੇ ਫੁਲਕੇ ਵਧੀਆ ਪੇਸ਼ ਹੋਏ ਨਾਟਕ ਦੇ ਹੱਕ 'ਚ ਨਹੀਂ ਸਗੋਂ ਗਹਿਰ-ਗੰਭੀਰ ਮੁੱਦੇ ਉੱਪਰ ਪ੍ਰਸਤੁਤ ਹੋਏ ਨਾਟਕ ਦੇ ਹੱਕ 'ਚ ਆਪਣਾ ਮੱਤ ਦਰਜ ਕਰਾਉਂਦਾ ਹੈ।

'ਵੱਡੇ ਭਾਅ ਨਾਲ ਪਹਿਲ-ਪਲੇਠੀ-ਮਿਲਣੀ' ਲੇਖਕ ਕਾਹਲੋਂ ਦੁਆਰਾ ਕੁਦਰਤ ਵੱਲੋਂ ਮੇਲ-ਮੁਲਾਕਾਤ ਹੋ ਜਾਣ ਦੀ ਉਸ ਉੱਪਰ ਇਕ ਬਖਸ਼ਿਸ਼ ਹੋ ਜਾਣ ਜਿਹਾ ਅਨੁਭਵ ਅਹਿਸਾਸ ਦੇਣ ਵਾਲੀ ਲੇਖ ਰਚਨਾ ਹੈ। ਵੱਡਾ ਭਾਅ ਲੇਖਕ ਨੂੰ ਉਹਦੇ 'ਸਤਿ ਸ੍ਰੀ ਅਕਾਲ' ਬੁਲਾਉਣ 'ਤੇ ਨੇੜੇ ਹੀ ਸਥਿਤ ਆਪਣੇ ਘਰ ਲੈ ਜਾਂਦਾ ਹੈ। ਜਿੱਥੇ ਉਹਨੂੰ ਸ਼ਿਵ ਜਿਹੇ ਉੱਚ ਦੁਮਾਲੜੇ ਪੰਜਾਬੀ ਕਵੀ ਦੇ ਬਿਲਕੁਲ ਬੈਠਣ ਅਤੇ ਆਪਣੀਆਂ ਲਾਚਾਰੀਆਂ, ਸਫ਼ਲਤਾਵਾਂ ਸਾਂਝੀਆਂ ਕਰਨ ਦਾ ਸਬੱਬ ਬਣਦਾ ਹੈ। ਸ਼ਿਵ ਹੋਰਾਂ ਦੀ ਸੱਜੀ-ਫਬੀ ਬੈਠਕ 'ਚ ਉਹਦੀ ਦਰਦ ਕਹਾਣੀ ਸੁਣਨ 'ਤੇ ਉਹਨੂੰ ਸੰਭਾਵਨਾ ਪ੍ਰਦਾਨ ਕਰਨ ਅਤੇ ਜੀਵਨ 'ਚ ਅੱਗੇ ਵਧਣ ਦੀ ਕੀਤੀ ਪ੍ਰੇਰਣਾ ਦਾ ਸਦਕਾ ਇਹ ਮੁਲਾਕਾਤ ਇਸ ਅਜ਼ੀਮ ਸ਼ਾਇਰ ਨਾਲ ਵਿਆਪਕ ਤੇ ਡੂੰਘੇਰੀ ਜੀਵਨ ਸਾਂਝ 'ਚ ਵਟ ਜਾਣ ਵਾਲੀ ਸਿੱਖ ਹੁੰਦੀ ਹੈ। 'ਭਾਵਨਾ ਮਾਸਕ ਦਾ ਸੰਦਰਭ' ਦਾ ਸਿੱਧਾ ਸੰਬੰਧ ਸ਼ਿਵ ਕੁਮਾਰ ਦੇ ਜੀਵਨ ਤੇ ਉਸ ਦੇ ਵਿਅਕਤਿਤਵ ਪਰੰਤੂ ਲੇਖਕ ਨੇ ਆਪਣੀ ਅੰਤਰ-ਇੱਛਾ ਆਪਣੇ ਇਕ ਸਾਥੀ ਮਿੱਤਰ ਰਸ਼ਪਾਲ ਸਿੰਘ ਨੂੰ ਨਾਲ ਰਲਾ ਕੇ ਉਸਤਾਦ ਬਰਕਤ ਰਾਮ ਯੁਮਨ ਨੂੰ ਉਚੇਚੀ ਬੇਨਤੀ ਕਰਕੇ ਉਨ੍ਹਾਂ ਦੇ ਕੋਲ ਆਉਂਦੇ-ਜਾਂਦੇ ਪੰਜਾਬੀਆਂ ਦੇ ਹਰਮਨ ਪਿਆਰੇ ਗੀਤਕਾਰ ਨੰਦ ਲਾਲ ਨੂਰਪੁਰੀ ਦੇ ਜੀਵਨ ਤੇ ਕਲਾ ਨੂੰ ਦੇਣ ਉੱਪਰ ਇੱਕ ਕੋਲੋਂ ਇਕ ਪ੍ਰੇਰਕ ਲੇਖ ਲਿਖਵਾਉਣ 'ਚ ਸਫ਼ਲਤਾ ਮਿਲ ਜਾਣ ਬਾਰੇ ਆਪਣੇ ਪਾਠਕਾਂ ਨੂੰ ਦੱਸਦਿਆਂ ਮੁੱਖ ਤੌਰ 'ਤੇ 'ਭਾਵਨਾ' ਨਾਮ ਦੇ ਆਪਣੇ ਦੁਆਰਾ ਪ੍ਰਕਾਸ਼ਿਤ ਕੀਤੇ ਜਾਣ ਲਈ ਸੰਭਾਵੀ ਸਾਹਿਤਕ ਰਸਾਲੇ 'ਚ ਆਪਣੇ ਸੰਪਾਦਕ ਸਾਂਝੀਦਾਰ ਸਾਥੀ ਰਸ਼ਪਾਲ ਦੀ ਸਹਿਮਤੀ ਨਾ ਬਣਨ ਦੀ ਬੇਵੱਸੀ ਕਰਕੇ ਸ਼ਿਵ ਕੁਮਾਰ ਜਿਹੇ ਨਜ਼ਦੀਕੀ ਦੀ ਰਚਨਾ 'ਸ਼ੀਸ਼ੇ' ਨਾ ਪ੍ਰਕਾਸ਼ਿਤ ਕਰ ਸਕਣ ਦੀ ਮਜਬੂਰੀ ਸਾਂਝੀ ਕਰਕੇ ਆਪਣੇ ਵੱਡੇ ਭਾਅ ਨੂੰ ਆਪਣਾ ਪੱਖ ਦਰਸਾਉਣ ਦੀ ਚੇਸ਼ਟਾ ਕੀਤੀ ਹੈ।

' ਗੀਤਾਂ ਦਾ ਸਨਮਾਨ ਸਮਾਰੋਹ' ਸ਼ਿਵ ਦਾ ਬਟਾਲੇ ਦਾ ਕਾਰਖ਼ਾਨੇਦਾਰਾਂ ਵੱਲੋਂ ਸ਼ਿਵ ਦਾ ਆਪਣੇ ਢੰਗ ਨਾਲ ਅਪਮਾਨ ਜਿਹਾ ਸਨਮਾਨ ਕਰਨ ਦਾ ਲੁਕਿਆ ਸੱਚ ਜ਼ਾਹਿਰ ਕਰਨ ਦਾ ਹੌਸਲਾ ਦਰਸਾਇਆ ਹੈ। 'ਸੌਂਕਣ ਮੇਲੇ ਦੀ' ਫ਼ਿਲਮ ਬਟਾਲੇ ਦੇ ਇਕ ਉੱਦਮੀ ਨੇ ਸ਼ੁਕਰਪੁਰੇ ਦੇ ਆਪਣੇ ਖੇਤਾਂ ਦੇ ਪਲਾਟ ਕੱਟ ਕੇ ਵੇਚਣ ਤੋਂ ਹੋਈ ਅਥਾਹ ਆਮਦਨ ਹੋਣ ਕਰਕੇ ਬਣਾਈ ਸੀ ਜਿਸ ਦਾ ਜਸ਼ਨ ਮਨਾਉਣ ਲਈ ਇੱਥੋਂ ਦੇ ਕਾਰਖ਼ਾਨੇਦਾਰਾਂ ਨੇ ਆਪਣੀ ਤਰਫ਼ੋਂ ਸ਼ਿਵ ਦਾ ਸਨਮਾਨ ਕੀਤਾ ਸੀ। ਪਰੰਤੂ ਲੇਖ ਅਨੁਸਾਰ ਇਹ ਉਹਦੀ ਕਲਾ ਦਾ ਸਨਮਾਨ ਨਹੀਂ, ਅਪਮਾਨ ਸੀ। ਬਟਾਲੇ ਦੇ ਕਾਰਖ਼ਾਨੇਦਾਰ ਕਾਹਲੋਂ ਅਨੁਸਾਰ ਸ਼ਿਵ ਦੇ ਸ਼ੋਸ਼ਕ ਸਨ। ਉਹਨੂੰ ਸ਼ਰਾਬ ਦਾ ਆਦੀ ਬਣਾਉਣ ਵਾਲੇ।

'ਨਾਰੀ ਸਮਾਜ ਅਤੇ ਸ਼ਿਵ ਬਟਾਲਵੀ' ਸ਼ਿਵ ਨਾਲ ਖ਼ਾਰ ਖਾਂਦੇ ਤੇ ਈਰਖਾ ਪਾਲਦੇ ਲੇਖਕਾਂ ਦੁਆਰਾ ਉਹਦੇ ਬਾਰੇ ਝੂਠੀਆਂ ਊਜਾਂ ਲਵਾ ਕੇ ਉਹਨੂੰ ਬਦਨਾਮ ਕਰਨ ਦੀਆਂ ਬਦਨੀਤੀਆਂ ਤੋਂ ਪਰਦਾ ਲਾਹੁਣ ਅਤੇ ਨੌਜਵਾਨ ਕੁੜੀਆਂ ਨਾਲ ਉਹਦੇ ਸੰਬੰਧਾਂ ਦੀਆਂ ਝੂਠੀਆਂ ਅਫ਼ਵਾਹਾਂ ਫੈਲਾਉਣ ਦੇ ਸੱਚ ਤੋਂ ਪਰਦਾ ਲਾਹੁੰਦਿਆਂ ਖ਼ੁਦ ਛੋਟਾ ਹੋਣ ਦੇ ਬਾਵਜੂਦ ਵੱਡੇ ਭਾਅ ਸ਼ਿਵ ਨੂੰ ਅਜਿਹੀਆਂ ਚਾਲਾਂ ਤੋਂ ਸੁਚੇਤ ਕਰਨ ਤੇ ਵੱਡੇ ਭਰਾ ਨੂੰ ਸਰੀਰਕ ਮਾਨਸਿਕ ਬਿਪਤਾ 'ਚੋਂ ਆਪਣੇ ਸਾਹਸੀ ਜਤਨਾਂ ਨਾਲ ਕੱਢਣ ਦਾ ਅਤਿ ਗਹਿਰਾ ਹੋਇਆ ਮਸਲਾ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ ਹੈ। ਜਿਹੜੇ ਸਮਕਾਲੀ ਸ਼ਿਵ ਦੀ ਉਪਜਾਊ ਤੇ ਸੁਹਣੀ-ਸੁਨੱਖੀ ਕਲਮ ਦੇ ਮੂਹਰੇ ਕਿਧਰੇ ਟਿਕਦੇ ਨਹੀਂ ਸਨ, ਉਨ੍ਹਾਂ ਨੇ ਅਜਿਹੇ ਹਰਬੇ ਸ਼ਿਵ ਨੂੰ ਨਿਰਾਸ਼ ਕਰਨ ਲਈ ਅਜ਼ਮਾਏ।

'ਇਕ ਕਵੀ ਦਰਬਾਰ ਦੀ ਵਿਥਿਆ' ਲੇਖਕ ਸਮੇਤ ਉਸਦੇ ਇਕ ਸਾਥੀ ਦੋਸਤ ਸ੍ਰੀ ਪ੍ਰੇਮ ਕੁਮਾਰ ਵੱਲੋਂ ਬਟਾਲੇ ਦੀ

ਉਦਯੋਗਿਕ ਸੰਸਥਾ ਕਾਹਨੂੰਵਾਨ ਰੋਡ ’ਤੇ ਜੋ ਸਥਿਤ ਹੈ ਉਸ ਵਿੱਚ ਲੋਕ ਸੰਪਰਕ ਵਿਭਾਗ ਦੀ ਗੁਰਦਾਸਪੁਰ ਸ਼ਾਖਾ ਦੇ ਸਮਾਗਮ ’ਚ ਖ਼ੁਦ ਨੂੰ ਅਣਗੌਲੇ ਜਾਣ ਦੇ ਝੂਠੇ/ਸੱਚੇ ਭਰਮ ਦਾ ਸ਼ਿਕਾਰ ਹੋ ਕੇ ਨਰਾਜ਼ ਹੋ ਕੇ ਇਸ ਨੂੰ ਛੱਡ ਆਉਣ ਦਾ ਬ੍ਰਿਤਾਂਤ ਦਿੱਤਾ ਹੈ। ਮਗਰੋਂ ਤਿੰਨੇ ਦੋਸਤ ਸ਼ਿਵ ਕੋਲੋਂ ਉਹਦੀਆਂ ਕਵਿਤਾਵਾਂ ਤੇ ਗੀਤ ਚੰਨ ਦੀ ਚਾਨਣੀ ’ਚ ਸੁਣ ਕੇ ਬੇਰਸੀ ਨੂੰ ਰਸ ਭਰੀ ਬਣਾਉਣ ਦਾ ਸਫ਼ਲ ਜਾਂ ਅਸਫ਼ਲ ਜਤਨ ਕਰਦੇ ਹਨ। ਕਾਹਲੋਂ ਨੇ ਇਸ ਬੇਰਸੀ ਉੱਪਰ ਖ਼ੁਦ ਕੋਈ ਵੀ ਟਿੱਪਣੀ ਕਰਨ ਤੋਂ ਗੁਰੇਜ਼ ਕਰਨ ਦਾ ਪੈਂਤੜਾ ਅਪਣਾਇਆ ਹੈ।

‘ਜੁਆਨੀਆਂ ਦਾ ਜਸ਼ਨ ਤੇ ਸ਼ਿਵ ਕੁਮਾਰ ਬਟਾਲਵੀ’ 1970 ’ਚ ਜ਼ਿਲ੍ਹਾ ਪੁਸਤਕਾਲਿਆ ਪਟਿਆਲਾ ’ਚ ਲੇਖਕ ਦੁਆਰਾ ਪੰਜਾਬੀ ਦੇ ਹਰਮਨ ਪਿਆਰੇ ਸਮਾਜਿਕ ਨਾਟਕਕਾਰ ਡਾ. ਹਰਚਰਨ ਸਿੰਘ ਦੁਆਰਾ ਲਿਖੇ ਤੇ ਹਰਪਾਲ ਅਤੇ ਨੀਨਾ ਟਿਵਾਣਾ ਦੀ ਨਾਟਕ ਮੰਡਲੀ ਦੁਆਰਾ ਖੇਡੇ ਗਏ ਨਾਟਕ ਦੀਆਂ ਅਭੁੱਲ ਪ੍ਰਭਾਵਸ਼ਾਲੀ ਯਾਦਾਂ ਅਤੇ ਸ਼ਿਵ ਕੁਮਾਰ ਦੀ ਇਸ ਅਵਸਰ ’ਤੇ ਸੰਸਾਰ ਅਮਨ ਅਤੇ ਭਾਈਚਾਰੇ ਦੀ ਭਾਵਨਾ ਨੂੰ ਅੱਗੇ ਵਧਾਉਂਦੀ ਕਵਿਤਾ ਦੀ ਪੇਸ਼ਕਾਰੀ ਦਾ ਤੱਤਸਾਰ ਦਰਸਾਉਂਦੀ ਰਚਨਾ ਹੈ। ਡਾ. ਗੋਪਾਲ ਸਿੰਘ ਦਰਦੀ/ਫ਼ਿਲਮ ਇਕ ਸਿਨਮਾ ਘਰ ਵਿੱਚ ਇਹ ਤੱਥ ਦਰਸਾਉਂਦਾ ਬ੍ਰਿਤਾਂਤਕ ਲੇਖ ਹੈ ਕਿ ਸ਼ਿਵ ਆਪਣੇ ਸ਼ਹਿਰ ਤੋਂ ਆਏ ਲੋਕਾਂ ਦੇ ਕੰਮ ਆ ਕੇ ਖ਼ੁਸ਼ੀ ਮਹਿਸੂਸ ਕਰਿਆ ਕਰਦਾ ਸੀ। ਲੇਖਕ ਤੇ ਉਹਦੇ ਸਾਥੀਆਂ ਨੂੰ ਸ਼ਿਵ ਨੇ ਅੰਮ੍ਰਿਤਸਰ ’ਚ ਗੁਰੂ ਨਾਨਕ ਸਾਹਿਬ ਉੱਪਰ ਬਣੀ ਡਾ. ਗੋਪਾਲ ਸਿੰਘ ਦਰਦੀ ਦੀ ਡਾਕੂਮੈਂਟਰੀ ਫ਼ਿਲਮ ਲਈ ਪਾਸ ਦਿਵਾ ਕੇ ਸੱਚੀ ਖ਼ੁਸ਼ੀ ਮਹਿਸੂਸ ਕੀਤੀ।

‘ਸ਼ਿਵ ਕੁਮਾਰ- ਸਖਸ਼ੀਅਤੀ ਰੁਝਾਨ,’ ‘ਜਿੱਥੇ ਭੱਜਿਆ ਵੀ ਨਾ ਮਿਲੂ ਦੀਵਾ’ ‘ਉਸ ਦਰਦ ਰੰਞਾਣੇ ਦੀ ਆਖ਼ਰੀ ਬਟਾਲਾ ਫੇਰੀ’ ਅਤੇ ਸੋਗ ਸਭਾ ਤੋਂ ਆਉਂਦਿਆਂ ਲੇਖਕ ਸਮੇਤ ਸ਼ਿਵ ਦੇ ਦੀਵਾਨਿਆਂ, ਚਾਹੁਣ ਵਾਲਿਆਂ ਤੇ ਉਸ ਨੂੰ ਪਿਆਰ-ਸਤਿਕਾਰ ਦੇਣ ਵਾਲੇ ਉਹਦੇ ਸਮਕਾਲੀਆਂ ਨੂੰ ਉਦਾਸ ਨਿਰਾਸ਼ ਕਰਨ ਵਾਲੇ ਹਨ। ਇਹ ਕਾਂਡ ਤਫ਼ਸੀਲ ’ਚ ਦਰਸਾਉਂਦੇ ਹਨ ਕਿ ਕਿਵੇਂ ਲੋਕ ਦਿਲਾਂ ਖ਼ਾਸ ਕਰਕੇ ਦੁਨੀਆਂ ਭਰ ’ਚ ਵੱਸਣ ਵਾਲੇ ਪੰਜਾਬੀ ਪਿਆਰਿਆਂ ਨੂੰ ਉਹਦੇ ਬੇਵਕਤ ਅੰਤ, ਘਰ ਪਰਿਵਾਰ ’ਚ ਦੂਰੀਆਂ ਵਧਣ, ਇੰਗਲੈਂਡ ਦੀ ਫੇਰੀ ਤੋਂ ਘੋਰ ਬਿਮਾਰੀ ਸਹੇੜ ਕੇ ਆਉਣ ਅਤੇ ਉਸ ਸੂਰਤ ’ਚ ਵੀ ਸ਼ਰਾਬ ਦਾ ਸੇਵਨ ਕਰੀ ਜਾਣ ਤੇ ਅੰਤ ਸਹੁਰਿਆਂ ਦੇ ਘਰ ਜਾ ਕੇ ਉਸ ਦੇ ਜੀਵਨ-ਲੀਲ੍ਹਾ ਦੀ ਸਮਾਪਤੀ ਦੀ ਵੇਦਨਾ ਭਰਪੂਰ ਕਥਾ ਅਤਿ ਦੁਖਾਂਤਕ ਤੇ ਕਰੁਣਾਮਈ ਵੇਦਨਾ ਦੇਣ ਤੇ ਬੁੱਕ-ਬੁੱਕ ਹੰਝੂ ਕੇਰਨ ਲਈ ਮਜਬੂਰ ਕਰ ਦੇਣ ਵਾਲੀ ਹੈ। ਅੰਤਲੇ ਹਿੱਸੇ ਵਿੱਚ ‘ਸ਼ਾਇਰੀ ਦਾ ਸਰੂਰ’ ਇਸ ਮਹਾਨ ਪੰਜਾਬੀ ਕਵੀ, ਗੀਤਕਾਰ ਦੀ ਸ਼ਾਇਰੀ ਦੇ ਮੱਦੇਨਜ਼ਰ ਕੁਝ ਸੁੱਝੇ ਤੇ ਚਿੰਤਨ ’ਚੋਂ ਕਮਾਏ ਵਿਚਾਰਾਂ ਤੋਂ ਇਕ ਵਿਚਾਰ ਸ਼ੁਰੂ ਕਰਕੇ ਸ਼ਿਵ ਕੁਮਾਰ ਦੀਆਂ ਕੁਝ ਅਤਿ ਯਾਦਗਾਰੀ ਸਮਝੀਆਂ ਗਈਆਂ ਕਵਿਤਾਵਾਂ ਦੀ ਵਿਚਾਰ-ਵਿਆਖਿਆ ਤੇ ਕਲਾਤਮਿਕਤਾ ਦਰਸਾਉਣ ਦਾ ਹੀਲਾ ਵਸੀਲਾ ਕਰਦਿਆਂ ਅੰਤ ’ਚ ਸ਼ਿਵ ਵੱਲੋਂ ਆਪਣੇ ਅੰਤਲੇ ਜੀਵਨ ਕਾਲ ’ਚ ਆਪਣੇ ਪਰਿਵਾਰਿਕ ਜੀਆਂ ਲਈ ਆਪਣੇ ਕਾਲ ਵੱਸ ਹੋਣ ਤੋਂ ਮਗਰੋਂ ਦੀ ਸਥਿਤੀ ’ਚ ਕੁਝ ਸੁਝਾਅ ਦੇਂਦਿਆਂ ਇਹ ਟੋਹ ਦੇ ਗਿਆ ਕਿ ਪਰਿਵਾਰ ਵੀ ਉਸ ਲਈ ਬਹੁਤ ਕੁਝ ਸੀ, ਭਾਵ ਉਸ ਨੇ ਕਦਾਚਿਤ ਜਾਣ-ਬੁੱਝ ਕੇ ਪਰਵਾਰ ਨੂੰ ਅਣਡਿੱਠ ਨਹੀਂ ਕੀਤਾ। ਕੁਦਰਤ ਨੇ ਉਹਨੂੰ ਕਿੰਨਾ ਸਮਾਂ ਪਰਿਵਾਰ ਨਾਲ ਬਿਤਾਉਣ ਦਾ ਅਵਸਰ ਬਖ਼ਸ਼ਿਆ। ਉਸ ਪਰਿਵਾਰ ਦਾ ਹੋਣ ਦੀ ਕੋਸ਼ਿਸ਼ ਜ਼ਰੂਰ ਕੀਤੀ।

ਹੰਸਲੀ ਕਵਾਟਰਜ਼,
ਨਿਊ ਤਹਿਸੀਲਪੁਰਾ, ਅੰਮ੍ਰਿਤਸਰ
88727-35111

ਉਦੇਸ਼ ਜਾਂ ਨਿਸ਼ਾਨੇ ਮਿੱਥਣ ਨਾਲ,
ਜੀਵਨ ਨੂੰ ਰੁਝੇਵੇਂ ਮਿਲ ਜਾਂਦੇ ਹਨ।

ਆਪਣੇ ਆਪ ’ਤੇ ਵਿਸ਼ਵਾਸ ਕਰੋ,
ਤਾਂ ਹੀ ਦੂਜਿਆਂ ’ਤੇ ਵਿਸ਼ਵਾਸ ਕਰ ਸਕੋਗੇ।

**ਨਰਿੰਦਰ ਸਿੰਘ ਕਪੂਰ**

# ਪੰਜਾਬੀ ਸਾਹਿਤ ਅਤੇ ਨਾਰੀ

ਅਨਿਲ ਕੁਮਾਰ ਸੌਦਾ



ਆਦਿ ਕਾਲ ਵਿਚ ਜਦੋਂ ਔਰਤ ਦੀ ਸਥਿਤੀ ਉੱਪਰ ਨਜ਼ਰ ਮਾਰਦੇ ਹਾਂ ਤਾਂ ਉਸ ਦੇ ਸਮਾਜ ਵਿਚ ਸਥਾਨ ਬਾਰੇ ਸਪਸ਼ਟ ਹੁੰਦਾ ਹੈ ਕਿ ਨਾਰੀ ਨੂੰ ਦੁਜੈਲੀ ਸਥਾਨ 'ਤੇ ਰੱਖਿਆ ਹੋਇਆ ਸੀ। ਭਾਵੇਂ ਅਸੀਂ ਸਾਰੇ ਇਹ ਭਲੀ-ਭਾਂਤ ਜਾਣਦੇ ਹਾਂ ਕਿ ਔਰਤ ਤੋਂ ਬਿਨਾਂ ਸ੍ਰਿਸ਼ਟੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਪਰ ਫੇਰ ਵੀ ਉਸ ਨੂੰ ਉਸਦਾ ਬਣਦਾ ਹੱਕ ਕਦੇ ਵੀ ਪ੍ਰਾਪਤ ਨਹੀਂ ਹੋਇਆ। ਹਰ ਸਮੇਂ ਉਸ ਨਾਲ ਬੁਰਾ ਸਲੂਕ ਹੀ ਹੋਇਆ। ਉਹ ਹਮੇਸ਼ਾਂ ਪਿਆਰ ਲਈ ਤੜਫਦੀ ਰਹੀ। ਉਸਦੀ ਰੂਹ ਦੀ ਕਦੀ ਵੀ ਕਦਰ ਨਹੀਂ ਹੋਈ। ਬਾਵਾ ਬਲਵੰਤ ਦੀ ਕਵਿਤਾ ਵਿਚ ਸਦੀਆਂ ਤੋਂ ਹੀ ਇਸਤਰੀ-ਜਾਤੀ ਦੀ ਕਰੁਣਾਮਈ ਹਾਲਤ ਨੂੰ ਦਰਸਾਇਆ ਗਿਆ ਹੈ। ਉਸ ਅਨੁਸਾਰ ਸਦੀਆਂ ਤੋਂ ਹੀ ਇਸਤਰੀ ਬੇਬਸ, ਗ਼ੁਲਾਮ ਅਤੇ ਅਤ੍ਰਿਪਤ ਰਹੀ ਹੈ।

ਨਜ਼ਰ ਵਿਚ ਔਰਤ ਸਦਾ ਦਾਸੀ ਰਹੀ,<br>
ਇਸ ਲਈ ਔਰਤ ਦੀ ਰੂਹ ਪਿਆਸੀ ਰਹੀ।<br>
ਇਸ ਲਈ ਪੂਰਬ ਹੈ ਕਿ? ਪੱਛਮ ਹੈ ਕੀ?<br>
ਰੂਹ ਦੀ ਕੋਈ ਕਦਰ ਕਰਦਾ ਨਹੀਂ।<br>
ਮਾਰਦੇ ਹਨ ਇਸ ਨੂੰ ਜੱਸ ਦੇ ਵਾਸਤੇ,<br>
ਦੇਣ ਆਜ਼ਾਦੀ ਨਫ਼ਸ ਦੇ ਵਾਸਤੇ। **(ਬਾਵਾ ਬਲਵੰਤ)**

ਗੁਰੂ ਨਾਨਕ ਕਾਲ ਤੋਂ ਪਹਿਲਾਂ ਅਤੇ ਗੁਰੂ ਜੀ ਦੇ ਸਮੇਂ ਨਾਰੀ ਦੀ ਸਥਿਤੀ ਚੰਗੀ ਨਹੀਂ ਸੀ। ਮਰਦ ਨਾਲੋਂ ਇਸਤਰੀ ਦਾ ਦਰਜਾ ਨੀਵਾਂ ਸਮਝਿਆ ਜਾਂਦਾ ਸੀ। ਜਿਸ ਦੇ ਸਿੱਟੇ ਵਜੋਂ ਉਸ ਨੂੰ ਜੀਵਨ ਦੇ ਸਰਬ ਪੱਖਾਂ ਤੋਂ ਪੁਰਸ਼ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਸਨ। ਉਹ ਪੁਰਸ਼ ਦੇ ਮਨ ਪਰਚਾਵੇ ਦਾ ਸਾਧਨ ਬਣ ਕੇ ਰਹਿ ਗਈ ਸੀ। ਪੁਰਸ਼ ਪ੍ਰਧਾਨ ਸਮਾਜ ਵਿਚ ਉਸ ਨੂੰ ਹੋਰਨਾਂ ਵਸਤਾਂ ਦੀ ਤਰ੍ਹਾਂ ਇਕ ਵਸਤੂ ਸਮਝਿਆ ਜਾਂਦਾ ਸੀ ਅਤੇ ਉਸ ਦਾ ਮੁੱਲ ਨਿਰਧਾਰਨ ਕੀਤਾ ਜਾਂਦਾ ਸੀ। ਧਾਰਮਿਕ ਆਗੂ ਵੀ ਇਸਤਰੀ ਨੂੰ ਯੋਗ ਸਤਿਕਾਰ ਨਹੀਂ ਸਨ ਦਿੰਦੇ। ਉਸ ਸਮੇਂ ਦੇਸ਼ ਵਿਚ ਪ੍ਰਚਲਿਤ ਭਾਰਤੀ ਤੇ ਸਾਮੀ ਦੋਵੇਂ ਪਰੰਪਰਾਵਾਂ ਇਸਤਰੀ ਜਾਤੀ ਨੂੰ ਤ੍ਰਿਸਕਾਰ ਰਹੀਆਂ ਸਨ। ਮੱਧ ਕਾਲੀਨ ਭਾਰਤ ਵਿਚ ਭਾਰਤੀ ਅਤੇ ਸਾਮੀ ਸਭਿਆਚਾਰ ਨੇ ਦੇਸ਼ ਦੀ ਰਾਜਨੀਤਿਕ ਸਥਿਤੀ ਅਤੇ ਪੁਰਖ ਇਸਤਰੀ ਦੇ ਨਸਲੀ ਵਿਤਕਰੇ ਨੇ ਭਾਰਤ ਵਿਚ ਔਰਤਾਂ ਨੂੰ ਬੁਰਕੇ ਵਿਚ ਲਪੇਟਣਾ, ਘੁੰਡ ਵਿਚ ਬੰਦ ਕਰਨਾ, ਪਤੀ ਦੇ ਮਰਨ ਉੱਤੇ ਇਸਤਰੀ ਨੂੰ ਉਸਦੀ ਚਿਤਾ ਵਿਚ ਬੈਠ ਕੇ ਸਤੀ ਕਰਨ ਅਤੇ ਕੁੜੀਆਂ ਦੇ ਵੇਚਣ, ਛੋਟੀ ਉਮਰ ਵਿਚ ਵਿਆਹ ਦੇਣਾ ਜਾਂ ਜੰਮਦਿਆਂ ਮਾਰ ਦੇਣਾ ਆਦਿ ਘਿਣਾਉਣੀਆਂ ਸਮਾਜੀ ਕੁਰੀਤੀਆਂ ਵਿਚ ਫਸਾ ਦਿੱਤਾ ਸੀ। ਸਿੱਖ ਗੁਰੂਆਂ ਨੇ ਇਸਤਰੀ ਦੀ ਇਸ ਦਸ਼ਾ ਨੂੰ ਵੇਖ ਕੇ ਇਸ ਦੀ ਸਿਰਫ਼ ਘੋਰ ਨਿੰਦਾ ਹੀ ਨਹੀਂ ਕੀਤੀ ਬਲਕਿ ਸਿੱਖ ਸਭਿਆਚਾਰ ਵਿਚ ਇਨ੍ਹਾਂ ਲਾਹਨਤਾਂ ਨੂੰ ਦੂਰ ਕਰਨ ਦੀ ਤਾਕੀਦ ਵੀ ਕੀਤੀ। ਸਮੁੱਚੇ ਸਮਾਜ ਨੂੰ ਸਪਸ਼ਟ ਸ਼ਬਦਾਂ ਵਿਚ ਸਮਝਾਇਆ ਕਿ ਇਸਤਰੀ ਤੋਂ ਹੀ ਸਾਰੇ ਜਗਤ ਦਾ ਪਸਾਰ ਹੋਇਆ ਹੈ। ਇਸਤਰੀ ਕਾਰਨ ਹੀ ਸਾਡੇ ਦੁਨਿਆਵੀ ਸੰਬੰਧ ਅਤੇ ਰਿਸ਼ਤੇਦਾਰੀਆਂ ਬਣੀਆਂ ਹਨ, ਇਸਤਰੀ ਤੋਂ ਬਿਨਾਂ ਮਨੁੱਖ ਅਧੂਰਾ ਹੈ। ਇਸਤਰੀ ਮਰ ਜਾਣ 'ਤੇ ਮਨੁੱਖ ਦੂਜੀ ਇਸਤਰੀ ਦੀ ਭਾਲ ਕਰਦਾ ਹੈ, ਰਾਜੇ-ਮਹਾਰਾਜੇ ਵੀ ਇਸ ਦੀ ਕੁੱਖ ਤੋਂ ਹੀ ਜਨਮ ਲੈਂਦੇ ਹਨ ਤਾਂ ਉਸ ਨੂੰ ਮੰਦਾ ਕਿਵੇਂ ਕਿਹਾ ਜਾ ਸਕਦਾ ਹੈ। ਸਾਰੇ ਹੀ ਰਿਸ਼ਤਿਆਂ-ਨਾਤਿਆਂ ਦੇ ਸੰਬੰਧ ਨਾਰੀ ਨਾਲ ਹੀ ਜਾ ਜੁੜਦੇ ਹਨ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।<br>
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।<br>
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।<br>
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਸ਼ੋਸ਼ਣ ਉੱਪਰ ਅਧਾਰਿਤ ਸਮਾਜਿਕ ਵਿਵਸਥਾ ਨੂੰ ਪ੍ਰਵਾਨ ਨਹੀਂ ਕੀਤਾ। ਸਾਰੇ ਹੀ ਗੁਰੂ ਸਾਹਿਬਾਨਾਂ ਨੇ ਇਸਤਰੀ ਨੂੰ

ਮਨੁੱਖੀ ਸਮਾਜ ਵਿਚ ਨੀਵੀਂ ਤੇ ਘਟੀਆ ਸਮਝੇ ਜਾਣ ਦੀ ਵਿਰੋਧਤਾ ਹੀ ਨਹੀਂ ਕੀਤੀ ਬਲਕਿ ਆਪਣੇ ਸਮੇਂ ਵਿਚ ਪ੍ਰਚਲਿਤ ਸਤੀ ਪ੍ਰਥਾ, ਪਰਦਾ ਪ੍ਰਥਾ ਆਦਿ ਦੀ ਨਿੰਦਾ ਕੀਤੀ, ਜਿਸ ਬਾਰੇ ਗੁਰਬਾਣੀ ਵਿਚ ਅਨੇਕਾਂ ਹਵਾਲੇ ਮਿਲਦੇ ਹਨ। ਗੁਰੂ ਸਾਹਿਬਾਨਾਂ ਨੇ ਇਸਤਰੀ ਨੂੰ ਮਰਦ ਦੇ ਸਮਾਨ ਹੀ ਦਰਜਾ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਵੀ ਪਰਿਵਾਰ ਵਿਚ ਇਸਤਰੀ ਦੇ ਦਰਜੇ ਨੂੰ ਅਹਿਮ ਮੰਨਿਆ ਹੈ। ਉਸ ਤੋਂ ਬਿਨਾਂ ਅਸੀਂ ਪਰਿਵਾਰ ਦੇ ਸੰਕਲਪਾਂ ਅਤੇ ਬਣਤਰ ਬਾਰੇ ਸੋਚ ਵੀ ਨਹੀਂ ਸਕਦੇ:-

ਸਭ ਪਰਵਾਰੈ ਮਾਹਿ ਸਰੇਸਟ॥<br>
ਮਤੀ ਦੇਵੀ ਦੇਵਰ ਜੇਸਟ॥<br>
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥<br>
ਜਨ ਨਾਨਕ ਸੁਖੇ ਸੁਖਿ ਵਿਹਾਇ॥

ਨਾਥਾਂ ਜੋਗੀਆਂ ਨੇ ਉਸ ਨੂੰ ਬਾਘਿਨ, ਨਾਗਿਨ ਤਕ ਕਹਿ ਕੇ ਨਿੰਦਿਆ ਹੈ। ਗੁਰੂਆਂ ਨੇ ਇਸਤਰੀ ਨੂੰ ਪ੍ਰਭੂ ਪ੍ਰਾਪਤੀ ਲਈ ਇਕ ਅੜਚਣ ਨਹੀਂ ਮੰਨਿਆ। ਇਸੇ ਲਈ ਉਨ੍ਹਾਂ ਘਰ-ਬਾਰ ਛੱਡ ਕੇ ਸੰਨਿਆਸ ਦੇ ਮਾਰਗ ਦਾ ਸਮਰਥਨ ਕਰਨ ਵਾਲਿਆਂ ਨੂੰ ਫਿਟਕਾਰ ਲਗਾਈ ਹੈ ਅਤੇ ਗ੍ਰਹਿਸਤ ਜੀਵਨ ਚੰਗੀ ਤਰ੍ਹਾਂ ਜਿਊਣ ਦੀ ਰਾਹ ਵਿਖਾਈ। ਨਾਥਾਂ ਜੋਗੀਆਂ ਨਾਲ ਸੰਵਾਦ ਰਚਾਉਂਦਿਆਂ ਗੁਰੂ ਸਾਹਿਬਾਨ ਨੇ ਇਨ੍ਹਾਂ ਪੰਕਤੀਆਂ ਵਿਚ ਉਚਾਰਿਆ:-

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।<br>
ਬਿਨੁ ਦਿਤੇ ਕੁਛ ਹਥਿ ਨ ਆਈ॥

ਨਾਥਾਂ-ਜੋਗੀਆਂ ਨੂੰ ਆਪਣੇ ਤਰਕਾਂ ਰਾਹੀਂ ਗੁਰੂ ਜੀ ਨੇ ਨਿਰਉੱਤਰ ਕਰਕੇ ਇਸਤਰੀ ਜਾਤੀ ਨੂੰ ਉੱਚੇ ਪਾਇਦਾਨ 'ਤੇ ਰੱਖਿਆ ਹੈ:-

ਹਾਥ ਕਮੰਡਲੁ ਕਾਪੜੀਆ<br>
ਮਨਿ ਤ੍ਰਿਸਨਾ ਉਪਜੀ ਭਾਰੀ॥<br>
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ<br>
ਚਿਤੁ ਲਾਇਆ ਪਰ ਨਾਰੀ॥<br>
ਨਾਰੀ ਪੁਰਖੁ ਪੁਰਖੁ ਸਭ ਨਾਰੀ<br>
ਸਭੁ ਏਕੋ ਪੁਰਖੁ ਮੁਰਾਰੇ॥

ਗੁਰੂ ਰਾਮਦਾਸ ਜੀ ਨੇ ਨਾਰੀ ਅਤੇ ਪੁਰਸ਼ ਦਾ ਅੰਤਰ ਹੀ ਸਮਾਪਤ ਕਰ ਦਿੱਤਾ। ਦੋਵਾਂ ਨੂੰ ਇੱਕੋ ਸਮਾਨ ਹੀ ਮੰਨਿਆ ਹੈ।

ਗੁਰਬਾਣੀ ਵਿਚ ਗੁਰੂ ਸਾਹਿਬਾਨਾਂ ਨੇ ਇਸਤਰੀ ਨੂੰ ਸੁਹਾਗਣ, ਸੁਲੱਖਣੀ, ਸੁਚੱਜੀ, ਸਚਿਆਰ ਬਣਨ ਦੇ ਰਾਹ ਸੁਝਾਏ ਹਨ। ਗੁਰੂ ਅਮਰਦਾਸ ਜੀ ਦੇ ਰਾਗ ਸੂਹੀ ਵਿਚ ਬੜੇ ਹੀ ਅਨਮੋਲ ਬਚਨ ਹਨ ਕਿ ਜਿਹੜੇ ਪਤੀ-ਪਤਨੀ ਸਰੀਰਕ ਤੌਰ 'ਤੇ ਇਕੱਠੇ ਮਿਲ ਬੈਠਦੇ ਹਨ ਉਨ੍ਹਾਂ ਨੂੰ ਇਸਤਰੀ ਮਾਲਕ ਨਹੀਂ ਕਿਹਾ ਜਾ ਸਕਦਾ। ਅਸਲੀ ਪਤੀ-ਪਤਨੀ ਤਾਂ ਉਹ ਹਨ ਜਿਨ੍ਹਾਂ ਦੇ ਦੋ ਸਰੀਰ ਹੁੰਦਿਆਂ ਹੋਇਆਂ ਵੀ ਆਤਮਾ ਇਕ ਹੋਵੇ:-

ਧਨਿ ਪਿਰੁ ਏਹਿ ਨ ਆਖੀਅਨਿ<br>
ਬਹਨਿ ਇਕਠੇ ਹੋਇ॥<br>
ਏਕ ਜੋਤਿ ਦੁਇ ਮੂਰਤੀ<br>
ਧਨ ਪਿਰੁ ਕਹੀਐ ਸੋਇ॥

ਪਰਿਵਾਰ ਦੇ ਟੁੱਟਣ ਦੇ ਕਾਰਨਾਂ ਵਿਚ ਇਕ ਕਾਰਨ ਇਸਤਰੀ ਨੂੰ ਬੁਰੀ ਨਜ਼ਰ ਨਾਲ ਦੇਖਣਾ ਵੀ ਹੁੰਦਾ ਹੈ। ਰਿਸ਼ਤਿਆਂ ਵਿਚ ਵਫ਼ਾਦਾਰੀ ਨੂੰ ਅਹਿਮ ਮੰਨਿਆ ਹੈ। ਆਪਣੀ ਇਸਤਰੀ ਤੋਂ ਬਿਨਾਂ ਕਿਸੇ ਦੂਜੀ ਇਸਤਰੀ ਬਾਰੇ ਸੋਚਣਾ ਵੀ ਪਾਪ ਮੰਨਿਆ ਗਿਆ ਹੈ ਅਤੇ ਗੁਰਬਾਣੀ ਵਿਚ ਸਦਾਚਾਰੀ ਜੀਵਨ ਜੀਣ ਦੀ ਸਿੱਖਿਆ ਦਿੱਤੀ ਗਈ ਹੈ:-

" ਪਰ ਬੇਟੀ ਕੋ ਬੇਟੀ ਜਾਨੈ।<br>
ਪਰ ਇਸਤ੍ਰੀ ਸੋ ਮਾਤ ਬਖਾਨੈ।।<br>
ਆਪਣੀ ਇਸਤ੍ਰੀ ਕੋ ਰਤ ਹੋਈ।<br>
ਰਹਿਤਵਾਨ ਗੁਰ ਕਾ ਸਿੱਖ ਸੋਈ।।"

ਸੂਫ਼ੀ ਕਵਿਤਾਵਾਂ ਵਿਚ ਕਵੀਆਂ ਨੇ ਇਸਤਰੀ ਨੂੰ ਇਕ ਜੀਵ ਆਤਮਾ ਰੂਪੀ ਪਤਨੀ ਕਹਿ ਕੇ ਮਾਣ ਬਖ਼ਸ਼ਿਆ ਹੈ। ਆਪਣੀਆਂ ਕਾਫ਼ੀਆਂ ਵਿਚ ਔਰਤ ਨੂੰ ਉਸ ਦਾ ਬਣਦਾ ਸਥਾਨ ਦੇ ਕੇ ਸਨਮਾਨਿਆ ਹੈ।

"ਰਾਂਝਾ ਰਾਂਝਾ ਕਰਦੀ ਨੀ ਮੈਂ<br>
ਆਪੇ ਰਾਂਝਾ ਹੋਈ"<br>
ਸਦੋ ਨੀ ਮੈਨੂੰ ਧੀਦੋ ਰਾਂਝਾ<br>
ਹੀਰ ਨਾ ਆਖੋ ਕੋਈ।"

"ਭੈਣਾਂ ਮੈਂ ਕੱਤਦੀ-ਕੱਤਦੀ ਹੁੱਟੀ।"

ਬਾਬਾ ਫ਼ਰੀਦ ਨੇ ਵੀ ਇਸਤਰੀ ਨੂੰ ਇਕ ਜੀਵ-ਆਤਮਾ ਰੂਪੀ ਇਸਤਰੀ ਰੂਪ ਵਿਚ ਪੇਸ਼ ਕੀਤਾ ਹੈ।

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਆਪਣੇ-ਆਪ ਵਿਚ ਬਹੁਤ ਹੀ ਮਹਾਨ ਵਿਰਸਾ ਹੈ। ਜਿਸ ਵਿਚ ਦਲਿਤਾਂ, ਪਛੜਿਆਂ, ਲਿਤਾੜਿਆਂ ਅਤੇ ਇਸਤਰੀ ਜਾਤੀ ਨੂੰ ਉਸ ਦਾ ਬਣਦਾ ਸਥਾਨ ਦਿਵਾਇਆ ਅਤੇ ਉਸ ਦੇ ਹੱਕ ਵਿਚ ਆਵਾਜ਼ ਉਠਾਈ। ਭਰਮਾਂ-ਭੁਲੇਖਿਆਂ ਨੂੰ ਦੂਰ ਕੀਤਾ, ਲੋਕਾਂ ਨੂੰ ਜਾਗ੍ਰਿਤ ਕੀਤਾ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਮਾਤਾ ਸਾਹਿਬ ਕੌਰ ਦੀ ਝੋਲੀ ਵਿਚ ਪਾ ਕੇ ਆਖਿਆ "ਹੁਣ ਤੋਂ ਇਹ ਤੁਹਾਡੀ ਮਾਂ ਹੈ।" ਇਸ ਲਈ ਅੱਜ ਤੋਂ ਸਾਡੀਆਂ ਦੋ ਮਾਵਾਂ ਹਨ। ਇਕ ਜਨਮ ਦੀ ਮਾਂ ਤੇ ਇਕ ਧਰਮ ਦੀ ਮਾਂ। ਵੈਸੇ ਵੀ ਜੇਕਰ ਵੇਖਿਆ ਜਾਏ ਤਾਂ ਔਰਤ ਦੀ ਕਰਨੀ ਜਾਂ ਕਰਜ਼ ਇਕ ਆਦਮੀ ਕਈ ਜਨਮਾਂ ਤਕ ਵੀ ਉਤਾਰ ਨਹੀਂ ਸਕਦਾ। ਸੋ ਅਸੀਂ ਫੇਰ ਇਹੋ ਹੀ ਕਹਿ ਸਕਦੇ ਹਾਂ ਕਿ:-

"ਮਾਂ ਹੁੰਦੀ ਹੈ, ਮਾਂ ਓ ਦੁਨੀਆ ਵਾਲਿਓ
ਮਾਂ ਹੈ ਠੰਡੜੀ ਛਾਂ ਓ ਦੁਨੀਆਂ ਵਾਲਿਓ।"


ਪੁਸਤਕ ਸੂਚੀ :-

(1) ਡਾ. ਸੁਖਦੇਵ ਸਿੰਘ, ਨਾਰੀ ਸਾਹਿਤ : ਨਾਰੀ ਨਜ਼ਰੀਆ, ਪੰਜਾਬੀ ਸਾਹਿਤ ਆਕਾਦਮੀ ਪੰਜਾਬੀ ਭਵਨ, ਲੁਧਿਆਣਾ
(2) ਡਾ. ਚਰਨਜੀਤ ਕੌਰ, ਨਾਰੀ ਚੇਤਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1999
(3) ਕਾਵਿ-ਨਾਦ ਸੰਪਾਦਕ ਕੁਰੂਕਸ਼ੇਤਰ ਯੂਨੀਵਰਸਿਟੀ
(4) ਕਾਵਿ-ਜੋਤਾਂ ਸੰਪਾਦਕ ਕੁਰੂਕਸ਼ੇਤਰ ਯੂਨੀਵਰਸਿਟੀ
(5) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ



532 ਏ/2, ਨੇੜੇ ਅਨੰਦਪੁਰ ਸਤਿਸੰਗ ਭਵਨ,
ਸੀਵਨ ਗੇਟ, ਕੈਥਲ
9729959308


## ਗ਼ਜ਼ਲ

**ਡਾ. ਗੁਰਦਰਪਾਲ ਸਿੰਘ**



ਜਦ ਮਿਲ ਜਾਵਣ ਆ ਕਿਨਾਰੇ,
ਖ਼ੁਸ਼ ਹੋ ਜਾਵਣ ਮਿੱਤਰ ਪਿਆਰੇ।

ਜਦ ਕੁਝ ਕਰਨ ਦੀ ਇੱਛਾ ਹੋਵੇ,
ਹੋ ਜਾਂਦੇ ਨੇ ਫਿਰ ਕੰਮ ਹੀ ਸਾਰੇ।

ਬੰਦਾ ਮੀਰੀ ਉਹੀ ਹੈ ਹੁਣ ਤਾਂ,
ਜੇ ਮਨ ਆਪਣੇ ਸੋਚ ਵਿਚਾਰੇ।

ਮਾਂ ਸੀ ਸਾਡੀ ਰੂਪ ਰੱਬ ਦਾ,
ਦੁੱਖ ਸਾਡੇ ਲਈ ਉਸ ਸਹਾਰੇ।

ਸੀ ਬਾਪੂ ਦੇਵਤੇ ਵਰਗਾ ਸਾਡਾ,
ਉਸ ਨੇ ਹੀ ਕੀਤੇ ਪਾਰ ਉਤਾਰੇ।

ਸਾਰੇ ਤੈਨੂੰ ਸਮਝਣ ਅਪਣਾ,
ਲਾਵੀਂ ਕਦੇ ਨਾ 'ਗੁਰਦਰ' ਲਾਰੇ।


ਸੈਕਟਰ-91, ਸੋਹਾਨਾ, ਐਸ.ਏ.ਐਸ. ਨਗਰ
ਮੋਹਾਲੀ (ਪੰਜਾਬ)-140308
98725-36600

# ਸਾਂਝਾ ਸ਼ਹੀਦ

ਜਤਿੰਦਰ ਮੋਹਨ



ਭਾਰਤ ਦਾ ਇਤਿਹਾਸ ਮਾਣਮੱਤਾ ਹੈ। ਭਾਵੇਂ ਕਿਸੇ ਯੁੱਗ ਦੀ ਗੱਲ ਕਰ ਲਵੋ ਭਾਰਤ ਵਿੱਚ ਮਹਾਨ ਯੋਧੇ ਵਲੀ ਹੋਏ ਹਨ। ਇਸ ਧਰਤੀ 'ਤੇ ਪੈਦਾ ਹੋਏ ਵੀਰਾਂ ਦੀ ਜੇਕਰ ਗਿਣਤੀ ਕੀਤੀ ਜਾਵੇ ਤਾਂ ਬਹੁਤ ਵੱਡੀ ਸੂਚੀ ਬਣ ਜਾਵੇਗੀ। ਇਹਨਾਂ ਵੀਰਾਂ ਦੀ ਗਿਣਤੀ ਵਿੱਚ ਸ਼ਹੀਦ ਊਧਮ ਸਿੰਘ ਦਾ ਨਾਂ ਵੀ ਧਰੂ ਤਾਰੇ ਵਾਂਗ ਚਮਕਦਾ ਹੈ।

26 ਦਸੰਬਰ, 1899 ਈ. ਨੂੰ ਸਰਦਾਰ ਟਹਿਲ ਸਿੰਘ ਦੇ ਘਰ ਮਾਤਾ ਨਰਾਇਣ ਕੌਰ ਦੀ ਕੁੱਖੋਂ ਜਨਮ ਲੈਣ ਵਾਲੇ ਬਾਲਕ ਦੀ ਪਹਿਲੀ ਕਿਲਕਾਰੀ ਤੋਂ ਕੀ ਕਿਸੇ ਨੇ ਅੰਦਾਜ਼ਾ ਲਾਇਆ ਹੋਵੇਗਾ ਕਿ ਇਹ ਬਾਲਕ ਇੱਕ ਦਿਨ ਆਪਣੇ ਮਾਤਾ-ਪਿਤਾ ਤੇ ਆਪਣੇ ਸ਼ਹਿਰ ਦਾ ਨਾਮ ਦੁਨੀਆਂ ਦੇ ਨਕਸ਼ੇ 'ਤੇ ਚਮਕਾਏਗਾ, ਸ਼ਾਇਦ ਨਹੀਂ। ਸਰਦਾਰ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ. ਨੂੰ ਸ੍ਰ. ਟਹਿਲ ਸਿੰਘ ਦੇ ਘਰ ਮਾਤਾ ਨਰਾਇਣ ਕੌਰ ਦੀ ਕੁੱਖੋਂ ਸੁਨਾਮ ਜ਼ਿਲ੍ਹਾ ਸੰਗਰੂਰ (ਪੰਜਾਬ) ਵਿੱਚ ਹੋਇਆ। ਆਪ ਜੀ ਦੇ ਪਿਤਾ ਜੀ ਰੇਲਵੇ ਵਿਭਾਗ ਵਿੱਚ ਨੌਕਰੀ ਕਰਦੇ ਸਨ ਤੇ ਉਹਨਾਂ ਦੀ ਡਿਊਟੀ ਉੱਪਲੀ ਰੇਲਵੇ ਕਰਾਸਿੰਗ ਉੱਤੇ ਵਾਚਮੈਨ ਵਜੋਂ ਸੀ। ਊਧਮ ਸਿੰਘ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਸੀ। ਘਰ ਦੇ ਸਾਰੇ ਜੀਅ ਉਸਨੂੰ ਸ਼ੇਰ ਸਿੰਘ ਦੇ ਨਾਮ ਨਾਲ ਜਾਣਦੇ ਸਨ। ਘਰ ਦਾ ਗੁਜ਼ਾਰਾ ਵਧੀਆ ਚੱਲ ਰਿਹਾ ਸੀ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਅਜੇ ਸ਼ੇਰ ਸਿੰਘ ਦੀ ਉਮਰ ਦੋ ਕੁ ਸਾਲਾਂ ਦੀ ਹੋਵੇਗੀ। ਮਾਤਾ ਦਾ ਸਿਰ ਤੋਂ ਸਾਇਆ ਉੱਠ ਜਾਣਾ ਇੱਕ ਬੱਚੇ ਲਈ ਕਿੰਨਾ ਅਸਹਿ ਹੈ ਇਸ ਦਾ ਅੰਦਾਜ਼ਾ ਲਾਉਣਾ ਬੜਾ ਮੁਸ਼ਕਿਲ ਹੈ। ਪਿਤਾ ਜੀ ਨੌਕਰੀ ਕਰਦੇ ਸਨ, ਦੋਵੇਂ ਭਰਾ ਸ਼ੇਰ ਸਿੰਘ ਤੇ ਮੁਕਤਾ ਸਿੰਘ ਮਾਂ ਨੂੰ ਯਾਦ ਕਰਦੇ ਰਹਿੰਦੇ। ਅਜੇ ਦੋਵੇਂ ਭਰਾ ਮਾਂ ਦੇ ਸਦਮੇ ਵਿੱਚੋਂ ਨਿਕਲੇ ਹੀ ਨਹੀਂ ਸਨ ਕਿ ਪਿਤਾ ਸ੍ਰ. ਟਹਿਲ ਸਿੰਘ ਨੂੰ (1907 ਈ.) ਪ੍ਰਮਾਤਮਾ ਨੇ ਉੱਪਰ ਬੁਲਾ ਲਿਆ। ਉਸ ਵੇਲੇ ਸ਼ੇਰ ਸਿੰਘ ਦੀ ਉਮਰ ਕੇਵਲ ਸੱਤ ਕੁ ਸਾਲਾਂ ਦੀ ਹੋਵੇਗੀ। ਦੋਵੇਂ ਭਰਾ ਯਤੀਮ ਹੋ ਗਏ। ਉਸ ਵੇਲੇ ਆਪ ਆਪਣੇ ਪਿਤਾ ਜੀ ਨਾਲ ਅੰਮ੍ਰਿਤਸਰ ਹੀ ਰਹਿੰਦੇ ਸਨ ਕਿਉਂਕਿ ਉਸ ਵੇਲੇ ਉਨ੍ਹਾਂ ਦੇ ਪਿਤਾ ਜੀ ਦੀ ਡਿਊਟੀ ਅੰਮ੍ਰਿਤਸਰ ਹੀ ਸੀ। ਅਨਾਥ ਹੋਏ ਦੋਹਾਂ ਬੱਚਿਆਂ ਦਾ ਕੋਈ ਰਖਵਾਲਾ ਨਹੀਂ ਸੀ। ਅਖੀਰ ਦੋਹਾਂ ਬੱਚਿਆਂ ਨੂੰ ਦੇਖਭਾਲ ਤੇ ਪੜ੍ਹਾਈ ਖ਼ਾਤਰ ਕੇਂਦਰੀ ਖ਼ਾਲਸਾ ਯਤੀਮਖ਼ਾਨਾ ਅੰਮ੍ਰਿਤਸਰ ਵਿੱਚ ਦਾਖਲ ਕਰਵਾ ਦਿੱਤਾ ਗਿਆ।

ਮਾਤਾ-ਪਿਤਾ ਦੇ ਵਿਛੋੜੇ ਕਾਰਨ ਦੋਹਾਂ ਭਰਾਵਾਂ ਦੇ ਹਿਰਦੇ ਵਲੂੰਧਰੇ ਗਏ। ਖ਼ਾਲਸਾ ਯਤੀਮਖ਼ਾਨੇ ਤੇ ਉਨ੍ਹਾਂ ਨੂੰ ਇੱਕ ਨਵੀਂ ਪਹਿਚਾਣ ਦਿੱਤੀ। ਹੁਣ ਸ਼ੇਰ ਸਿੰਘ ਦਾ ਨਾਮ ਊਧਮ ਸਿੰਘ ਤੇ ਮੁਕਤਾ ਸਿੰਘ ਦਾ ਨਾਂ ਸਾਧੂ ਸਿੰਘ ਹੋ ਗਿਆ। ਯਤੀਮਖ਼ਾਨੇ ਨੇ ਦੋਹਾਂ ਬੱਚਿਆਂ ਦੀ ਜ਼ਿੰਦਗੀ ਵਿੱਚ ਨਵਾਂ ਬਦਲਾਅ ਲਿਆਂਦਾ। ਕਹਿੰਦੇ ਹਨ ਕਿ ਮਨੁੱਖ ਆਪਣੇ ਤੋਂ ਵੱਧ ਦੁਖੀ ਇਨਸਾਨ ਨੂੰ ਦੇਖ ਕੇ ਸੰਭਲ ਜਾਂਦਾ ਹੈ। ਉੱਥੇ ਵੀ ਉਹਨਾਂ ਦਾ ਅਜਿਹੇ ਬਹੁਤ ਸਾਰੇ ਲਾਚਾਰ ਯਤੀਮਾਂ ਨਾਲ ਵਾਹ ਪਿਆ। ਹੁਣ ਉਹਨਾਂ ਨੂੰ ਜ਼ਿੰਦਗੀ ਦੀ ਕੌੜੀ ਸਚਾਈ ਨੂੰ ਨੇੜੇ ਤੋਂ ਦੇਖਣ ਦਾ ਮੌਕਾ ਮਿਲਿਆ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਕਈ ਮਨੁੱਖਾਂ ਦੀ ਜ਼ਿੰਦਗੀ ਬਲਦੇ ਸਿਵੇ ਦੇਖਦਿਆਂ ਹੀ ਨਿਕਲ ਜਾਂਦੀ ਹੈ। ਅਜਿਹਾ ਹੀ ਸ੍ਰ. ਊਧਮ ਸਿੰਘ ਨਾਲ ਹੋਇਆ। ਪਹਿਲਾਂ ਮਾਤਾ, ਫਿਰ ਪਿਤਾ ਤੇ 1917 ਵਿੱਚ ਭਰਾ ਸਾਧੂ ਸਿੰਘ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਊਧਮ ਸਿੰਘ ਉਦਾਸ ਹੋ ਗਿਆ।

ਇਹ ਉਸ ਸਮੇਂ ਦਾ ਜ਼ਿਕਰ ਹੈ ਜਦੋਂ ਭਾਰਤੀ ਲੋਕ ਅੰਗਰੇਜ਼ਾਂ ਦੇ ਗ਼ੁਲਾਮ ਸਨ, ਭਾਵੇਂ ਕਿ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਦੇਰੀ ਨਾਲ ਹੋਇਆ ਸੀ ਪਰ ਉਦੋਂ ਪੰਜਾਬ ਵੀ ਅੰਗਰੇਜ਼ਾਂ ਦਾ ਗ਼ੁਲਾਮ ਸੀ। ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਕਾਰਨ ਹੀ ਉਹ ਇੱਕ ਵਪਾਰੀ ਤੋਂ ਸ਼ਾਸਕ ਤੱਕ ਪਹੁੰਚ ਗਏ। ਅੰਗਰੇਜ਼ ਸਰਕਾਰ ਭਾਰਤੀਆਂ ਨੂੰ ਦਬਾਉਣ ਲਈ ਨਿੱਤ ਨਵੇਂ-ਨਵੇਂ ਕਾਨੂੰਨ ਬਣਾ ਰਹੀ ਸੀ।

ਇਸੇ ਤਰ੍ਹਾਂ ਦਾ ਹੀ ਇੱਕ ਐਕਟ ਸੀ ਰੋਲਟ ਐਕਟ। ਇਹ ਭਾਰਤੀਆਂ ਦੀ ਅਜ਼ਾਦੀ 'ਤੇ ਸਿੱਧਾ ਹਮਲਾ ਸੀ। 13 ਅਪ੍ਰੈਲ, 1919 ਨੂੰ ਭਾਰਤੀ ਲੋਕ ਇਸ ਐਕਟ ਦੇ ਖ਼ਿਲਾਫ਼ ਜਲਿਆਂਵਾਲੇ ਬਾਗ਼ ਵਿੱਚ ਇਕੱਠੇ ਹੋਏ ਸਨ। ਉਹਨਾਂ ਦਾ ਮਕਸਦ ਸਿਰਫ਼ ਖ਼ਿਲਾਫ਼ਤ ਕਰਨਾ ਸੀ ਕੋਈ ਵਿਦਰੋਹ ਕਰਨਾ ਜਾਂ ਅਸ਼ਾਂਤੀ ਫੈਲਾਉਣਾ ਨਹੀਂ ਸੀ।

ਜਲਿਆਂਵਾਲੇ ਬਾਗ਼ ਕਾਫੀ ਵੱਡੀ ਜਗਾ ਵਿੱਚ ਬਣਿਆ ਹੋਇਆ ਸੀ। ਇਸ ਵਿੱਚ ਇੱਕ ਖ਼ੂਹ ਵੀ ਸੀ। ਇਸ ਦੀਆਂ ਕੰਧਾਂ ਉੱਚੀਆਂ-ਉੱਚੀਆਂ ਸਨ। ਦੁੱਖ ਭਰੀ ਖ਼ਬਰ ਇਹ ਸੀ ਕਿ ਇਸ ਦੇ ਅੰਦਰ ਜਾਣ ਤੇ ਬਾਹਰ ਆਉਣ ਲਈ ਕੇਵਲ ਇੱਕ ਹੀ ਰਸਤਾ ਸੀ। ਇਹ ਰਸਤਾ ਵੀ ਭੀੜਾ ਸੀ। ਭਾਰਤੀ ਸੁਤੰਤਰਤਾ ਸੰਗਰਾਮੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਹ ਲੋਕਾਂ ਨੂੰ ਅੰਗਰੇਜ਼ਾਂ ਦੀਆਂ ਚਾਲਾਂ ਤੋਂ ਜਾਣੂ ਕਰਵਾ ਰਹੇ ਸੀ। ਸ੍ਰ. ਊਧਮ ਸਿੰਘ ਜੋ ਉਸ ਵੇਲੇ ਮੁੱਛ ਫੁੱਟ ਗੱਭਰੂ ਸੀ ਤੇ ਉਸ ਵੇਲੇ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਸੀ।

ਉੱਧਰ ਅੰਗਰੇਜ਼ ਸਰਕਾਰ ਇਸ ਇਕੱਠ ਨੂੰ ਵਿਦਰੋਹ ਸਮਝ ਰਹੀ ਸੀ। ਉਸ ਵੇਲੇ ਦਾ ਹਾਕਮ ਜਨਰਲ ਡਾਇਰ ਫ਼ੌਜ ਲੈ ਕੇ ਜਲ੍ਹਿਆਂਵਾਲਾ ਬਾਗ਼ ਪਹੁੰਚਿਆ। ਉਸ ਨੇ ਬਾਗ਼ ਦੇ ਦਰਵਾਜੇ 'ਤੇ ਤੋਪ ਬੀੜ ਦਿੱਤੀ। ਕਿਹਾ ਜਾਂਦਾ ਹੈ ਕਿ ਉਸ ਵੇਲੇ ਦੇ ਗਵਰਨਰ ਮਾਈਕਲ ਓਡਵਾਇਰ ਦੇ ਕਹਿਣ 'ਤੇ ਨਿਹੱਥੇ ਭਾਰਤੀਆਂ ਉੱਤੇ ਗੋਲੀ ਚਲਾਈ ਗਈ। ਵਿਦਵਾਨਾਂ ਦੀ ਖੋਜ ਤੇ ਪ੍ਰਤੱਖ ਦਰਸ਼ੀਆਂ (ਦਰਸ਼ਕਾਂ) ਦਾ ਕਹਿਣਾ ਹੈ ਕਿ ਕੋਈ ਪੰਦਰਾਂ ਮਿੰਟ ਗੋਲ਼ੀਬਾਰੀ ਹੋਈ। ਕੋਈ 1650(ਲਗਭਗ) ਕਾਰਤੂਸ ਚੱਲੇ। ਹਜ਼ਾਰ ਦੀ ਗਿਣਤੀ ਲਗਭਗ ਸ਼ਹੀਦਾਂ ਦੀ ਸੀ। ਜ਼ਖ਼ਮੀਆਂ ਦੀ ਗਿਣਤੀ ਕਿਤੇ ਵੱਧ ਸੀ। ਭਗਦੜ ਵਿੱਚ ਬਹੁਤੇ ਲੋਕ ਖ਼ੂਹ ਵਿੱਚ ਡਿੱਗਣ ਕਾਰਨ ਵੀ ਸ਼ਹੀਦ ਹੋਏ। ਇੱਥੇ ਸਾਂਝਾ ਖ਼ੂਨ ਡੁੱਲ੍ਹਿਆ। ਕੀ ਹਿੰਦੂ ਕੀ ਮੁਸਲਮਾਨ ਤੇ ਕੀ ਸਿੱਖ, ਕੌਣ ਨਹੀਂ ਸ਼ਹੀਦ ਹੋਇਆ। ਭਾਰਤੀਆਂ ਦੇ ਹਿਰਦੇ ਵਲੂੰਧਰੇ ਗਏ। ਬੇਅਣਖਿਆਂ ਦੀ ਵੀ ਅਣਖ ਜਾਗ ਉੱਠੀ। ਫਿਰ ਊਧਮ ਸਿੰਘ ਵਰਗਾ ਨੌਜਵਾਨ ਜਿਸ ਨੇ ਸਭ ਕੁਝ ਅੱਖੀਂ ਦੇਖਿਆ ਸੀ ਕਿਵੇਂ ਸੁੱਤਾ ਰਹਿ ਸਕਦਾ ਸੀ। ਉਸ ਨੇ ਜਲ੍ਹਿਆਂਵਾਲੇ ਬਾਗ਼ ਦੀ ਮਿੱਟੀ ਨੂੰ ਮੱਥੇ ਲਾਇਆ ਤੇ ਸਹੁੰ ਖਾਧੀ ਕਿ ਉਹ ਇਸ ਕਾਂਡ ਦਾ ਬਦਲਾ ਜ਼ਰੂਰ ਲਵੇਗਾ।

ਊਧਮ ਸਿੰਘ ਨੇ ਦਸਵੀਂ ਪਾਸ ਕਰ ਲਈ ਤੇ 1919 ਵਿੱਚ ਹੀ ਯਤੀਮਖ਼ਾਨਾ ਛੱਡ ਦਿੱਤਾ। ਹੁਣ ਊਧਮ ਸਿੰਘ ਗ਼ਦਰ ਪਾਰਟੀ ਤੇ ਹੋਰ ਗ਼ਦਰ ਭਗਤ ਪਾਰਟੀਆਂ ਨਾਲ ਜੁੜ ਗਿਆ। ਰਸਮੀ ਤੌਰ 'ਤੇ ਆਪ 1924 ਈ: ਵਿੱਚ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਗ਼ਦਰ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਊਧਮ ਸਿੰਘ ਸਮਰਪਿਤ ਵਰਕਰ ਦੇ ਤੌਰ 'ਤੇ ਨਿਭਾਉਂਦਾ। ਇਹ ਕੰਮ ਗ਼ਦਰ ਸਾਹਿਤ ਨੂੰ ਇੱਧਰੋਂ ਉੱਧਰ ਲਿਆਉਣ ਦਾ ਹੋਵੇ ਜਾਂ ਕੋਈ ਹੋਰ, ਉਹ ਪੂਰਾ ਸਮਰਪਿਤ ਰਹਿੰਦਾ।

ਊਧਮ ਸਿੰਘ ਦੀ ਆਰਥਿਕ ਹਾਲਤ ਬਹੁਤੀ ਵਧੀਆ ਨਹੀਂ ਸੀ। ਗ਼ਰੀਬੀ ਕਾਰਨ ਉਹ ਕੁਝ ਵੀ ਕਰਨ ਤੋਂ ਅਸਮਰੱਥ ਸੀ ਪਰ ਜਜ਼ਬਾ ਸਮਰੱਥ ਹੋਣ ਕਾਰਨ ਉਸਨੇ ਕਾਰਪੈਂਟਰ ਦਾ ਕੰਮ ਸਿੱਖ ਲਿਆ ਅਤੇ ਕੰਮ ਕਰਨਾ ਸ਼ੁਰੂ ਕੀਤਾ। ਕੁਝ ਸਮੇਂ ਵਿੱਚ ਉਸ ਨੇ ਕੁਝ ਰੁਪਏ ਜੋੜ ਲਏ। ਉਸ ਨੇ ਵੱਖ-ਵੱਖ ਦੇਸ਼ਾਂ ਦੀ ਯਾਤਰਾ ਵੱਖੋ-ਵੱਖਰੇ ਨਾਵਾਂ ਹੇਠ ਕੀਤੀ। ਸ੍ਰ. ਊਧਮ ਸਿੰਘ 27 ਜੁਲਾਈ, 1927 ਨੂੰ ਜਹਾਜ਼ ਰਾਹੀਂ ਅਮਰੀਕਾ ਤੋਂ ਕਰਾਚੀ ਆ ਰਿਹਾ ਸੀ। ਉਸ ਕੋਲੋਂ ਕਰਾਚੀ ਵਿੱਚ ਗ਼ਦਰੀ ਸਾਹਿਤ ਫੜਿਆ ਗਿਆ। ਉਸ ਨੂੰ ਜ਼ੁਰਮਾਨਾ ਹੋਇਆ। ਛੇਤੀ ਹੀ ਊਧਮ ਸਿੰਘ ਬਿਨਾਂ ਲਾਇਸੈਂਸੀ ਹਥਿਆਰ ਨਾਲ ਫੜ੍ਹਿਆ ਗਿਆ। ਇਸ ਜ਼ੁਰਮ ਤਹਿਤ ਉਹ ਪੰਜ ਸਾਲ ਜੇਲ੍ਹ ਵਿੱਚ ਬੰਦ ਰਿਹਾ। ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਦਾ ਪਤਾ ਵੀ ਉਸ ਨੂੰ ਜੇਲ੍ਹ ਵਿੱਚ ਹੀ ਲੱਗਾ। ਉਸ ਦਾ ਮਨ ਬਹੁਤ ਦੁਖੀ ਹੋਇਆ। 1931 ਈ. ਵਿੱਚ ਉਹ ਜੇਲ੍ਹੋਂ ਰਿਹਾ ਹੋਇਆ। ਫਿਰ ਉਹ ਕਸ਼ਮੀਰ ਗਿਆ। ਉੱਥੋਂ ਹੀ ਊਧਮ ਸਿੰਘ ਜਰਮਨੀ ਪਹੁੰਚ ਗਿਆ। ਇਹ ਇਸ ਕਰਕੇ ਹੋਇਆ ਸੀ ਕਿਉਂਕਿ ਉਸ ਵੇਲੇ ਭਾਰਤੀ ਲੋਕ ਸਿੱਧੇ ਇੰਗਲੈਂਡ ਨਹੀਂ ਸਨ ਜਾ ਸਕਦੇ। 1934 ਵਿੱਚ ਉਹ ਇੰਗਲੈਂਡ ਚਲਾ ਗਿਆ।

ਊਧਮ ਸਿੰਘ ਸੱਚਾ ਦੇਸ਼ ਭਗਤ ਸੀ, ਜੇ ਉਹ ਚਾਹੁੰਦਾ ਤਾਂ ਆਪਣੀ ਆਰਾਮ ਦੀ ਜ਼ਿੰਦਗੀ ਵੀ ਬਤੀਤ ਕਰ ਸਕਦਾ ਸੀ, ਉਸ ਨੇ ਜ਼ਿੰਦਗੀ ਭਰ ਵਿਆਹ ਨਹੀਂ ਕਰਵਾਇਆ। ਭਾਵੇਂ ਅੱਜਕੱਲ੍ਹ ਸਮਾਜ ਵੱਖ-ਵੱਖ ਧਰਮਾਂ ਵਿੱਚ ਵੰਡਿਆ ਜਾ ਰਿਹਾ ਹੈ ਤੇ ਧਰਮ ਦੇ ਨਾਂ 'ਤੇ ਵੰਡੀਆਂ ਪੈ ਰਹੀਆਂ ਹਨ ਪਰ

ਊਧਮ ਸਿੰਘ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਅਜ਼ਾਦ ਰੱਖ ਕੇ ਭਾਰਤੀ ਲੋਕਾਂ ਨੂੰ ਦੱਸਿਆ ਕਿ ਸਭ ਤੋਂ ਪਹਿਲਾਂ ਅਸੀਂ ਭਾਰਤੀ ਹਾਂ, ਪੰਜਾਬੀ ਜਾਂ ਹਿੰਦੂ, ਸਿੱਖ, ਮੁਸਲਮਾਨ ਹੋਣਾ ਬਾਅਦ ਦੀ ਗੱਲ ਹੈ।

ਕਿਹਾ ਜਾਂਦਾ ਹੈ ਕਿ ਇੰਗਲੈਂਡ ਪਹੁੰਚ ਕੇ ਸਰਦਾਰ ਊਧਮ ਸਿੰਘ ਨੇ ਇੱਕ ਕਾਰ ਤੇ ਇੱਕ ਛੇ ਗੋਲੀ ਦਾ ਰਿਵਾਲਵਰ ਖ਼ਰੀਦਿਆ। ਇਹ ਵੀ ਕਿਹਾ ਜਾਂਦਾ ਹੈ ਕਿ ਜੀਵਨ ਬਸਰ ਕਰਨ ਲਈ ਆਪ ਨੇ ਉੱਥੇ ਵੇਟਰ ਦੇ ਤੌਰ ’ਤੇ ਵੀ ਕੰਮ ਕੀਤਾ। ਲੰਡਨ ਪਹੁੰਚ ਕੇ ਊਧਮ ਸਿੰਘ 9 ਐਲਡਰ ਸਟਰੀਟ ਕਮਰਸ਼ੀਅਲ ਰੋਡ ’ਤੇ ਰਹਿਣ ਲੱਗ ਪਿਆ। ਲੰਡਨ ਵਿੱਚ ਰਹਿੰਦਿਆਂ ਉਸ ਦੀ ਅੰਦਰਲੀ ਅੱਗ ਸ਼ਾਂਤ ਨਾ ਹੋਈ। ਉਸ ਦੇ ਦਿਮਾਗ਼ ਵਿੱਚ ਵਾਰ-ਵਾਰ ਉਹ ਸੀਨ ਯਾਦ ਆਉਂਦੇ ਜਿਨ੍ਹਾਂ ਦੀ ਬਦੌਲਤ ਉਹ ਇੱਥੇ ਰਹਿ ਰਿਹਾ ਹੈ। ਲਾਸ਼ਾਂ ਦੇ ਢੇਰ, ਪਾਣੀ ਲਈ ਤੜਫਦੇ ਸ਼ਹੀਦ, ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਨਿਹੱਥੇ ਭਾਰਤੀਆਂ ’ਤੇ ਵਰ੍ਹਦੀਆਂ ਗੋਲੀਆਂ ਦੀ ਅਵਾਜ਼ਾਂ, ਉਸ ਨੂੰ ਨਹੀਂ ਭੁੱਲੀਆਂ ਸਨ। ਉਹ ਪਲ-ਪਲ ਇੰਤਜ਼ਾਰ ਕਰਦਾ ਰਹਿੰਦਾ।

ਦੋ ਦਹਾਕਿਆਂ ਤੋਂ ਵੱਧ ਸਮਾਂ ਬੀਤ ਚੁੱਕਿਆ ਸੀ ਜਲ੍ਹਿਆਂਵਾਲੇ ਬਾਗ਼ ਕਾਂਡ ਨੂੰ ਹੋਇਆ। ਊਧਮ ਸਿੰਘ ਨੇ ਜਨਰਲ ਡਾਇਰ ਦੇ ਥਹੁ-ਪਤੇ ਦੀ ਭਾਲ ਕਰਨੀ ਬੰਦ ਕਰ ਦਿੱਤੀ। ਇੱਕ ਦਿਨ ਉਸ ਨੂੰ ਪਤਾ ਲੱਗਾ ਕਿ ਜਿਸ ਡਾਇਰ ਨੇ ਜਲ੍ਹਿਆਂਵਾਲੇ ਬਾਗ਼ ਵਿੱਚ ਗੋਲੀਆਂ ਚਲਾਈਆਂ ਸਨ, ਉਹ ਰੱਬ ਨੂੰ ਪਿਆਰਾ ਹੋ ਚੁੱਕਿਆ ਹੈ। ਉਸ ਨੂੰ ਬਹੁਤ ਦੁੱਖ ਹੋਇਆ, ਉਹ ਚਾਹੁੰਦਾ ਸੀ ਕਿ ਉਹ ਉਸ ਤੋਂ ਬਦਲਾ ਲੈਂਦਾ ਪਰ ਦੂਜੇ ਹੀ ਪਲ ਉਸ ਦੇ ਦਿਮਾਗ਼ ਵਿੱਚ ਖ਼ਿਆਲ ਸੀ ਕਿ ਇਸ ਕਾਂਡ ਨੂੰ ਕਰਨ ਦਾ ਹੁਕਮ ਦੇਣ ਵਾਲਾ ਤਾਂ ਮਾਈਕਲ ਓਡਵਾਇਰ ਸੀ, ਸੋ ਉਸ ਨੇ ਉਸ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਮਾਈਕਲ ਓਡਵਾਇਰ ਉਸ ਵੇਲੇ ਪੰਜਾਬ ਦਾ ਗਵਰਨਰ ਸੀ ਜਿਸ ਵੇਲੇ ਇਹ ਕਾਂਡ ਹੋਇਆ।

13 ਮਾਰਚ, 1940 ਈਸਵੀ ਨੂੰ ਰਾਇਲ ਸੈਂਟਰ ਏਸ਼ੀਅਨਜ਼ ਸੁਸਾਇਟੀ ਦੀ ਲੰਡਨ ਦੇ ਕੈਕਸਟਨ ਹਾਲ ਵਿੱਚ ਮੀਟਿੰਗ ਸੀ। ਮਾਈਕਲ ਓਡਵਾਇਰ ਨੇ ਇੱਥੇ ਭਾਸ਼ਣ ਦੇਣਾ ਸੀ। ਇਸ ਦੀ ਭਿਣਕ ਸ੍ਰ. ਊਧਮ ਸਿੰਘ ਨੂੰ ਲੱਗ ਗਈ। ਉਸ ਨੇ ਕਿਤਾਬ ਦੇ ਪੰਨੇ ਕੱਟ ਕੇ ਉਸ ਵਿੱਚ ਰਿਵਾਲਵਰ ਪਾਉਣ ਦੀ ਥਾਂ ਬਣਾ ਲਈ ਤੇ 13 ਮਾਰਚ ਦਾ ਇੰਤਜ਼ਾਰ ਕਰਨ ਲੱਗਾ।

ਅਖੀਰ 13 ਮਾਰਚ, 1940 ਦਾ ਦਿਨ ਵੀ ਆ ਗਿਆ। ਕੈਕਸਟਨ ਹਾਲ ਵਿੱਚ ਬਹੁਤ ਸਾਰੇ ਅੰਗਰੇਜ਼ ਮਾਈਕਲ ਓਡਵਾਇਰ ਦਾ ਇੰਤਜ਼ਾਰ ਕਰ ਰਹੇ ਸਨ। ਊਧਮ ਸਿੰਘ ਵੀ ਉੱਥੇ ਪਹੁੰਚ ਗਿਆ। ਮਾਈਕਲ ਓਡਵਾਇਰ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ। ਉਸ ਨੇ ਆਪਣੀ ਬਹਾਦਰੀ ਦਾ ਕਿੱਸਾ ਸੁਣਾਉਣਾ ਸ਼ੁਰੂ ਕੀਤਾ ਹੀ ਸੀ ਕਿ ਦੀਵਾਰ ਦਾ ਸਹਾਰਾ ਲੈ ਕੇ ਊਧਮ ਸਿੰਘ ਨੇ ਮਾਈਕਲ ਓਡਵਾਇਰ ਦੇ ਦੋ ਗੋਲੀਆਂ ਮਾਰੀਆਂ, ਉਹ ਉੱਥੇ ਹੀ ਠੰਢਾ ਹੋ ਗਿਆ। ਊਧਮ ਸਿੰਘ ਉੱਥੋਂ ਦੌੜਿਆ ਨਹੀਂ ਬਲਕਿ ਖ਼ੁਸ਼ੀ-ਖ਼ੁਸ਼ੀ ਗ੍ਰਿਫ਼ਤਾਰੀ ਦਿੱਤੀ।

ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ, ਉਸ ਉੱਤੇ ਮੁਕੱਦਮਾ ਚਲਾਇਆ ਗਿਆ। ਮੁਕੱਦਮਾ ਚਲਦੇ ਵਕਤ ਵੀ ਉਹ ਬੇਪ੍ਰਵਾਹ ਸੀ। ਉਸਦੇ ਚਿਹਰੇ ’ਤੇ ਕੋਈ ਚਿੰਤਾ ਜਾਂ ਸ਼ਿਕਨ ਨਹੀਂ ਸੀ। ਉਸ ਦਾ ਜੇਲ੍ਹ ਦੇ ਸਮੇਂ ਵੀ ਗਦਰੀਆਂ ਨਾਲ ਤਾਲਮੇਲ ਰਿਹਾ। 21 ਮਾਰਚ, 1940 ਨੂੰ ਉਸ ਨੇ ਸਟਾਕਟਨ ਗੁਰਦੁਆਰੇ ਦੇ ਗ੍ਰੰਥੀ ਨਾਲ ਪੱਤਰ ਰਾਹੀਂ ਕੁਝ ਗੱਲਾਂ ਸਾਂਝੀਆਂ ਕੀਤੀਆਂ। ਇਸੇ ਗੁਰਦੁਆਰੇ ਦੇ ਸਕੱਤਰ ਨੇ ਵੀ ਸ੍ਰ. ਊਧਮ ਸਿੰਘ ਨੂੰ ਬਚਾਉਣ ਲਈ ਵਕੀਲਾਂ ਤੋਂ ਰਾਏ ਲਈ।

ਮੁਕੱਦਮਾ ਚਲਦਾ ਰਿਹਾ। ਪਹਿਲੀ ਅਪ੍ਰੈਲ, 1940 ਨੂੰ ਊਧਮ ਸਿੰਘ ਨੂੰ ਲੰਡਨ ਦੀ ਜੇਲ੍ਹ ਵਿੱਚ ਪੇਸ਼ ਕੀਤਾ ਗਿਆ। ਜੱਜ ਨੇ ਪੁੱਛਿਆ ਕਿ ਉਸਨੇ ਮਾਈਕਲ ਓਡਵਾਇਰ ਨੂੰ ਕਿਉਂ ਮਾਰਿਆ ਹੈ? ਤਾਂ ਊਧਮ ਸਿੰਘ ਦਾ ਉੱਤਰ ਸੀ। ਇਹ ਸਾਡਾ ਦੁਸ਼ਮਣ ਸੀ ਤੇ ਮੈਂ ਇਸ ਤੋਂ ਬਦਲਾ ਲਿਆ ਹੈ। ਇਹ ਮੇਰਾ ਫ਼ਰਜ਼ ਸੀ। ਮੁਕੱਦਮਾ ਚੱਲਿਆ 4 ਜੂਨ, 1940 ਨੂੰ ਅਦਾਲਤ ਨੇ ਊਧਮ ਸਿੰਘ ਨੂੰ ਦੋਸ਼ੀ ਠਹਿਰਾਉਂਦੇ ਹੋਏ, ਫਾਂਸੀ ਦੀ ਸਜ਼ਾ ਦਾ ਹੁਕਮ ਸੁਣਾਇਆ।

31 ਜੁਲਾਈ, 1940 ਨੂੰ ਭਾਰਤ ਮਾਂ ਦੇ ਇਸ ਬਹਾਦਰ ਸਪੂਤ ਨੂੰ ਫਾਂਸੀ ਦੇ ਦਿੱਤੀ ਗਈ। ਇਹ ਭਾਣਾ ਲੰਡਨ ਦੀ ਪੈਂਨਟਨ ਵਿਲੇ ਜੇਲ ਵਿੱਚ ਵਾਪਰਿਆ। ਜੇਲ੍ਹ ਵਿੱਚ ਹੀ ਸ਼ਹੀਦ ਦੀ ਦੇਹ ਨੂੰ ਦੱਬ ਦਿੱਤਾ ਗਿਆ। ਭਾਵੇਂ ਸਰੀਰਕ ਤੌਰ ’ਤੇ ਸ਼ਹੀਦ ਊਧਮ ਸਿੰਘ ਸਾਡੇ ਵਿੱਚ ਨਹੀਂ ਰਹੇ ਪਰ ਉਹਨਾਂ ਦੀ ਬਹਾਦਰੀ ਦੀਆਂ ਗਾਥਾਵਾਂ ਸਦਾ ਸੰਸਾਰ ਵਿੱਚ


ਗੂੰਜਦੀਆਂ ਰਹਿਣਗੀਆਂ। 31 ਜੁਲਾਈ, 1974 ਈ. ਨੂੰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਯਤਨਾਂ ਸਦਕਾ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਸਰਕਾਰ ਨੂੰ ਸੌਂਪੀਆਂ ਗਈਆਂ ਤੇ ਇਨ੍ਹਾਂ ਦਾ ਸਸਕਾਰ ਸੁਨਾਮ ਵਿਖੇ ਕੀਤਾ ਗਿਆ।

ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਉੱਤੇ ਦੇਸ਼ ਵਾਸੀਆਂ ਨੂੰ ਮਾਣ ਹੈ। ਆਪ ਦੀ ਕੁਰਬਾਨੀ ਭਾਰਤੀਆਂ ਨੂੰ ਦੇਸ਼ ਪਿਆਰ ਤੇ ਦੇਸ਼ ਲਈ ਕੁਰਬਾਨੀ ਹੋਣ ਦੀ ਪ੍ਰੇਰਨਾ ਦਿੰਦੀ ਰਹੇਗੀ। ਇਹ ਲਿਖਦਿਆਂ ਬੜਾ ਦੁੱਖ ਹੋ ਰਿਹਾ ਹੈ ਕਿ ਅੱਜ ਅਸੀਂ ਆਪਣੇ ਸ਼ਹੀਦਾਂ ਨੂੰ ਵੀ ਜਾਤਾਂ, ਧਰਮਾਂ ਦੇ ਅਧਾਰ 'ਤੇ ਵੰਡ ਰਹੇ ਹਾਂ ਜਿਸ ਤੋਂ ਉਹ ਕੋਹਾਂ ਦੂਰ ਸਨ। ਸ਼ਹੀਦ ਊਧਮ ਸਿੰਘ ਵੱਲੋਂ ਕੀਤੀ ਕੁਰਬਾਨੀ ਦਾ ਮੁੱਲ ਅਸੀਂ ਰਹਿੰਦੀ ਦੁਨੀਆਂ ਤੱਕ ਨਹੀਂ ਉਤਾਰ ਸਕਾਂਗੇ।

ਪੰਜਾਬੀ ਅਧਿਆਪਕ
ਸਰਕਾਰੀ ਹਾਈ ਸਕੂਲ,
ਖਿਰਾਜ (ਸਿਰਸਾ)-125078
9463020766

## ਧੀਆਂ ਧਿਆਣੀਆਂ

ਹਰਪ੍ਰੀਤ ਪੱਤੋ



ਧੀਆਂ ਧਿਆਣੀਆਂ
ਕਿਉਂ ਕਹਿੰਦੇ ਓ ਧੀਆਂ ਨੂੰ ਮਰਜਾਣੀਆਂ,
ਧੀਆਂ ਤਾਂ ਹੁੰਦੀਆਂ ਸਦਾ ਹੀ
ਨੇ ਰਾਣੀਆਂ।
ਧੀਆਂ ਨਾ ਹੁੰਦੀਆਂ ਇਹ ਸੰਸਾਰ ਵੀ ਨਾ ਹੁੰਦਾ,
ਕੀਹਨੇ ਪਾਉਣੀਆਂ ਸੀ ਇੱਥੇ
ਅੱਜ ਕਹਾਣੀਆਂ।
ਵੱਖ-ਵੱਖ ਰੂਪ ਬਣਦੇ ਹੀ ਨੇ
ਧੀਆਂ ਦੇ,
ਕਿਤੇ ਮਾਂ, ਦਾਦੀ, ਕਿਤੇ ਨਾਨੀ ਇਹ ਹੀ ਬਣ ਜਾਣੀਆਂ।
ਧੀ ਤਾਂ ਧਰਤੀ,ਜਿਸ ਵਿੱਚ ਹੈ
ਸਬਰ ਸ਼ੁਕਰ,
ਲੱਖਾਂ ਪੀੜਾਂ ਇਸ ਨੇ ਆਪਣੇ
'ਤੇ ਹੰਢਾਣੀਆਂ।
ਅੱਜ ਧੀ ਤੇ ਪੁੱਤਰ ਵਿੱਚ ਰਿਹਾ ਨਾ ਫ਼ਰਕ ਕੋਈ,
ਪੁੱਤਾਂ ਨਾਲੋਂ ਵੀ ਅੱਗੇ ਇਹ ਧੀਆਂ ਧਿਆਣੀਆਂ।
ਧੀਆਂ ਵਰਗਾ ਇਸ ਜਗ 'ਤੇ ਕੋਈ ਹੋਰ ਨਹੀਂ,
ਜਿਸ ਦੀ ਬੁੱਕਲ ਦੇ ਵਿੱਚ ਸਭ ਨੇ ਮੌਜਾਂ ਮਾਣੀਆਂ।
ਧੀਆਂ ਧਰਤੀ ਧਨ ਬਿਗਾਨਾ
ਇਹ ਨਹੀਂ ਲੋਕੋ,
ਕਰੋ ਇੱਜ਼ਤ ਐਵੇਂ ਨਹੀਂ ਜੇ ਗਵਾਣੀਆਂ।
'ਹਰਪ੍ਰੀਤ ਪੱਤੋ' ਉਹ ਕਰਮਾਂ ਵਾਲੇ ਲੋਕੀ ਨੇ,
ਜਿੱਥੇ ਪੈਦਾ ਹੋਈਆਂ ਇਹ ਧੀਆਂ ਸੁਘੜ ਸੁਜਾਣੀਆਂ।

ਪਿੰਡ-ਪੱਤੋ ਹੀਰਾਂ ਸਿੰਘ,
ਜ਼ਿਲ੍ਹਾ-ਮੋਗਾ (ਪੰਜਾਬ)
94658-21417

# ਦੇਵ ਰਚਿਤ ਸ਼ਬਦਾਂਤ ਦੀਆਂ ਕਾਵਿ-ਭਾਸ਼ਾਈ ਜੁਗਤਾਂ

ਵਕੀਲ ਸਿੰਘ



ਦੇਵ ਸਮਕਾਲੀ ਪੰਜਾਬੀ ਸ਼ਾਇਰੀ ਵਿੱਚ ਸਮੁੱਚੀ ਪੰਜਾਬੀ ਕਾਵਿ ਰੀਤ ਤੋਂ ਮੂਲੋਂ ਵੱਖਰੀ ਸੁਰ ਵਾਲਾ ਸ਼ਾਇਰ ਹੈ। ਉਸ ਦੀ ਕਾਵਿ ਸਾਧਨਾ ਦਾ ਸਫ਼ਰ ਪੰਜਾਬ ਦੇ ਇੱਕ ਪਿੰਡ ਤੋਂ ਸ਼ੁਰੂ ਹੋ ਕੇ ਅਤਿ ਵਿਕਸਿਤ ਆਧੁਨਿਕ ਸ਼ਹਿਰੀ ਹੀ ਨਹੀਂ ਸਗੋਂ ਪੱਛਮੀ ਜੀਵਨ ਜਾਚ ਦੇ ਪ੍ਰਤੀਕ ਮੰਨੇ ਜਾਂਦੇ ਕੇਂਦਰਾਂ ਤੀਕ ਪਸਰਿਆ ਹੋਇਆ ਹੈ। ਸਵਿਟਜ਼ਰਲੈਂਡ ਵਿੱਚ ਰਹਿਣ ਵਾਲਾ ਦੇਵ ਪੰਜਾਬੀ ਕਾਵਿ ਖੇਤਰ ਵਿੱਚ ਵਿਲੱਖਣ ਹਸਤਾਖ਼ਰ ਹੈ। ਜ਼ਿੰਦਗੀ ਨੂੰ ਵੱਧ ਤੋਂ ਵੱਧ ਸੋਹਣਾ ਬਣਾਉਣਾ ਅਤੇ ਉਸ ਨੂੰ ਮਾਨਣਾ ਉਸ ਦੀਆਂ ਰੀਝਾਂ ਵਿੱਚ ਸ਼ਾਮਿਲ ਹੈ। ਦੇਵ ਲਈ ਉਸ ਦੀ ਕਵਿਤਾ ਅਤੇ ਚਿੱਤਰਕਲਾ ਜੀਣ-ਥੀਣ ਦਾ ਮਾਧਿਅਮ ਹੈ।

ਦੇਵ ਦੀ ਕਵਿਤਾ ਦਾ ਥੀਮਕ ਪਾਸਾਰ ਨਿੱਜ, ਘਰ, ਪਰਿਵਾਰ, ਭਾਈਚਾਰੇ, ਦੇਸ਼, ਪ੍ਰਦੇਸ਼ ਤੋਂ ਲੈ ਕੇ ਬ੍ਰਹਿਮੰਡ ਤੱਕ ਫੈਲਿਆ ਹੋਇਆ ਹੈ। ਦੇਵ ਆਧੁਨਿਕ ਪੰਜਾਬੀ ਕਵਿਤਾ ਦੀ ਚੇਤਨਾ ਨਾਲ ਇੱਕ ਨਵੀਂ ਭਾਸ਼ਾ ਤਿਆਰ ਕਰਦਾ ਹੋਇਆ ਪਰੰਪਰਕ ਸ਼ਬਦਾਂ ਦੇ ਮੋਹ ਨੂੰ ਤਿਆਗਣਾ ਚਾਹੁੰਦਾ ਹੈ। ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਸ਼ਬਦ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਸ਼ਬਦ ਦੀ ਚਿੰਨ੍ਹ ਸਮਰੱਥਾ ਅਤੇ ਹੋਰ ਸਮੱਸਿਆਵਾਂ ਵੱਲ ਵੀ ਸੰਕੇਤ ਕੀਤਾ ਹੈ। ਉਸ ਨੇ ਸ਼ਬਦ ਦੀ ਨਵੀਂ ਜਾਗ੍ਰਿਤੀ ਨੂੰ ਪਹਿਚਾਨਣ 'ਤੇ ਬਲ ਦਿੱਤਾ ਹੈ।

ਦੇਵ ਆਪਣੀ ਕਵਿਤਾ ਵਿੱਚ ਡੂੰਘੀ ਵਿਚਾਰਧਾਰਕ ਚੇਤਨਾ ਨਾਲ ਜੁੜਿਆ ਹੋਣ ਦਾ ਅਹਿਸਾਸ ਕਰਵਾਉਂਦਿਆਂ ਨਵੀਂ ਕਵਿਤਾ ਦੀ ਸਿਰਜਣਾ ਕਰਦਾ ਹੈ। ਉਸ ਦੀ ਕਵਿਤਾ ਵਿੱਚ ਸ਼ਬਦ, ਅਰਥ, ਘਰ, ਪੰਛੀ, ਸਰਦਲ, ਪਰਿੰਦਾ, ਪਰਵਾਜ਼ ਵਰਗੇ ਚਿਹਨਾਂ ਦੀ ਬਹੁਤਾਤ ਹੈ। ਦੇਵ ਦੀ ਵਿਲੱਖਣ ਕਾਵਿ-ਸਿਰਜਣਾ ਦਾ ਜ਼ਿਕਰ ਕਰਦਿਆਂ ਅਮਰਜੀਤ ਗਰੇਵਾਲ ਲਿਖਦੇ ਹਨ:

> ਦੇਵ ਸ਼ਬਦਾਂ ਦਾ ਜਾਦੂਗਰ ਨਹੀਂ ਹੈ ਇਸ ਪੁਸਤਕ ਵਿੱਚ ਪੇਸ਼ ਸ਼ਬਦ, ਫ਼ਿਕਰੇ ਕਾਵਿ-ਬਿੰਬ, ਸ਼ਬਦ-ਚਿੱਤਰ, ਵਿਚਾਰ ਅਤੇ ਇਹਨਾਂ ਦੀ ਸੰਗਠਨਕਾਰੀ ਕਵਿਤਾ ਨਹੀਂ ਹੈ। ਪਰੰਪਰਾ ਗਤ ਅਰਥਾਂ ਵਿੱਚ ਸ਼ਾਇਦ ਦੇਵ ਕਵੀ ਹੀ ਨਹੀਂ ਹੈ। ਇੱਕ ਡਿਜ਼ਾਈਨਰ ਹੈ।[1]

ਸੋ ਕਵੀ ਤੇ ਚਿੱਤਰਕਾਰ ਦੇਵ ਸਾਹਿਤ ਅਤੇ ਕਲਾ ਦੋਹਾਂ ਖੇਤਰਾਂ ਦਾ ਸ਼ਾਹ-ਸਵਾਰ ਹੈ। ਦੇਵ ਦੁਆਰਾ ਰਚਿਤ ਵੱਖ-ਵੱਖ ਕਾਵਿ-ਪੁਸਤਕਾਂ ਵਿੱਚੋਂ ਸਾਡੇ ਅਧਿਐਨ ਦਾ ਹਿੱਸਾ ਦੇਵ ਦੁਆਰਾ ਸਿਰਜਿਤ ਕਾਵਿ-ਪੁਸਤਕ 'ਸ਼ਬਦਾਂਤ' ਹੈ ਜੋ ਸੰਨ 1999 ਵਿੱਚ ਪ੍ਰਕਾਸ਼ਿਤ ਹੋਈ। ਅਸੀਂ ਆਪਣੇ ਹੱਥਲੇ ਲੇਖ ਵਿੱਚ ਦੇਵ ਰਚਿਤ 'ਸ਼ਬਦਾਂਤ' ਦੀਆਂ ਕਾਵਿ-ਭਾਸ਼ਾਈ ਜੁਗਤਾਂ ਸੰਬੰਧੀ ਚਰਚਾ ਕਰਾਂਗੇ।

ਸੰਨ 1999 ਵਿੱਚ ਜੋ ਪੰਜਾਬੀ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ, ਉਨ੍ਹਾਂ ਵਿੱਚ ਦੇਵ ਦੇ ਕਾਵਿ-ਸੰਗ੍ਰਹਿ 'ਸ਼ਬਦਾਂਤ' ਦੀ ਵਿਸ਼ੇਸ਼ ਚਰਚਾ ਰਹੀ ਅਤੇ ਇਹ ਕਾਵਿ ਪੁਸਤਕ ਸਾਲ 2001 ਵਿੱਚ 'ਭਾਰਤੀ ਸਾਹਿਤ ਅਕਾਦਮੀ' ਦੇ ਪੁਰਸਕਾਰ ਨਾਲ ਸਨਮਾਨੀ ਵੀ ਗਈ ਹੈ। 'ਸ਼ਬਦਾਂਤ' ਨਾਲ ਸੰਵਾਦੀ ਰਿਸ਼ਤਿਉਂ ਮੁਖ਼ਾਤਿਬ ਹੁੰਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਇਹ ਰਚਨਾ ਅਨੰਤ ਅਕਸਾਂ/ਚਿਹਨਾਂ ਨੂੰ ਸਾਕਾਰ ਕਰਦੀ ਹੈ। ਸ਼ਾਇਰ ਕਦੀ ਪਿੱਤਰਾਂ 'ਤੇ ਕਿੰਤੂ ਕਰਦਾ ਹੈ, ਕਦੇ ਉਹ ਹਾਦਸਿਆਂ ਦੇ ਸ਼ਿਕਾਰ ਲੋਕਾਂ ਨਾਲ ਸੰਵਾਦ ਕਰਦਾ ਹੈ। ਕਿਤੇ ਉਹ ਇਨ੍ਹਾਂ ਦੇ ਵਿਰੁੱਧ ਜੰਗ ਛੇੜਦਾ ਹੈ ਤਾਂ ਜੋ ਅਜਿਹੀਆਂ ਕਮਜ਼ੋਰੀਆਂ ਦੇ ਵਿਰੁੱਧ ਲੜਨ ਦੀ ਤਾਕਤ ਜੁਟਾ ਸਕੇ। ਰੰਗਾਂ ਤੇ ਸ਼ਬਦਾਂ ਦੀ ਚਿਹਨਕੀ ਖੇਡ ਰਾਹੀਂ ਸ਼ਾਇਰ ਅਨੇਕਾਂ ਹੀ ਕਿੰਤੂ ਦ੍ਰਿਸ਼ਮਾਨ ਕਰਦਾ ਚਲਾ ਜਾਂਦਾ ਹੈ। ਉਹ ਘਰ, ਪਰੰਪਰਾ, ਧਰਮ, ਸੱਤਾ ਅਤੇ ਦੇਵੀ-ਦੇਵਤਿਆਂ ਦੀ ਦੁਨੀਆਂ 'ਤੇ ਪ੍ਰਸ਼ਨ ਚਿੰਨ੍ਹ

ਲਾਉਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਉਹ ਜਿਸ ਸਹਿਜ-ਸੰਜੀਦਗੀ ਨਾਲ ਕਹਿੰਦਾ ਹੈ ਉਸ ਦਾ ਅੰਦਾਜ਼ਾ ਤਾਂ ਇਸ ਰਚਨਾ ਦੇ ਅੰਦਰ ਪੈਰ ਰੱਖਦਿਆਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ।

ਗੰਗਾ ਜਮਨਾ ਦੇ ਕੰਢਿਆਂ 'ਤੇ
ਇਹ ਦੇਵ ਅਜੀਬ ਤਰ੍ਹਾਂ ਦੀ ਲੀਲਾ ਰਚਾਉਂਦੇ ਨੇ
ਅਰਧਨਾਰੀ ਈਸ਼ਵਰ
ਆਪਣੇ ਭਗਵਾਨਾਂ ਨਾਲ ਭੋਗ ਵਿਲਾਸ 'ਚ ਰੁੱਝੇ ਰਹਿੰਦੇ ਨੇ ਆਰੀਆਵਰਤ ਅੰਦਰ
"ਕੁਝ ਵੀ" ਕਿਵੇਂ ਅਸ਼ਲੀਲ ਹੋ ਸਕਦੈ"[2]

ਇਸ ਤਰ੍ਹਾਂ ਦੇਵ ਪੌਰਾਣਿਕ ਵਿਸ਼ਵਾਸਾਂ ਨੂੰ ਅਜੋਕੀ ਸਥਿਤੀ ਨਾਲ ਜੋੜ ਕੇ ਉਨ੍ਹਾਂ ਦੀ ਸੋਚਣੀ ਅਤੇ ਅਮਲ ਉੱਤੇ ਸਵਾਲੀਆ ਨਿਸ਼ਾਨ ਲਾਉਂਦਾ ਹੈ। ਉਸ ਦਾ ਵਿਅੰਗਮਈ ਅੰਦਾਜ਼ ਪਰੰਪਰਾ ਨੂੰ ਮੁੜ ਵਿਚਾਰਨ ਵਾਲੇ ਪਾਠਕੀ ਜ਼ਿਹਨ ਸਾਹਵੇਂ ਲਿਜਾ ਖਿਲਾਰਦਾ ਹੈ।

ਸ਼ਬਦਾਂ ਦੇ ਅਰਥਾਂ ਵਾਲੇ ਬੱਝਵੇਂ ਰੂਪ ਤੋਂ ਇਨਕਾਰੀ ਸ਼ਾਇਰ ਸ਼ਬਦ ਦੀ ਹੋਂਦ ਨੂੰ ਹਰ ਹੀਲੇ ਬਰਕਰਾਰ ਰੱਖਣਾ ਲੋਚਦਾ ਹੈ। ਅਰਥਾਂ ਦੀ ਭੀੜ 'ਚ ਸ਼ਬਦਾਂ ਦੀ ਸਵੈ-ਹੋਂਦ ਦੇ ਗੁਆਚਣ ਜਾਂ ਤਿੜਕਣ ਤੋਂ ਪਰਹੇਜ਼ ਕਰਦਾ ਹੈ।

ਸ਼ਬਦਾਂ ਨੂੰ ਆਪਣੀ ਜ਼ਿੱਦ ਦੀ ਸ਼ਤਰੰਜ ਨਾ ਬਣਾਓ
ਸ਼ਬਦਾਂ ਨੂੰ ਸ਼ਬਦ ਹੀ ਰਹਿਣ ਦਿਉ
ਸ਼ਬਦ ਸਮਿਆਂ ਦੇ ਦਰਿਆ ਨੇ[3]

ਸ਼ਬਦਾਂ ਨੂੰ ਜਸ਼ਨ ਵਾਂਗ ਜਿਊਂਦੀ ਦੇਵ ਦੀ 'ਸ਼ਬਦਾਂਤ' ਅਸਲ ਵਿੱਚ ਸ਼ਬਦਾਂ ਦੇ ਰੂਪਕੀ ਵਜੂਦ ਨੂੰ ਚਿਹਨਕੀ ਹੋਂਦ ਵਿੱਚ ਤਬਦੀਲ ਕਰ ਦਿੰਦੀ ਹੈ। ਇੱਥੇ ਆ ਕੇ ਸ਼ਬਦ ਕਿਸੇ ਇੱਕ ਜਾਂ ਦੋ ਅਰਥਾਂ ਦੇ ਗ਼ੁਲਾਮ ਨਹੀਂ ਬਹੁਪਰਤੀ ਪਸਾਰ ਨੂੰ ਪ੍ਰਾਪਤ ਹੁੰਦੇ ਹਨ। ਸੋ ਉਪਰੋਕਤ ਚਰਚਾ ਤੋਂ ਸ਼ਪੱਸਟ ਹੈ ਕਿ ਦੇਵ ਅਤੇ ਉਸ ਦਾ ਕਾਵਿ-ਸੰਗ੍ਰਹਿ 'ਸ਼ਬਦਾਂਤ' ਪੰਜਾਬੀ ਸਾਹਿਤ ਵਿੱਚ ਨਿਵੇਕਲਾ ਸਥਾਨ ਰੱਖਦਾ ਹੈ।

ਕਾਵਿ-ਭਾਸ਼ਾ ਵਿਹਾਰ ਦੀ ਭਾਸ਼ਾ ਤੋਂ ਹਟ ਕੇ ਹੁੰਦੀ ਹੈ। ਇਹ ਉੱਚਤਮ, ਕਲਾਤਮਕ ਅਥਵਾ ਸਿਰਜਨਾ ਦੀ ਭਾਸ਼ਾ ਹੈ। ਏਸੇ ਕਰਕੇ ਇਸ ਵਿੱਚ ਸੁਹਜ ਦ੍ਰਿਸ਼ਟੀ ਵਿਸ਼ੇਸ਼ ਤੌਰ 'ਤੇ ਉਭਰ ਕੇ ਸਾਹਮਣੇ ਆਉਂਦੀ ਹੈ। ਕਾਵਿ-ਭਾਸ਼ਾ ਦਾ ਬੜਾ ਵਿਸ਼ੇਸ਼ ਤੇ ਵਿਲੱਖਣ ਸੁਭਾਅ ਹੈ। ਇਸ ਦੇ ਸ਼ਬਦ ਕਈ ਤਰ੍ਹਾਂ ਦੇ ਅਰਥਾਂ ਨੂੰ ਵਿਅੰਜਤ ਕਰਦੇ ਹਨ। ਕਾਵਿ-ਭਾਸ਼ਾ ਵਿਹਾਰ ਭਾਸ਼ਾ ਨਾਲੋਂ ਵੱਖਰਤਾ ਇਸ ਕਰਕੇ ਪ੍ਰਾਪਤ ਕਰਦੀ ਹੈ ਕਿ ਇਸ ਦੀ ਕਾਵਿ-ਸ਼ਬਦਾਵਲੀ ਅਤੇ ਅਰਥਾਂ ਵਿੱਚ ਦਿਲ ਨੂੰ ਛੂਹਣ ਵਾਲੀ ਵਕ੍ਰਤਾ ਹੁੰਦੀ ਹੈ। ਇਹ ਕਾਵਿਕ-ਸੰਚਾਰ ਨੂੰ ਸੁਹਜਾਤਮਿਕ ਰੂਪ ਵਿੱਚ ਪੇਸ਼ ਕਰਦੀ ਹੈ। ਵਿਹਾਰ ਦੀ ਭਾਸ਼ਾ ਦਾ ਸੰਜੀਵ, ਅਜਨਬੀਕ੍ਰਿਤ ਅਤੇ ਅਲੰਕਾਰਿਕ ਰੂਪ ਹੀ ਕਾਵਿ-ਭਾਸ਼ਾ ਹੈ।

ਰੂਸੀ ਰੂਪਵਾਦੀਆਂ ਦੁਆਰਾ ਕਾਵਿ-ਭਾਸ਼ਾ ਦੇ ਅਧਿਐਨ ਲਈ ਉਪੋਜ਼ਾਜ (Opoyaz) ਨਾਮੀ ਸੰਗਠਨ ਬਣਾਇਆ ਗਿਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਕਾਵਿ-ਭਾਸ਼ਾ ਆਮ ਬੋਲ-ਚਾਲ ਦੀ ਭਾਸ਼ਾ ਦੇ ਨੇਮਾਂ ਅਨੁਸਾਰ ਨਹੀਂ ਭੁਗਤਦੀ। ਇਹ ਆਪਣੇ ਆਪ ਵਿੱਚ ਇੱਕ ਖ਼ੁਦਮੁਖ਼ਤਿਆਰ ਹੋਂਦ ਹੈ। ਇਸ ਲਈ ਉਨ੍ਹਾਂ ਅਨੁਸਾਰ ਕਵਿਤਾ ਭਾਸ਼ਾ ਦੀ ਸਵੈ-ਚੇਤਨਾ ਹੈ। ਇਹ ਉਨ੍ਹਾਂ ਵਿਧੀਆਂ ਦੀ ਬਣੀ ਹੁੰਦੀ ਜਿਨ੍ਹਾਂ ਰਾਹੀਂ ਭਾਸ਼ਾ ਆਪਣੀ ਬਣਤਰ ਅਤੇ ਪ੍ਰਕਾਰਜ ਨੂੰ ਸਭ ਤੋਂ ਵਰਣਨਯੋਗ ਢੰਗ ਨਾਲ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਰੋਮਨ ਜੈਕਬਸਨ ਕਾਵਿ ਵਿਚਲੇ ਸ਼ਬਦਾਂ ਦਾ ਮੁੱਖ ਪ੍ਰਕਾਰਜ ਸੁਹਜ-ਸੰਚਾਰ ਮੰਨਦਾ ਹੈ। ਉਸਦੇ ਮਤ ਅਨੁਸਾਰ:-

> ਕਾਵਿ-ਭਾਸ਼ਾ ਵਿੱਚ ਸ਼ਬਦ ਦਾ ਇਸ ਤਰ੍ਹਾਂ ਦਾ ਇਸਤੇਮਾਲ ਹੁੰਦਾ ਹੈ ਕਿ ਅਰਥਾਂ ਵਿੱਚੋਂ ਅਗਾਂਹ ਅਰਥ ਨਿਕਲਦੇ ਰਹਿੰਦੇ ਹਨ ਤੇ ਅਰਥ ਦੀ ਇਹ ਖੇਡ ਲਗਾਤਾਰ ਚਲਦੀ ਰਹਿੰਦੀ ਹੈ।[4]

ਅਰਥਾਂ ਦੀ ਦ੍ਰਿਸ਼ਟੀ ਤੋਂ ਕਾਵਿ-ਭਾਸ਼ਾ ਮਿਆਰੀ ਭਾਸ਼ਾ ਨਾਲੋਂ ਵਧੇਰੇ ਸੰਘਣੀ ਹੁੰਦੀ ਹੈ। ਆਲੇ-ਦੁਆਲੇ ਦੀ ਜ਼ਿੰਦਗੀ ਵਿੱਚੋਂ ਬਿੰਬਾਂ ਦੀ ਚੋਣ ਕਰਨੀ, ਉਨ੍ਹਾਂ ਦੀ ਇਸ ਤਰ੍ਹਾਂ ਪੇਸ਼ਕਾਰੀ ਕਰਨਾ ਕਿ ਉਹ ਆਮ ਜ਼ਿੰਦਗੀ ਨਾਲੋਂ ਵੱਖਰੇ ਨਜ਼ਰ ਆਉਣ ਕਾਵਿ-ਭਾਸ਼ਾ ਦਾ ਇੱਕ ਜ਼ਰੂਰੀ ਲੱਛਣ ਹੈ। ਕਲਾ ਅਤੇ ਖ਼ਾਸ ਤੌਰ 'ਤੇ ਕਵਿਤਾ ਦੀ ਖ਼ਾਸੀਅਤ ਆਲੇ-ਦੁਆਲੇ ਦੇ ਉਸ ਸੱਚ ਨੂੰ ਮਹਿਸੂਸ ਕਰਵਾਉਣਾ ਹੁੰਦਾ ਹੈ, ਜਿਸ ਨੂੰ ਅਸੀਂ ਦੇਖਦੇ ਹਾਂ ਪਰ ਮਹਿਸੂਸ ਨਹੀਂ ਕਰਦੇ।

ਕਾਵਿ-ਭਾਸ਼ਾ ਕਿਸੇ ਵਸਤ ਦੀ ਪੇਸ਼ਕਾਰੀ ਨਹੀਂ

ਕਰਦੀ ਸਗੋਂ ਉਸਨੂੰ ਰੋਜ਼ਾਨਾ ਜ਼ਿੰਦਗੀ ਨਾਲੋਂ ਅਜਨਬੀ ਬਣਾ ਕੇ ਉਸ ਵਿਚਲੀ ਕਲਾਤਮਕਤਾ ਦੀ ਪੇਸ਼ਕਾਰੀ ਕਰਦੀ ਹੈ। ਇਸ ਤਰ੍ਹਾਂ ਅਜਨਬੀਕਰਨ ਰੂਸੀ ਰੂਪਵਾਦੀਆਂ ਦੁਆਰਾ ਦਿੱਤਾ ਗਿਆ ਮਹੱਤਵਪੂਰਨ ਸਿਧਾਂਤ ਹੈ। ਰੂਸੀ ਰੂਪਵਾਦੀਆਂ ਦਾ ਬਹੁਤਾ ਧਿਆਨ ਸ਼ਬਦਾਂ ਅਤੇ ਬਿੰਬਾਂ ਦੀ ਚੋਣ ਵੱਲ ਨਹੀਂ ਸਗੋਂ ਉਨ੍ਹਾਂ ਦੀ ਖ਼ਾਸ ਜੜਤ ਵਲ ਰਿਹਾ। ਉਨ੍ਹਾਂ ਦਾ ਖ਼ਿਆਲ ਸੀ ਕਿ ਇਹ ਭਾਸ਼ਾ ਦੀ ਖ਼ਾਸ ਜੜ੍ਹਤਬੰਦੀ ਹੀ ਹੈ ਜੋ ਕਾਵਿ ਨੂੰ ਕਾਵਿ ਬਣਾਉਂਦੀ ਹੈ। ਮੁਕਾਰੋਵਸਕੀ, ਰੋਮਨ ਜੈਕਬਸਨ ਦੇ ਵਿਚਾਰਾਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਅਤੇ ਉਨ੍ਹਾਂ ਦਾ ਖੰਡਨ ਵੀ ਕਰਦਾ ਹੈ। ਉਹ 'ਰੂਪ' ਸੰਕਲਪ ਨਾਲ ਸਹਿਮਤ ਨਹੀਂ ਹੁੰਦਾ ਅਤੇ ਕਿਸੇ ਕਾਵਿ ਨੂੰ ਉਸਦੇ ਸਮੁੱਚੇ ਰੂਪ ਵਿੱਚ ਸਮਝਣ ਦੀ ਸਿਫ਼ਾਰਸ਼ ਕਰਦਾ ਹੈ। ਇਸ ਤਰ੍ਹਾਂ ਉਹ ਇਸ ਵਿਚਾਰ ਨਾਲ ਵੀ ਸਹਿਮਤ ਨਹੀਂ ਹੁੰਦਾ ਕਿ ਕਾਵਿ-ਭਾਸ਼ਾ ਹਮੇਸ਼ਾਂ ਹੀ ਸੁੰਦਰ ਹੁੰਦੀ ਹੈ। ਉਸ ਦਾ ਵਿਚਾਰ ਹੈ ਕਿ ਕਾਵਿ-ਭਾਸ਼ਾ ਹਮੇਸ਼ਾਂ ਹੀ ਸੁੰਦਰ ਨਹੀਂ ਹੁੰਦੀ ਇਹ ਵਿਸ਼ੇਸ਼ ਹਾਲਤਾਂ ਵਿੱਚ ਅਸੁੰਦਰ ਵੀ ਹੋ ਸਕਦੀ ਹੈ। ਮੁਕਾਰੋਵਸਕੀ ਦਾ ਵਿਚਾਰ ਹੈ :-

> ਸੁੰਦਰ ਹੋਣਾ ਕਾਵਿ-ਭਾਸ਼ਾ ਦਾ ਕੋਈ ਸਦੀਵੀ ਗੁਣ ਨਹੀਂ ਹੈ।[5]

ਕਾਵਿ-ਭਾਸ਼ਾ ਦੀ ਜੋ ਮਿਆਰੀ ਭਾਸ਼ਾ ਤੋਂ ਭਿੰਨਤਾ ਹੈ। ਉਹ ਇਸ ਲਈ ਹੈ ਕਿ ਕਾਵਿ-ਭਾਸ਼ਾ ਮਿਆਰੀ ਭਾਸ਼ਾ ਦੇ ਨੇਮਾਂ ਤੋਂ ਪ੍ਰਾਹਣ (deviate) ਕਰਦੀ ਹੈ।

ਕਾਵਿ-ਭਾਸ਼ਾਈ ਜੁਗਤਾਂ ਤੋਂ ਭਾਵ ਉਹ ਜੁਗਤਾਂ ਹਨ ਜਿਨ੍ਹਾਂ ਰਾਹੀਂ ਰਚਨਾਕਾਰ ਆਪਣੇ ਅਨੁਭਵ, ਗਿਆਨ, ਸੋਚ, ਸੂਝ ਨੂੰ ਜਦੋਂ ਸੰਚਾਰਦਾ ਹੈ ਤਾਂ ਉਹ ਅਨੁਭਵ-ਯਥਾਰਥ ਅਤੇ ਕਵਿਤਾ ਦੇ ਸੁਭਾਉ ਨੂੰ ਵੱਖਰੇ-ਵੱਖਰੇ ਤੇਵਰ ਪ੍ਰਦਾਨ ਕਰਦਾ ਹੈ। ਇਹ ਤੇਵਰ ਹੀ ਕਾਵਿ-ਜੁਗਤ ਬਣਦੇ ਹਨ। ਇਉਂ ਕਵਿਤਾ ਅੰਦਰ ਪੇਸ਼ ਹੋ ਰਹੇ ਯਥਾਰਥ ਨੂੰ ਉਸ ਦੇ ਅਨੁਕੂਲ ਜੁਗਤ ਰਾਹੀਂ ਸੰਚਾਰਨਾ ਹੀ ਕਾਵਿ-ਕਲਾ ਦਾ ਪਹਿਲੂ ਬਣਦਾ ਹੈ। ਦੇਵ ਨੇ ਆਪਣੀ ਰਚਨਾ 'ਸ਼ਬਦਾਂਤ' ਵਿੱਚ ਜਿਨ੍ਹਾਂ ਵਿਭਿੰਨ ਕਾਵਿ-ਭਾਸ਼ਾਈ ਜੁਗਤਾਂ ਦੀ ਵਰਤੋਂ ਕੀਤੀ ਹੈ, ਉਹਨਾਂ ਨੂੰ ਨਿਮਨ ਲਿਖਤ ਰੂਪ ਵਿੱਚ ਸਮਝਿਆ ਅਤੇ ਅਧਿਐਨ ਹੇਠ ਲਿਆਂਦਾ ਜਾ ਸਕਦਾ ਹੈ।

**ਕਾਵਿਕ ਬਿਰਤਾਂਤ:-**

ਬਿਰਤਾਂਤਿਕ-ਕਾਵਿ ਸਾਹਿਤ ਸਿਰਜਣਾ ਦੇ ਮੁੱਢ ਤੋਂ ਹੀ ਲੋਕਪ੍ਰਿਯ ਅਤੇ ਮਹੱਤਵਪੂਰਨ ਰੂਪਾਕਾਰ ਵਜੋਂ ਪ੍ਰਚੱਲਿਤ ਹੈ। ਸੰਸਾਰ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿੱਚ ਸਾਹਿਤ ਸਿਰਜਣਾ ਦੀ ਸ਼ੁਰੂਆਤ 'ਕਾਵਿ' ਵਿੱਚ ਹੋਈ ਹੈ ਅਤੇ 'ਕਾਵਿ' ਵਿੱਚੋਂ 'ਬਿਰਤਾਂਤ' ਇੱਕ ਪ੍ਰਧਾਨ ਰੂਪਾਕਾਰ ਵਜੋਂ ਜਾਣਿਆ ਜਾਂਦਾ ਰਿਹਾ ਹੈ। ਬਿਰਤਾਂਤਿਕ ਸਾਹਿਤ ਵਾਰਤਕ ਅਤੇ ਕਵਿਤਾ ਦੋਹਾਂ ਰੂਪਾਂ ਵਿੱਚ ਮਿਲਦਾ ਹੈ। ਵਾਰਤਕੀ ਬਿਰਤਾਂਤ ਯਥਾਰਥ ਦੇ ਨਜ਼ਦੀਕ ਹੁੰਦਾ ਹੈ, ਜਦਕਿ ਕਾਵਿਕ-ਬਿਰਤਾਂਤ ਅੰਦਰ ਸੰਕੇਤਕ ਵੇਰਵੇ ਵੱਧ ਹੁੰਦੇ ਹਨ। ਇਹ ਕਲਪਨਾ ਦੇ ਜ਼ਿਆਦਾ ਨੇੜੇ ਹੁੰਦਾ ਹੈ। ਕਾਵਿਕ ਬਿਰਤਾਂਤ ਵਿੱਚ ਘਟਨਾਵਾਂ ਵਾਰਤਕੀ ਬਿਰਤਾਂਤ ਨਾਲੋਂ ਘੱਟ ਸਪਸ਼ਟ ਹੁੰਦੀਆਂ ਹਨ। ਇਨਸਾਈਕਲੋਪੀਡੀਆ ਆਫ਼ ਪੋਇਟਰੀ ਐਂਡ ਪੋਇਟਿਕਸ ਵਿੱਚ ਬਿਰਤਾਂਤਿਕ ਕਵਿਤਾ ਦੀ ਬਿਰਤਾਂਤ ਇਸ ਪ੍ਰਕਾਰ ਹੈ:-

> ਬਿਰਤਾਂਤਿਕ ਕਵਿਤਾ ਉਹ ਹੈ ਜਿਹੜੀ ਕਿਸੇ ਕਹਾਣੀ ਜਾਂ ਘਟਨਾ ਦਾ ਬਿਆਨ ਕਰਦੀ ਹੈ। ਇਸ ਦੀਆਂ ਦੋ ਮੁੱਖ ਕਿਸਮਾਂ ਹਨ। ਮਹਾਂਕਾਵਿ, ਬੈਲੱਡ ਦੋਹਾਂ ਦਾ ਮੌਖਿਕ ਸਾਹਿਤ ਦੇ ਰੂਪਾਂ ਵਿੱਚ ਕਾਫੀ ਲੰਮਾ ਇਤਿਹਾਸ ਹੈ। ਕਵਿਤਾ ਵਿੱਚ ਕਹਾਣੀ ਦੱਸਣ ਦੀ ਸ਼ੁਰੂਆਤ ਮਿੱਥ ਤੋਂ ਮੰਨੀ ਜਾਂਦੀ ਹੈ।[6]

ਪਰ ਅੱਜ ਦੇ ਉਤਰ ਆਧੁਨਿਕ ਦੌਰ ਵਿੱਚ ਮਹਾਂ ਬਿਰਤਾਂਤ ਖ਼ਤਮ ਹੋ ਰਹੇ ਹਨ। ਇਹਨਾਂ ਦੀ ਥਾਂ ਲਘੂ ਬਿਰਤਾਂਤ ਲੈ ਰਹੇ ਹਨ। ਇਹ ਲਘੂ ਬਿਰਤਾਂਤ ਸਮੂਹਿਕਤਾ ਦੀ ਬਜਾਇ ਵਿਅਕਤੀਗਤ, ਵਿਸ਼ਵ ਵਿਆਪੀ ਦੀ ਬਜਾਇ ਸਥਾਨਕ ਅਤੇ ਸਮੱਗਰਤਾ ਦੀ ਤੁਲਨਾ ਵਿੱਚ ਅੰਸ਼ਿਕਤਾ ਦੇ ਵਾਹਕ ਹਨ। ਇਹਨਾਂ ਅਰਥਾਂ ਵਿੱਚ 'ਲਘੂ ਬਿਰਤਾਂਤ' ਸਾਹਿਤ ਤੇ ਕਲਾ ਦੀ ਸੁਤੰਤਰਤਾ ਅਤੇ ਸਿਰਜਣਾਤਮਕਤਾ ਦੇ ਯੋਗ ਮਾਧਿਅਮ ਹਨ।

ਦੇਵ ਨੇ ਆਪਣੇ ਕਾਵਿ-ਸੰਗ੍ਰਹਿ 'ਸ਼ਬਦਾਂਤ' ਵਿੱਚ ਕਾਵਿਕ-ਬਿਰਤਾਂਤ ਦੀ ਸਿਰਜਣਾ ਵੱਖ-ਵੱਖ ਕਾਵਿ-ਬਿਰਤਾਂਤਿਕ ਜੁਗਤਾਂ ਦੀ ਸਹਾਇਤਾ ਰਾਹੀਂ ਕੀਤੀ ਹੈ ਜਿਸ

ਦਾ ਅਹਿਸਾਸ ਦੇਵ ਦੀਆਂ ਆਰੰਭਿਕ ਕਵਿਤਾਵਾਂ ਵਿੱਚੋਂ ਸਹਿਜੇ ਹੀ ਮਹਿਸੂਸ ਹੋਣ ਲਗਦਾ ਹੈ।

ਸਾਰੀ ਉਮਰ ਉਸ ਨੇ
ਬੁੱਧੀਜੀਵੀ ਹੋਣ ਦਾ
ਤਗਮਾ ਪਹਿਨ ਰੱਖਿਆ
ਕਲੇਸ਼ ਤੇ ਹਸਦ ਨਾਲ ਭਰੀ ਉਸ ਦੀ ਬੁੱਧੀ
ਸਵਾਏ ਨਫ਼ਿਆਂ ਦੇ ਉਸ ਕੋਲ ਕੋਈ ਹੋਰ ਜਾਵੀਆ
ਨਹੀਂ ਸੀ[7]

ਕਵੀ ਆਪਣੀ ਉਪਰੋਕਤ ਕਵਿਤਾ 'ਡਾ. ਫਾਉਸਟ' ਰਾਹੀਂ ਇੱਕ ਅਜਿਹੇ ਵਿਅਕਤੀ ਦੇ ਜੀਵਨ ਚਰਿੱਤਰ ਦੀਆਂ ਪਰਤਾਂ ਨੂੰ ਕਾਵਿਕ-ਬਿਰਤਾਂਤ ਰਾਹੀਂ ਉਜਾਗਰ ਕਰਦਾ ਹੈ ਜੋ ਸਾਰੀ ਉਮਰ ਆਪਣੇ ਆਪ ਨੂੰ ਬੁੱਧੀਜੀਵੀ ਹੋਣ ਦੇ ਭਰਮ ਵਿੱਚ ਰੱਖਦਾ ਹੈ। ਦੇਵ ਅਜਿਹੇ ਲੋਕਾਂ ਨੂੰ ਵਿਅੰਗਮਈ ਭਾਸ਼ਾ ਰਾਹੀਂ ਕਾਟੇ ਹੇਠ ਲੈਂਦਾ ਹੋਇਆ, ਅਜਿਹੇ ਮੌਕਾਪ੍ਰਸਤ ਲੋਕਾਂ ਨੂੰ ਨੰਗਿਆਂ ਕਰਕੇ ਪਾਠਕ ਸਾਹਵੇਂ ਲਿਜਾ ਖਿਲਾਰਦਾ ਹੈ। ਦੇਵ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਸਵੈ-ਜੀਵਨੀ ਪਰਕ ਅੰਸ਼ ਭਰਪੂਰ ਮਾਤਰਾ ਵਿੱਚ ਮਿਲਦੇ ਹਨ ਜਿਸ ਦੀ ਸਿਰਜਣਾ ਉਸ ਨੇ ਸਵੈ-ਬਿਰਤਾਂਤ ਦੀ ਜੁਗਤ ਰਾਹੀਂ ਕੀਤੀ ਹੈ।

ਨਾਮ:
ਦੇਵ ਮੇਰਾ
ਮਿੱਟੀ ਗਾਲਬ ਕਲਾ ਦੀ
ਪਾਣੀ ਵਾਲੀ ਟੈਂਕੀ ਅੱਗੇ
ਸਰਾਪੀ ਸਰਦਲ ਸਾਡੀ
ਬਚਪਨੀ ਚੇਤਾ
ਜਗਰਾਵਾਂ
ਜਗਰਾਵਾਂ
ਜਗਰਾਵਾਂ[8]

ਦੇਵ ਆਪਣੀ ਕਵਿਤਾ 'ਨਾਮ' ਵਿੱਚ ਸਵੈ-ਬਿਰਤਾਂਤ ਦੀ ਜੁਗਤ ਰਾਹੀਂ ਆਪਣੇ ਪਿਛੋਕੜ ਬਾਰੇ ਦੱਸਦਾ ਹੋਇਆ ਲਿਖਦਾ ਹੈ। ਜਿਸ ਤੋਂ ਸਾਨੂੰ ਭਲੀ-ਭਾਂਤੀ ਗਿਆਤ ਹੁੰਦਾ ਹੈ ਕਿ ਦੇਵ ਦਾ ਜੱਦੀ ਪਿੰਡ ਗਾਲਬ ਕਲਾ ਹੈ ਜੋ ਕਿ ਜਗਰਾਵਾਂ ਤਹਿਸੀਲ ਵਿੱਚ ਪੈਂਦਾ ਹੈ। ਦੇਵ ਦਾ ਬਚਪਨ ਬਹੁਤ ਹੀ ਮੁਸ਼ਕਿਲ ਅਤੇ ਕਠਨਾਈਆਂ ਭਰਿਆ ਬੀਤਿਆ ਸੀ ਜਿਸ ਦਾ ਜ਼ਿਕਰ ਦੇਵ ਆਪਣੀਆਂ ਕਾਵਿ ਰਚਨਾਵਾਂ ਵਿੱਚ ਸੁਚੇਤ/ਅਚੇਤ ਕਰਦਾ ਨਜ਼ਰ ਆਉਂਦਾ ਹੈ। ਅਜਨਬੀਅਤ ਦਾ ਅਹਿਸਾਸ ਉਸ ਨੂੰ ਬਚਪਨ ਤੋਂ ਹੀ ਹੋ ਚੁੱਕਾ ਸੀ। ਉਹ ਮਾਂ ਕੋਲ ਜਗਰਾਵਾਂ ਲਾਗੇ ਪਿੰਡ 'ਚ ਰਹਿੰਦਾ ਸੀ। ਉਮਰ ਸੱਤ ਸਾਲ ਸੀ ਕਿ ਕੀਨੀਆ ਰਹਿੰਦੇ ਬਾਪ ਦਾ ਹੁਕਮ ਹੋ ਗਿਆ ਕਿ ਸਾਰਾ ਟੱਬਰ ਉਸ ਪਾਸ ਪੁੱਜ ਜਾਵੇ। ਉੱਥੇ ਪੁੱਜ ਕੇ ਘਰੇਲੂ ਤਣਾਓ ਏਨਾ ਹੋ ਗਿਆ ਕਿ ਨਿੱਕੇ ਜਿਹੇ ਦੇਵ ਨੂੰ ਇਹ ਪਤਾ ਨਹੀਂ ਸੀ ਚਲਦਾ ਕਿ ਉਹ ਕੀ ਸ਼ੈਅ ਹੈ? ਜਦੋਂ ਉਹ ਪਿੰਡ 'ਚ ਰਹਿੰਦਾ ਸੀ ਤਦ ਵੀ ਨਿਮਨ ਮੱਧ ਸ਼੍ਰੇਣੀ ਦੇ ਪੈਸਾਖੋਰ ਬੰਦਿਆਂ ਦਾ ਸੰਸਾਰ ਉਸਦੇ ਇਰਦ-ਗਿਰਦ ਯੁੱਧ ਕਰਦਾ ਰਹਿੰਦਾ।

ਉੱਪਰੋਕਤ ਸਤਰਾਂ ਵਿੱਚ ਸਾਨੂੰ ਦੇਵ ਦੇ ਜੀਵਨ ਖ਼ਾਸ ਕਰਕੇ ਉਸ ਦੇ ਬਪਚਨ ਵਿੱਚ ਸਾਹਮਣੇ ਆਈਆਂ ਕਠਨਾਈਆਂ ਬਾਰੇ ਸੰਖੇਪ ਜਾਣਕਾਰੀ ਹਾਸਿਲ ਹੁੰਦੀ ਹੈ ਜਿਸ ਨੂੰ ਦੇਵ ਸਵੈ-ਬਿਰਤਾਂਤ ਦੀ ਜੁਗਤ ਰਾਹੀਂ ਪੇਸ਼ ਕਰਦਾ ਹੈ। ਕਵੀ ਇਸ ਕਵਿਤਾ ਵਿੱਚ ਬਿਰਤਾਂਤਕਾਰ ਦੀ ਭੂਮਿਕਾ ਵਿੱਚ ਨਜ਼ਰ ਆਉਂਦਾ ਹੈ ਕਿਉਂਕਿ ਇਹਨਾਂ ਸਤਰਾਂ ਵਿੱਚ ਉਹ ਕਿਸੇ ਕਲਪਿਤ ਪਾਤਰ ਦੀ ਕਥਾ ਬਿਆਨ ਨਹੀਂ ਕਰ ਰਿਹਾ ਸਗੋਂ ਇਹ ਸਭ ਕੁਝ ਉਸ ਦੇ ਹੱਡੀਂ ਹੰਢਾਇਆ ਹੋਇਆ ਸੱਚ ਹੈ।

**ਵਿਅੰਗ:-**

ਵਿਅੰਗ ਅੰਗਰੇਜ਼ੀ ਦੇ ਸ਼ਬਦ (satire) ਦਾ ਸਮਾਨਾਰਥਕ ਹੈ। ਉਰਦੂ ਵਿੱਚ ਇਸ ਲਈ ਤਨਜ਼ੋ ਮਜ਼ਾਹ ਸ਼ਬਦ ਪ੍ਰਚੱਲਿਤ ਹੈ। ਵਿਅੰਗ ਸ਼ਬਦ ਪੰਜਾਬੀ ਵਿੱਚ ਸੰਸਕ੍ਰਿਤ ਤੋਂ ਆਇਆ ਹੈ। ਸੰਸਕ੍ਰਿਤ ਕਾਵਿ-ਸ਼ਾਸਤਰ ਵਿੱਚ ਵਕ੍ਰੋਕਤੀ ਸੰਪਰਦਾਇ ਵਾਲਿਆਂ ਨੇ ਵਕ੍ਰੋਕਤੀ ਦੀ ਵਿਆਖਿਆ ਦੋ ਤਰ੍ਹਾਂ ਨਾਲ ਕੀਤੀ ਹੈ ਜਿਸ 'ਚ ਇੱਕ ਦਾ ਅਰਥ ਗੱਲ ਨੂੰ ਟੇਢੇ ਢੰਗ ਨਾਲ ਕਰਨ ਦੀ ਵਿਧੀ ਹੈ। ਇਸ ਤੋਂ ਭਾਵ ਚੋਟ ਵਾਲੇ ਢੰਗ ਨਾਲ ਗੱਲ ਕਰਨਾ ਵੀ ਲਿਆ ਜਾਂਦਾ ਹੈ। ਸਾਹਿਤ ਕੋਸ਼ ਅਨੁਸਾਰ:-

ਵਿਅੰਗ ਜਾਂ ਤਨਜ਼ ਅੰਗਰੇਜ਼ੀ ਸ਼ਬਦ ਸਟਾਇਰ

(satire) ਦਾ ਪਰਿਆਇ ਹੈ। ਇਸ ਦੇ ਭਾਵ ਤੋਂ ਅਜਿਹੀ ਰਚਨਾ ਦਾ ਬੋਧ ਹੁੰਦਾ ਹੈ ਜਿਸ ਵਿੱਚ ਮਨੁੱਖੀ ਕਮਜ਼ੋਰੀਆਂ ਜਾਂ ਬੁਰਾਈਆਂ ਦੀ ਕਰੜੀ ਆਲੋਚਨਾ ਕੀਤੀ ਹੋਈ ਹੁੰਦੀ ਹੈ ਤਨਜ਼ ਦਾ ਮੁੱਖ ਉਦੇਸ਼ ਸੁਧਾਰਾਤਮਕ ਹੁੰਦਾ ਹੈ।[9]

ਵਿਅੰਗ ਕਿਸੇ ਦੇ ਔਗੁਣ/ਗ਼ਲਤੀਆਂ ਵੱਲ ਸੰਕੇਤ ਕਰਨ ਦਾ ਸਭ ਤੋਂ ਵਧੀਆ ਤੇ ਸੁਲਝਿਆ ਹੋਇਆ ਢੰਗ ਹੈ। ਵਿਅੰਗ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਗੱਲ ਨੂੰ ਅਸਿੱਧੇ ਢੰਗ ਦੇ ਨਾਲ ਕਿਹਾ ਜਾਂਦਾ ਹੈ। ਇਹ ਲੁਕਵੇਂ ਢੰਗ ਨਾਲ ਗੱਲ ਨੂੰ ਸੁਲਝਾਉਂਦਾ ਵੀ ਹੈ ਅਤੇ ਊਣਤਾਈ ਉੱਪਰ ਭਰਪੂਰ ਚੋਟ ਵੀ ਕਰਦਾ ਹੈ। ਇਹ ਚੋਭ ਜ਼ਿਆਦਾਤਰ ਸਾਹਿਤਕ ਤੇ ਉਸਾਰੂ ਪ੍ਰਕਿਰਤੀ ਵਾਲੀ ਹੁੰਦੀ ਹੈ।

ਦੇਵ ਦੀ ਕਵਿਤਾ ਵਿੱਚ ਵਿਅੰਗ ਤੇਜ਼, ਤਿੱਖਾ, ਬਹੁਪਰਤੀ ਅਤੇ ਚੋਭ ਵਾਲੀ ਜੁਗਤ ਵਜੋਂ ਉੱਭਰਦਾ ਹੈ। ਅੱਜ ਦੇ ਯੁੱਗ ਵਿੱਚ ਸਮਾਜਿਕ ਤੇ ਰਾਜਨੀਤਕ ਤੌਰ 'ਤੇ ਸੱਤਾਧਾਰੀ ਵਰਗ ਦੀਆਂ ਬੁਰਾਈਆਂ ਬਾਰੇ ਆਵਾਜ਼ ਉਠਾਉਣੀ ਕੋਈ ਸੌਖੀ ਗੱਲ ਨਹੀਂ। ਅਜਿਹੀ ਗੱਲ ਕਰਨ ਲਈ ਸਾਹਸ, ਦਲੇਰੀ ਤੇ ਪ੍ਰਤਿਭਾ ਦੀ ਲੋੜ ਹੁੰਦੀ ਹੈ। ਦੇਵ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਸਮਾਜਿਕ, ਧਾਰਮਿਕ, ਅਤੇ ਰਾਜਨੀਤਿਕ, ਖੇਤਰ ਵਿੱਚ ਸਥਾਪਿਤ ਲੋਟੂ, ਦੰਭੀ ਅਤੇ ਪਖੰਡੀ ਵਰਗ ਦੀਆਂ ਬੁਰਾਈਆਂ ਨੂੰ ਭੰਡਣ ਲਈ ਬੜੇ ਸੁਚੱਜੇ ਢੰਗ ਦੇ ਨਾਲ ਵਿਅੰਗ ਦੀ ਸਿਰਜਣਾ ਕੀਤੀ ਹੈ। ਵਿਅੰਗ ਵਿਧੀ ਨੇ ਉਸ ਦੀ ਰਚਨਾ ਵਿੱਚ ਗੰਭੀਰਤਾ ਤੇ ਭਰਪੂਰਤਾ ਲਿਆਂਦੀ ਹੈ।

ਅੱਜ ਖੱਦਰ
ਖੁਦਾਰ ਨਹੀਂ ਪਹਿਨਦੇ
ਥਾਂ-ਥਾਂ ਤੋਂ ਲਿੱਬੜੀ ਖਾਦੀ
ਸਿਆਸੀ ਖੁਸਰੇ ਪਹਿਨਦੇ ਨੇ[10]

ਦੇਵ ਸੱਤਾ ਪ੍ਰਤੀ ਬਹੁਤ ਹੀ ਰੋਹ-ਭਰਪੂਰ ਅਤੇ ਨਫ਼ਰਤ ਭਰੇ ਅੰਦਾਜ਼ ਵਿੱਚ ਪ੍ਰਹਾਰ ਕਰਦਿਆਂ ਰਾਜਨੀਤਕ ਲੋਕਾਂ ਦੀਆਂ ਨਿਹਾਇਤ ਘਟੀਆ ਅਤੇ ਕੋਝੀਆਂ ਹਰਕਤਾਂ ਦੇ ਹੀਜ਼ ਪਿਆਜ਼ ਨੂੰ ਨੰਗਿਆਂ ਕਰਦਾ ਹੈ।

ਜਦੋਂ ਵੀ ਨਵੀਂ ਸੱਤਾ
ਸਿੰਘਾਸਣ 'ਤੇ 'ਆਪਣੇ ਮੁਕਟ' ਨਾਲ
ਬਿਰਾਜਮਾਨ ਹੁੰਦੀ ਹੈ
ਪਹਿਲਾ ਫ਼ਰਮਾਨ ਹੁੰਦੈ
ਪਿਛਲੀਆਂ ਸਭ ਤਰੀਕਾਂ:
ਤਾਰੀਖ਼ਾਂ: ਸ਼ਰਧਾਂਜਲੀਆਂ ਨੂੰ
ਧੁਰ ਤੀਕ ਖੁਰਚ ਦਿੱਤਾ ਜਾਵੇ[11]

ਇਸ ਕਵਿਤਾ ਰਾਹੀਂ ਸੱਤਾ ਉੱਪਰ ਕਾਟਵੇਂ ਢੰਗ ਨਾਲ ਵਿਅੰਗ ਕੀਤਾ ਗਿਆ ਹੈ। ਸਿਆਸਤਦਾਨ ਵਜ਼ਾਰਤ ਲੈਣ ਲਈ ਲੋਕਾਂ ਕੋਲੋਂ ਪਹਿਲਾਂ ਤਾਂ ਬੜੇ ਪਿਆਰ ਨਾਲ ਵੋਟਾਂ ਪ੍ਰਾਪਤ ਕਰਦੇ ਹਨ। ਪਰੰਤੂ ਬਾਅਦ ਵਿੱਚ ਸੱਤਾ ਹੱਥ ਵਿੱਚ ਆ ਜਾਣ ਤੇ ਇਹ ਲੋਕ ਗ਼ਰੀਬਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੀ ਲੁੱਟ ਕਰਦੇ ਹਨ। ਹਰ ਸੱਤਾ ਸਿੰਘਾਸਣ ਤੇ ਬਿਰਾਜਮਾਨ ਹੋਣ ਤੋਂ ਬਾਅਦ ਪਹਿਲੀ ਸੱਤਾ ਨੂੰ ਸਿਰੇ ਤੋਂ ਖ਼ਾਰਜ ਕਰਕੇ ਕਾਟਾ ਫੇਰਨ ਦਾ ਯਤਨ ਕਰਦੀ ਹੈ। ਦੇਵ ਨੇ ਵਿਚਾਰਧਾਰਕ ਚੇਤਨਾ ਨੂੰ ਕਦੇ ਵੀ ਤਿਆਗਿਆ ਨਹੀਂ, ਸਗੋਂ ਉਸ ਦੀ ਪਛਾਣ ਹਮੇਸ਼ਾਂ ਕਾਇਮ ਰੱਖੀ ਹੈ ਤੇ 'ਸ਼ਬਦਾਂਤ' ਵਿੱਚ ਉਸਦੀ ਇਹ ਸੰਯੁਕਤ ਪਛਾਣ ਹੋਰ ਵੀ ਵਧ ਜਾਂਦੀ ਹੈ। ਸੱਤਾ ਅਤੇ ਸਿਆਸਤਦਾਨਾਂ ਬਾਰੇ ਉਹ ਇਸੇ ਪਛਾਣ 'ਚੋਂ ਹੀ ਬੋਲਦਾ ਹੈ। ਡਾ. ਸਰਬਜੀਤ ਸਿੰਘ ਦੇ ਸ਼ਬਦਾਂ ਅਨੁਸਾਰ:-

ਦੇਵ ਦੀ ਸਮੁੱਚੀ ਸੁਰ ਇੱਕ ਤਿਰਛੀ ਨਜ਼ਰ ਰਾਹੀਂ ਪਾਰ ਜਾਣ ਵਾਲੀ ਹੈ। ਉਹ ਲੋਕ ਹਿੱਤ ਦਾ ਭਰਮ ਪਾਲਣ ਵਾਲੀਆਂ ਰਚਨਾਵਾਂ ਦੀ ਸਿਰ-ਜਣਾ ਦੀ ਬਜਾਇ ਲੋਕ-ਭਰਮ, ਲੋਕ ਭਲਾਈ ਦੀ ਸੱਤਾਧਾਰੀ ਅਤੇ ਸੱਤਾ ਤੋਂ ਬਾਹਰ ਸ਼ਕਤੀਆਂ ਦੀ ਮਿੱਥ ਨੂੰ ਤੋੜਦਾ ਹੈ।[12]

ਦੇਵ ਦੀ ਕਵਿਤਾ ਸਮਕਾਲੀ ਸੰਦਰਭ ਵਿੱਚ ਜਿੱਥੇ ਰਾਜਨੀਤਿਕ ਸੰਸਥਾਵਾਂ ਦੇ ਗੈਰਮਾਨਵੀ ਪ੍ਰਵਚਨਾਂ ਦਾ ਵਿਸਫ਼ੋਟ ਕਰਦੀ ਹੈ ਉੱਥੇ ਉਹ ਉਤਰ-ਆਧੁਨਿਕ ਪੈਰਾਡਾਈਮ ਦੇ ਮੰਡੀ ਪ੍ਰਵਚਨ ਤੋਂ ਪਾਰ ਜਾ ਕੇ ਮਾਨਵ ਦੀ ਆਜ਼ਾਦੀ ਦੀ ਗੱਲ ਵੀ ਕਰਦੀ ਹੈ। ਦੇਵ ਇਸ ਗੱਲੋਂ ਵੀ ਚੇਤਨਾ ਜਗਾਉਂਦਾ ਹੈ ਕਿ ਸੱਤਾ ਦੇ ਪ੍ਰਵਚਨ ਕੇਵਲ ਸਿੱਧੇ ਤੌਰ 'ਤੇ ਸੱਤਾ ਵੱਲੋਂ ਹੀ ਨਹੀਂ ਘੜੇ ਜਾਂਦੇ ਸਗੋਂ ਬਹੁਤੀ ਵਾਰ

ਇਹ ਸਾਡੀਆਂ ਸੰਸਕ੍ਰਿਤਕ/ਧਾਰਮਿਕ ਸੰਸਥਾਵਾਂ ਵੱਲੋਂ ਰੱਬ ਦੇ ਨਾਂ 'ਤੇ ਅਜਿਹੇ ਨਵ-ਫ਼ਰਮਾਨ ਜਾਂ ਫ਼ਤਵੇ ਬੰਦੇ 'ਤੇ ਅੱਤਿਆਚਾਰ ਕਰਨ ਦੇ ਨਵ-ਪ੍ਰਵਚਨ ਹਨ।

ਰੱਬ ਦੇ ਜੀਓ ਕੀ ਹੋ ਤੁਸੀਂ ?
ਤੁਹਾਡੇ ਤਸ਼ੱਦਦ ਦਾ
ਧਰਮ ਤਾਂ ਨਿਰਾ ਬਹਾਨਾ
ਪਰਪੰਚ
ਨਾਟਕ ਹੈ।[13]

ਦੇਵ ਦੀ ਸ਼ਾਇਰੀ ਮਨੁੱਖ ਦੀ ਆਜ਼ਾਦੀ ਅਤੇ ਪਰਵਾਜ਼ ਦਾ ਪ੍ਰਵਚਨ ਹੈ। ਦੇਵ ਸਮਾਜ ਵਿੱਚ ਵਾਪਰਦੀਆਂ ਅਮਾਨਵੀ ਘਟਨਾਵਾਂ ਪ੍ਰਤੀ ਸੁਚੇਤ ਰੂਪ ਵਿੱਚ ਵਿਅੰਗ ਅਤੇ ਤਨਜ਼ਮਈ ਅੰਦਾਜ਼ ਵਿੱਚ ਵਿਰੋਧ ਕਰਦਾ ਨਜ਼ਰ ਆਉਂਦਾ ਹੈ। ਕਵੀ ਧਰਮ ਦੇ ਨਾਮ ਤੇ ਮਨੁੱਖਤਾ ਦੀ ਬਲੀ ਚੜ੍ਹਾਉਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਰੋਹ ਭਰੀ ਭਾਸ਼ਾ ਵਿੱਚ ਰੱਦ ਕਰਦਾ ਹੈ।

**ਵਿਸਥਾਪਨ :-**

ਦੇਵ ਕਵਿਤਾ ਦੀ ਆਧੁਨਿਕ ਚੇਤਨਾ ਨਾਲ ਇੱਕ ਨਵੀਂ ਭਾਸ਼ਾ ਤਿਆਰ ਕਰਨਾ ਚਾਹੁੰਦਾ ਹੈ, ਜਿਸ ਵਿੱਚ ਯਥਾਰਥ ਨਾਲ ਜੁੜੇ ਖਰ੍ਹਵੇ ਸ਼ਬਦਾਂ ਨੂੰ ਵੀ ਥਾਂ ਮਿਲੇ। ਉਹ ਅਲੰਕਾਰਾਂ, ਪ੍ਰਗੀਤਕ ਸ਼ਬਦਾਂ ਦੇ ਵਿਸਥਾਰ 'ਚ ਵੀ ਨਹੀਂ ਪੈਣਾ ਚਾਹੁੰਦਾ, ਸਿੱਧੇ ਸੰਚਾਰ ਲਈ ਪਰੰਪਰਕ ਸ਼ਬਦਾਂ ਦੇ ਮੋਹ ਨੂੰ ਵੀ ਤਿਆਗਣਾ ਚਾਹੁੰਦਾ ਹੈ। ਕਾਵਿ-ਪੈਰਾਡਾਈਮ ਦੇ ਮੁਤਾਬਿਕ ਹੀ ਸ਼ਬਦ ਨੇ ਕਵਿਤਾ ਦਾ ਸਿਸਟਮ ਬਣਨਾ ਹੁੰਦਾ ਹੈ। ਇਹੀ ਕਾਰਨ ਹੈ ਕਿ ਉਹ ਆਪਣੀ ਕਵਿਤਾ ਵਿੱਚ ਸ਼ਬਦ ਬਾਰੇ ਬਹੁਤ ਚਿੰਤਤ ਵੀ ਹੈ। ਸ਼ਬਦ ਬਾਰੇ ਪਿਛਲੇ ਸਮੇਂ ਵਿੱਚ ਕਾਫੀ ਚਰਚਾ ਕੀਤੀ ਗਈ ਹੈ। ਕਈ ਪੁਸਤਕਾਂ ਦੇ ਨਾਂ ਸ਼ਬਦ ਨੂੰ ਕੇਂਦਰ ਬਿੰਦੂ ਬਣਾਉਂਦਿਆਂ ਸਾਹਮਣੇ ਆਏ। ਸੰਰਚਨਾਵਾਦ, ਉੱਤਰ-ਸੰਰਚਨਾਵਾਦ, ਚਿੰਨ੍ਹ-ਵਿਗਿਆਨ, ਉੱਤਰ-ਆਧੁਨਿਕਤਾ ਨੇ 'ਸ਼ਬਦ' ਨੂੰ ਆਪਣੇ ਵਿਚਾਰਾਂ ਦਾ ਕੇਂਦਰ ਬਣਾਇਆ ਹੈ। ਸ਼ਬਦ ਤੋਂ ਪਾਰ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਿਆ ਹੈ।

ਇਸੇ ਤਰ੍ਹਾਂ ਦੇਵ ਆਪਣੇ ਕਾਵਿ-ਸੰਗ੍ਰਹਿ ਨੂੰ 'ਸ਼ਬਦਾਂਤ' ਕਹਿ ਕੇ ਸ਼ਬਦਾਂ ਦਾ ਅੰਤ ਨਹੀਂ ਕਰਦਾ, ਸਗੋਂ ਉਸ ਵਿਸਥਾਪਨ ਵੱਲ ਸੰਕੇਤ ਕਰਕੇ ਸ਼ਬਦਾਂ ਦੇ ਪਰੰਪਰਕ ਅਰਥ ਪ੍ਰਬੰਧ ਨੂੰ ਵਿਸਥਾਪਤ ਕਰਦਾ ਹੈ। ਡਾ. ਸਤਿੰਦਰ ਸਿੰਘ ਨੂਰ ਅਨੁਸਾਰ:-

ਸ਼ਬਦਾਂਤ ਵਿੱਚ ਉਹ ਇਸ ਬਾਰੇ ਵਧੇਰੇ ਚੇਤਨ ਹੋ ਜਾਂਦਾ ਹੈ। ਕੇਵਲ, ਉਸ ਦੀ ਕਵਿਤਾ ਵਿੱਚ ਹੀ ਨਹੀਂ ਸਗੋਂ 'ਸ਼ਬਦਾਂਤ' ਦੀ ਉਸ ਦੀ ਪੇਂਟਿੰਗ ਵਿੱਚ ਵੀ ਸ਼ਬਦ, ਚਿੰਨ੍ਹ, ਪ੍ਰਤੀਕ, ਡੀਕੰਸਟਰੈਕਟ ਹੋਣ ਲਗਦੇ ਹਨ।[14]

ਜਦੋਂ ਅਸੀਂ ਦੇਵ ਦੀ ਕਵਿਤਾ ਅਤੇ ਪੇਂਟਿੰਗ ਨੂੰ ਇਕੱਠਾ ਨਿਰਖਦੇ-ਪਰਖਦੇ ਹਾਂ ਤਾਂ ਇਸੇ ਲਈ ਦੋਨਾਂ ਨੂੰ ਅੰਤਰ-ਸੰਬੰਧਿਤ ਦੇਖਦੇ ਹਾਂ। ਇੱਕ ਵੱਖਰੀ ਕਿਸਮ ਦੀ ਪ੍ਰਕਿਰਿਆ ਨੂੰ ਪਛਾਣਦੇ ਹਾਂ। ਅਚਾਨਕ ਹੀ ਕਿਸੇ ਪੇਂਟਿੰਗ, 'ਚ ਕਵਿਤਾ ਸ਼ੁਰੂ ਹੋ ਗਈ ਹੈ ਤੇ ਕਿਸੇ ਕਵਿਤਾ ਵਿੱਚੋਂ ਪੇਂਟਿੰਗ। ਕਿਸੇ ਕਵੀ-ਚਿੱਤਰਕਾਰ ਦੀ ਸਿਰਜਣਾ ਨੂੰ ਇਉਂ ਪੜ੍ਹਨਾ ਸਾਡੀ ਪੜ੍ਹਨ ਜਾਚ ਵਿੱਚ ਵਧੇਰੇ ਨਹੀਂ, ਪਰ ਇਸ ਨਾਲ ਪਾਠ ਦੀ ਸੰਰਚਨਾ ਬਦਲ ਕੇ ਵਿਸਥਾਪਿਤ ਹੋ। ਜਾਂਦੀ ਹੈ ਇਹ ਦੇਵ ਦੀ ਪ੍ਰਮਾਣਿਕ ਕਾਵਿ ਜੁਗਤ ਬਣ ਜਾਂਦੀ ਹੈ। ਇਉਂ ਇਸ ਪ੍ਰਕਾਰ ਦੀ ਸਿਰਜਣਾ ਨੂੰ ਪੜ੍ਹਨਾ ਦਿਲਚਸਪ ਹੈ ਅਤੇ ਇਹ ਚੇਤਨਾ ਦੀ ਮੰਗ ਵੀ ਕਰਦੀ ਹੈ।

ਸ਼ਬਦ ਨੂੰ ਆਪਣੀ ਜ਼ਿੱਦ ਦੀ ਸ਼ਤਰੰਜ ਨਾ ਬਣਾਓ
ਸ਼ਬਦ ਨੂੰ ਸ਼ਬਦ ਹੀ ਰਹਿਣ ਦਿਓ
ਸ਼ਬਦ ਸਮਿਆਂ ਦੇ ਦਰਿਆ ਨੇ
ਸ਼ਬਦ ਤੇ ਮੋਹ
ਜਦੋਂ ਮੰਚ 'ਤੇ ਰਿਸ਼ਤਿਆਂ 'ਚ ਕੈਦ ਹੋ ਜਾਣ
ਵਹਾਅ ਰੁਕ ਜਾਂਦੇ ਨੇ[15]

ਇਹ ਸੰਕੇਤ ਉਸ ਦੀਆਂ ਕੁਝ ਕੁ ਕਵਿਤਾਵਾਂ ਵੱਲ ਹੈ। ਉਹ ਇਸ ਵਿਸਥਾਪਨ-ਚੇਤਨਾ ਨਾਲ ਕਵਿਤਾਵਾਂ ਦੀ ਸਿਰਜਣਾ ਵੀ ਕਰਦਾ ਹੈ ਤੇ ਉਸ ਸੰਬੰਧੀ ਕਾਵਿ-ਸ਼ਾਸਤਰੀ ਚੇਤਨਾ ਤੋਂ ਗੱਲ ਵੀ ਕਰਦਾ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ:-

ਦੇਵ ਦੀ ਸ਼ਾਇਰੀ ਦਾ ਕੇਂਦਰੀ ਸੂਤਰ ਧਰਮ, ਸੱਤਾ, ਰਾਜਨੀਤੀ ਅਤੇ ਇਸ 'ਤੇ ਉਸਰੇ ਅਮਾਨਵੀ ਜੀਵਨ-ਜਾਚ ਦੀਆਂ ਉਨ੍ਹਾਂ

ਬਣਤਰਾਂ, ਪ੍ਰਤੀਮਾਨਾਂ ਅਤੇ ਕੀਮਤਾਂ ਨੂੰ ਤਿੱਖੀ
ਅਤੇ ਤੇਜ਼ ਸੁਰ ਵਿੱਚ ਅਸਵੀਕਰਨ ਤੋਂ ਸ਼ੁਰੂ
ਹੁੰਦਾ ਹੈ।[16]

ਸਮਾਜਿਕ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਸਰਕਾਰ ਅਤੇ ਸਿਆਸਤਦਾਨਾਂ ਦਾ ਅਹਿਮ ਰੋਲ ਹੁੰਦਾ ਹੈ। ਪਰ ਅਜੋਕੇ ਭਾਰਤੀ ਸਮਾਜ ਵਿੱਚ ਸੱਤਾ ਅਤੇ ਸਿਆਸਤਦਾਨਾਂ ਦੀ ਹਾਲਤ ਦਿਨੋ-ਦਿਨ ਗ਼ਰਕਦੀ ਹੋਈ ਨਿਘਾਰ ਵੱਲ ਜਾ ਰਹੀ ਹੈ। ਦੇਵ ਆਪਣੀਆਂ ਕਵਿਤਾਵਾਂ ਵਿੱਚ ਸੱਤਾ ਦੇ ਭਰਮੀ ਤੇ ਕਪਟੀ ਜੰਜਾਲ ਨੂੰ ਵਿਸਥਾਪਿਤ ਕਰਨ ਵੱਲ ਰੁਚਿਤ ਹੈ।

ਹਰ ਸੱਤਾ ਆਪਣੀ ਹੋਵੇ ਜਾਂ ਪਰਾਈ
ਉਸ ਦਾ ਦਸਤੂਰ ਹੈ
ਚੀਕ ਜ਼ਖ਼ਮ ਅਪਹਰਨ[17]

ਕਵੀ ਸੱਤਾ ਦੀਆਂ ਲੋਟੂ ਅਤੇ ਘਟੀਆ ਨੀਤੀਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਆਪਣੀ ਖ਼ਰਵੀਂ, ਖੁਰਦਰੀ, ਅਤੇ ਨੁਕੀਲੀ ਕਾਵਿ-ਭਾਸ਼ਾ ਰਾਹੀਂ ਸੱਤਾ ਅਤੇ ਨੇਤਾਵਾਂ ਦੇ ਪਖੰਡੀ ਪਰਪੰਚ ਨੂੰ ਰੱਦ ਕਰਦਾ ਹੈ। ਦੇਵ ਦੀ ਸ਼ਾਇਰੀ ਵਿੱਚ ਸਮਕਾਲੀ ਯਥਾਰਥ ਨੂੰ ਰੱਦਣ ਤੇ ਨਵੇਂ ਦਿਸਹੱਦੇ ਕਲਪਣ ਤਲਾਸ਼ਣ ਦੀ ਦ੍ਰਿਸ਼ਟੀ ਉਸ ਦੇ ਕਾਵਿ ਸਿਰਜਣਾ ਦਾ ਮੂਲ ਪਛਾਣ-ਚਿੰਨ੍ਹ ਹੈ। ਭਾਵੇਂ ਉਹ ਹੋਰਾਂ ਵਾਂਗ ਨਿਸ਼ਚਿਤਤਾਵਾਦ, ਪੂਰਨ ਮਿਥਤ ਨਿਸ਼ਾਨੇ ਦੇ ਸਾਵੇਂ ਸੁਖਾਵੇਂ ਜੀਵਨ ਦਾ ਸੌਖਾ ਪ੍ਰਤੀਬਿੰਬ ਸਿਰਜਣ ਦੀ ਕਾਹਲ ਨਹੀਂ ਕਰਦਾ ਸਗੋਂ ਉਸ ਦੀ ਕਾਵਿ-ਦ੍ਰਿਸ਼ਟੀ ਵਿੱਚ ਮਨੁੱਖੀ ਹੋਂਦ, ਗੌਰਵ ਅਤੇ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਸੰਵੇਦਨਾ ਹੈ। ਪਰ ਤਦ ਵੀ ਨਿਸ਼ਚੇ ਹੀ ਇਹ ਅਜੋਕੇ ਜੀਵਨ ਦੀਆਂ ਬੰਜਰ ਮਾਰੇ ਅਤੇ ਸੰਕੀਰਨ ਸਥਿਤੀਆਂ ਨੂੰ ਰੱਦਣ ਅਤੇ ਮਨੁੱਖੀ ਹੋਂਦ ਲਈ ਸੁਚਾਰੂ ਅਤੇ ਉਸਾਰੂ ਸੰਭਾਵਨਾਵਾਂ ਤਲਾਸ਼ਣ ਦੀ ਸ਼ਕਤੀਸ਼ਾਲੀ ਰੀਝ ਦਾ ਪ੍ਰਗਟਾਵਾ ਜ਼ਰੂਰੀ ਕਰਦੀ ਹੈ। ਇਸ ਪ੍ਰਥਾਇ ਉਸ ਦੀਆਂ ਸਮਕਾਲੀ ਜੀਵਨ ਵਿੱਚ ਧਰਮ ਤੇ ਇਨ੍ਹਾਂ ਨਾਲ ਸਬੰਧਿਤ ਵਿਨਾਸ਼ਕ ਪਹਿਲੂਆਂ ਨੂੰ ਰੱਦਣ ਵਾਲੀਆਂ ਕੁਝ ਨਜ਼ਮਾਂ ਅਤਿ ਮਹੱਤਵਪੂਰਨ ਹਨ ਜਿਨ੍ਹਾਂ ਨੂੰ ਦੇਵ ਤਰਕ ਦੀ ਜੁਗਤ ਰਾਹੀਂ ਸਿਰਜਦਾ ਹੈ:-

ਕਹਿੰਦੇ ਨੇ ਧਰਮ ਕਦੇ ਵਰ ਸੀ
ਪਰ ਅੱਜ ਤਾਂ ਇਹ ਨਿਰਾ ਸਰਾਪ ਤੇ ਵਪਾਰ ਹੈ
ਆਪਣੇ ਕਾਲਪਨਿਕ ਦੇਵਤਿਆਂ ਨੂੰ
ਕਹਿਣਾ ਅਰਜ਼ ਕਰਨੀ
ਮੇਰੀ ਨੀਂਦ ਤੋਂ ਕੋਹਾਂ ਦੂਰ ਪਰ੍ਹੇ ਰਹਿਣ
ਮੈਂ ਬਚੇ ਖੁਚੇ ਸੁਪਨਿਆਂ ਨੂੰ
ਬੰਜਰ ਦਿਨਾਂ ਦੀ ਛਾਂ ਲਈ ਪਾਣੀ ਦੇ ਰਿਹਾ ਹਾਂ[18]

ਪੰਜਾਬ ਜਦੋਂ ਨੱਬੇ ਦੇ ਦਹਾਕੇ ਵਿੱਚ ਦਹਿਸ਼ਤਗਰਦੀ ਅਤੇ ਆਤੰਕਵਾਦ ਦੇ ਸੰਤਾਪ ਨਾਲ ਸੰਤਾਪਿਆ ਜਾਂਦਾ ਹੈ ਤਾਂ ਕਵੀ ਦੇਵ ਮੱਧਕਾਲੀ ਪੰਜਾਬੀ ਚਿੰਤਨ ਪਰੰਪਰਾ ਨੂੰ ਸਾਂਝੀਵਾਲਤਾ ਦੇ ਰੂਪਕ ਰਾਹੀਂ ਪਰਿਭਾਸ਼ਿਤ ਕਰਕੇ ਧਾਰਮਿਕ ਸੰਪਰਦਾਇਕਤਾ ਦੇ ਖ਼ਿਲਾਫ਼ ਲਿਖਦਾ ਹੈ। ਪੰਜਾਬ ਕਿਸੇ ਧਰਮ, ਫ਼ਿਰਕੇ ਜਾਂ ਸਮੂਹ ਦਾ ਨਾਂ ਨਹੀਂ ਸਗੋਂ ਇਸ ਦੀ ਖੇਤਰੀ ਰਹਿਤਲ ਵਿੱਚ ਪੰਜਾਂ ਪਾਣੀਆਂ ਦਾ ਵਹਾਅ ਹੈ ਅਤੇ ਪਰਮ ਬਾਬਾ ਨਾਨਕ ਪੰਦ੍ਹਰਵੀਂ ਸਦੀ ਵਿੱਚ ਇਸ ਮਾਨਵਵਾਦੀ ਪਰੰਪਰਾ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ। ਭਾਵੇਂ ਦੇਵ ਕਈ ਵਾਰ ਇਹ ਕਹਿ ਦਿੰਦਾ ਹੈ ਕਿ ਉਹ ਪੰਜਾਬੀ ਦਾ ਕਵੀ ਨਹੀਂ, ਪੰਜਾਬੀ ਵਿੱਚ ਲਿਖਣ ਵਾਲਾ ਕਵੀ ਹੈ ਪਰ ਇਸ ਦੇ ਡੂੰਘੇ ਰੂਪਕੀ ਅਰਥ ਹਨ। ਉਸਦਾ ਪੰਜਾਬ ਵਿਸ਼ਾਲ ਦੇਸ਼ ਹੈ। ਦੇਵ ਦੀ ਚਿੰਤਨੀ ਸੂਝ ਧਰਮ, ਸੰਪਰਦਾਇ, ਹੱਦਾਂ-ਸਰਹੱਦਾਂ ਅਤੇ ਖੇਤਰ ਦੀਆਂ ਸੀਮਾਵਾਂ ਤੋਂ ਮੁਕਤ ਹੈ। ਉਹ ਧਰਮ ਦੇ ਅਖੌਤੀ ਹਮਾਇਤੀਆਂ ਜੋ ਆਪਣੇ ਆਪ ਨੂੰ ਧਰਮ ਦੇ ਰੱਖਿਅਕ ਸਮਝਦੇ ਹਨ। ਉਹਨਾਂ ਦੇ ਚਰਿੱਤਰ ਨੂੰ ਵਿਸਥਾਪਿਤ ਕਰਦਾ ਹੋਇਆ ਉਹਨਾਂ ਦੇ ਅੰਦਰ ਛੁਪੀ ਨੀਚ, ਘਟੀਆ ਕਿਰਦਾਰ ਵਾਲੀ ਮਾਨਸਿਕਤਾ ਨੂੰ ਨੰਗਿਆਂ ਕਰਦਾ ਹੈ।

ਧਰਮ ਖ਼ਤਰੇ ਵਿੱਚ ਹੈ
ਸਾਧ ਸੰਗਤ ਜਿਉਂ ਮੇਰੇ ਲਈ ਅਰਦਾਸ ਕਰਨਾ
ਤੁਹਾਡੀ ਹਾਜ਼ਰੀ ਅੰਦਰ ਮੈਂ ਫ਼ਤਿਹ ਹੋ ਕੇ ਪਰਤਾਂ
ਮੈਂ ਗ਼ਰੀਬ ਨਵਾਜ਼ ਤੁਹਾਡੇ ਚਰਨਾਂ ਦੀ ਧੂੜ
ਧਰਮ ਦਾ ਪਰਮ ਸੇਵਕ
ਮੇਰਾ ਕਣ-ਕਣ ਹਾਜ਼ਰ ਹੈ
ਪਰ ਅਰਦਾਸ ਲਈ ਵਕਤ ਨਹੀਂ

ਮੈਂ ਬਹੁਤ ਹੀ ਮਸਰੂਫ਼ ਹਾਂ
ਅੱਜ ਕਲ[19]

ਦੇਵ ਕਾਲਪਨਿਕ ਕਥਾ ਦੇ ਮਨਘੜਤ ਇਤਿਹਾਸ ਅਤੇ ਸੰਸਕਾਰਾਂ ਦੇ ਨਾਂ 'ਤੇ ਉਨ੍ਹਾਂ ਪਰੰਪਰਾਵਾਂ ਨੂੰ ਜਿਹੜੀਆਂ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਹਨ, ਦੇਵ ਅਜਿਹੀ ਪਰੰਪਰਾ ਤੋਂ ਮੁਨਕਰ ਹੋ ਕੇ ਇਹਨਾਂ ਨੂੰ ਤੋੜਦਾ ਹੋਇਆ ਮਨੁੱਖ ਦੀ ਮੁਕਤੀ ਦਾ ਪ੍ਰਵਚਨ ਸਿਰਜਦਾ ਹੈ।

ਪਿਤਰਾਂ ਦੇ ਗੁਨਾਹ
ਪੁੱਤਰਾਂ ਤੇ ਭੂਤ ਸਵਾਰ
ਸਾਡੇ ਜ਼ਖ਼ਮੀ ਸੁਪਨੇ
ਪ੍ਰੇਤਾਂ ਦੇ ਪੁਤਲੇ
ਟੁੱਟ ਰਹੇ ਪੁਲ
ਵਿਸਰ ਰਹੇ ਅੱਖਰ
ਕਾਲੇ ਪਾਣੀਆਂ 'ਚ ਰੁੜ੍ਹੀਆਂ ਜਾ ਰਹੀਆਂ
ਕੰਕਾਲੀ ਰਵਾਇਤਾਂ[20]

ਦੇਵ ਦੀ ਕਵਿਤਾ ਸਵੈ-ਬਿਰਤਾਂਤ-ਵਿਅੰਗ-ਵਿਸਥਾਪਨ ਦੀਆਂ ਨਿਵੇਕਲੀਆਂ ਕਾਵਿ-ਭਾਸ਼ਾਈ ਜੁਗਤਾਂ ਦੀ ਧਾਰਨੀ ਹੈ। ਜਿਸ ਦੀਆਂ ਅਰਥ ਸਿਰਜਣ ਦੀਆਂ ਅਸੀਮ ਧੁਨੀਆਂ ਦੀ ਗਰਜ ਨੂੰ ਪਛਾਣਨ ਲਈ ਸਜੱਗ ਪਾਠਕ ਦੀ ਜ਼ਰੂਰਤ ਹੈ। ਚਿੰਤਨ 'ਤੇ ਉਸਰੇ ਦੇਵ ਦੇ ਸ਼ਬਦ-ਚਿੱਤਰ ਪਰੰਪਰਾ 'ਚੋਂ ਖਹਿੜਾ ਨਾ ਛੱਡ ਰਹੀ ਉਪ-ਭਾਵੁਕਤਾ ਅਤੇ ਰੋਮਾਂਸ ਨੂੰ ਖ਼ਾਰਜ ਕਰਕੇ ਨਵਾਂ ਪ੍ਰਤੀਰੋਧਕ ਸੰਵਾਦ ਪੈਦਾ ਕਰਦੇ ਹਨ। ਇਸ ਤਰ੍ਹਾਂ ਦੇਵ ਆਪਣੀਆਂ ਨਿਵੇਕਲੀਆਂ ਕਾਵਿ-ਭਾਸ਼ਾਈ ਜੁਗਤਾਂ ਰਾਹੀਂ ਉਹਨਾਂ ਸਾਰੇ ਸੱਤਾਧਾਰੀ, ਧਾਰਮਿਕ, ਪਰੰਪਰਾਵਾਦੀ ਅਤੇ ਅਡੰਬਰੀ ਸਥਾਪਨਾਵਾਂ ਨੂੰ ਰੱਦ ਕਰਦਾ ਹੈ ਜੋ ਮਨੁੱਖੀ ਪਰਵਾਜ਼ ਅਤੇ ਆਜ਼ਾਦੀ ਵਿੱਚ ਰੁਕਾਵਟਾਂ ਹਨ।

**ਹਵਾਲੇ ਅਤੇ ਟਿੱਪਣੀਆਂ**


1. ਅਮਰਜੀਤ ਗਰੇਵਾਲ, ਮੁਹੱਬਤ ਦੀ ਰਾਜਨੀਤੀ, ਪੰਨਾ-109
2. ਦੇਵ, ਸ਼ਬਦਾਂਤ, ਪੰਨਾ-60
3. ਉਹੀ, ਪੰਨਾ-31
4. **Roman Jakobson, as quoted by Tonny Bennet, Formalism And Marxism, page-45**
5. **Jan Mukarovsky, On poetic Language, tr.and ed. By John Burbank and Peter Steiner, page-7**
6. **Encyclopaedia of Poetry and Poetics**
7. ਦੇਵ, ਉਹੀ, ਪੰਨਾ-14
8. ਉਹੀ, ਪੰਨਾ-18
9. ਸਾਹਿਤ ਕੋਸ਼, ਪੰਨਾ-783
10. ਦੇਵ, ਉਹੀ, ਪੰਨਾ-33
11. ਉਹੀ, ਪੰਨਾ-62
12. ਡਾ. ਸਰਬਜੀਤ ਸਿੰਘ, 'ਚੁੱਪ ਅਤੇ ਸ਼ਬਦ ਦੀ ਤਲਾਸ਼: ਸ਼ਬਦਾਂਤ', ਦੇਵ ਕਲਾ ਤੇ ਕਾਵਿ (ਸੰਪਾ.), ਡਾ. ਸਤਿੰਦਰ ਸਿੰਘ ਨੂਰ, ਡਾ. ਰਘਬੀਰ ਸਿੰਘ ਪੰਨਾ-94
13. ਦੇਵ, ਉਹੀ, ਪੰਨਾ-44
14. ਡਾ. ਸਤਿੰਦਰ ਸਿੰਘ ਨੂਰ, (ਸੰਪਾ.) ਦੇਵ ਕਲਾ ਤੇ ਕਾਵਿ, ਪੰਨਾ-18
15. ਦੇਵ, ਉਹੀ, ਪੰਨਾ-31
16. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਪੰਨਾ-225
17. ਦੇਵ, ਸ਼ਬਦਾਂਤ, ਪੰਨਾ-62
18. ਉਹੀ, ਪੰਨਾ-114
19. ਉਹੀ, ਪੰਨਾ-160
20. ਉਹੀ, ਪੰਨਾ-54


ਖੋਜਾਰਥੀ ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ।
98782-25182

# ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ

ਚਰਨਜੀਤ ਕੌਰ



ਤੀਆਂ ਦੇ ਤਿਉਹਾਰ ਦਾ ਨਾਮ ਸੁਣਦੇ ਹੀ ਕੁੜੀਆਂ-ਚਿੜੀਆਂ, ਨਵ ਵਿਆਹੀਆਂ ਦੇ ਚਿਹਰੇ 'ਤੇ ਖ਼ੁਸ਼ੀ ਦੀ ਲਹਿਰ ਦੌੜ ਪੈਂਦੀ ਹੈ। ਤਪਦੇ ਜੇਠ-ਹਾੜ੍ਹ ਦੇ ਮਹੀਨੇ ਤੋਂ ਬਾਅਦ ਸਾਉਣ ਦਾ ਮਹੀਨਾ ਕੁਦਰਤੀ ਤੌਰ ’ਤੇ ਖ਼ੁਸ਼ੀਆਂ ਲੈ ਆਉਂਦਾ ਹੈ। ਮੀਂਹ ਧਰਤੀ ਨੂੰ ਠਾਰ ਦਿੰਦਾ ਹੈ। ਚਾਰੇ ਪਾਸੇ ਹਰਿਆਲੀ ਛਾ ਜਾਂਦੀ ਹੈ। ਇੰਜ ਲਗਦਾ ਹੈ ਜਿਵੇਂ ਪੇੜ-ਪੌਦੇ ਵੀ ਹਰੇ- ਭਰੇ ਹੋਏ ਝੂਮਦੇ ਖ਼ੁਸ਼ੀ ਮਨਾ ਰਹੇ ਹੋਣ, ਕੁਦਰਤ ’ਤੇ ਨਿਖਾਰ ਆ ਜਾਂਦਾ ਹੈ। ਤੇਜ਼ ਮੀਂਹ ਆਉਣ ਨਾਲ ਗਲੀਆਂ ਪਾਣੀ ਨਾਲ ਭਰ ਜਾਂਦੀਆਂ ਹਨ ਤੇ ਦਰਿਆ ਦੀ ਤਰ੍ਹਾਂ ਲੱਗਣ ਲਗਦੀਆਂ ਹਨ। ਬੱਚਿਆਂ ਦਾ ਉਸ ਪਾਣੀ ਵਿਚ ਛਾਲਾਂ ਮਾਰਨਾ ਵੱਡਿਆਂ ਨੂੰ ਵੀ ਅਨੰਦਿਤ ਕਰਦਾ ਹੈ। ਬੱਚੇ ਕਾਗ਼ਜ਼ ਦੀਆਂ ਕਿਸ਼ਤੀਆਂ ਬਣਾ ਕੇ ਪਾਣੀ ਵਿਚ ਛੱਡ ਕੇ ਜਦੋਂ ਉਹਨਾਂ ਦੀ ਕਿਸ਼ਤੀ ਕਿਸੇ ਤੋਂ ਅੱਗੇ ਨਿਕਲ ਜਾਂਦੀ ਹੈ, ਇੰਨੀ ਖ਼ੁਸ਼ੀ ਮਹਿਸੂਸ ਕਰਦੇ ਹਨ ਜਿਵੇਂ ਉਹਨਾਂ ਨੂੰ ਕੋਈ ਖ਼ਜ਼ਾਨਾ ਲੱਭ ਗਿਆ ਹੋਵੇ। ਛੜੱਪੇ ਮਾਰਦੇ ਪਾਣੀ ਦਾ ਉੱਛਲ-ਉੱਛਲ ਕੇ ਆਪਣੇ ਤੇ ਦੂਜੇ ਸਾਥੀਆਂ ਦੇ ਮੂੰਹ ’ਤੇ ਪੈਣਾ ਉਹਨਾਂ ਨੂੰ ਖ਼ੁਸ਼ੀ ਦਿੰਦਾ ਹੈ। ਜਾਨਵਰ-ਪੰਛੀ ਵੀ ਵਰਦੀ ਲੂ ਤੋਂ ਰਾਹਤ ਪਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਡੱਡੂਆਂ ਦਾ ਬਰਸਾਤ ਵਿਚ ਬਾਹਰ ਨਿਕਲ ਆਉਣਾ ਤੇ ਉਹਨਾਂ ਦੀ ਰਾਤ ਨੂੰ ਇਕੱਠਿਆਂ ਦੀ ਟਰ- ਟਰ ਇੰਜ ਮਹਿਸੂਸ ਹੁੰਦੀ ਹੈ ਜਿਵੇਂ ਸੰਗੀਤ ਸਭਾ ਹੋ ਰਹੀ ਹੋਵੇ । ਜੁਗਨੂੰਆਂ ਦਾ ਖੇਤਾਂ ਵਿਚ ਪੌਦਿਆਂ ’ਤੇ ਮੰਡਰਾਉਣਾ ਇੰਜ ਜਾਪਦਾ ਹੈ ਜਿਵੇਂ ਹਜ਼ਾਰਾਂ ਲਾਟੂ ਜਗ ਰਹੇ ਹੋਣ। ਸਾਉਣ ਦਾ ਮਹੀਨਾ ਕਿਸਾਨਾਂ ਲਈ ਵੀ ਖ਼ੁਸ਼ੀਆਂ ਲੈ ਕੇ ਆਉਂਦਾ ਹੈ। ਫ਼ਸਲਾਂ ਹਰੀਆਂ - ਭਰੀਆਂ ਹੋ ਜਾਂਦੀਆਂ ਹਨ। ਤੀਆਂ ਦਾ ਆਪਣਾ ਵੱਖਰਾ ਰੰਗ ਅਤੇ ਢੰਗ ਹੁੰਦਾ ਹੈ। ਕੁੜੀਆਂ ਲਈ ਤੀਆਂ ਦਾ ਤਿਉਹਾਰ ਉਨ੍ਹਾਂ ਦੇ ਅੰਦਰ ਦੱਬੀ ਹਰ ਖ਼ੁਸ਼ੀ ਤੇ ਗ਼ਮੀ ਨੂੰ ਬਾਹਰ ਕੱਢ ਦਿੰਦਾ ਹੈ। ਕੁੜੀਆਂ, ਚਿੜੀਆਂ, ਨਵ-ਵਿਆਹੀਆਂ ਔਰਤਾਂ ਸਭ ਨੂੰ ਇਕ ਚਾਅ ਜਿਹਾ ਚੜ੍ਹ ਜਾਂਦਾ ਹੈ ਉਨ੍ਹਾਂ ’ਤੇ ਖ਼ੁਮਾਰੀ ਜਿਹੀ ਛਾ ਜਾਂਦੀ ਹੈ। ਤੀਜ ਦਾ ਤਿਉਹਾਰ ਚਾਨਣ ਪੱਖ ਦੀ ਤੀਜ ਨੂੰ ਸ਼ੁਰੂ ਹੁੰਦਾ ਹੈ ਤੇ ਪੂਰੇ ਪੰਦਰਾਂ ਦਿਨ ਮਨਾਇਆ ਜਾਂਦਾ ਹੈ। ਜਿਉਂ-ਜਿਉਂ ਤੀਆਂ ਦਾ ਦਿਨ ਨੇੜੇ ਆਉਂਦਾ ਹੈ, ਉਨ੍ਹਾਂ ਦੀ ਖ਼ੁਸ਼ੀ ਝੱਲੀ ਨਹੀਂ ਜਾਂਦੀ। ਉਹ ਰੰਗ ਬਰੰਗੀਆਂ ਚੂੜੀਆਂ ਪੁਆ ਹੱਥਾਂ ’ਤੇ ਮਹਿੰਦੀ ਲਗਵਾ ਕੇ ਨਵੇਂ-ਨਵੇਂ ਸੂਟ ਪਾ ਕੇ ਚਾਵਾਂ ਵਿੱਚ ਘੁੰਮਦੀਆਂ ਫਿਰਦੀਆਂ ਹਨ। ਪੁਰਾਣੇ ਸਮਿਆਂ ਵਿੱਚ ਨਵ ਵਿਆਹੀਆਂ ਕੁੜੀਆਂ ਪਹਿਲਾ ਸਾਉਣ ਆਪਣੇ ਪੇਕੇ ਘਰ ਬਿਤਾਉਂਦੀਆਂ ਸਨ। ਪੇਕੇ ਸਾਉਣ ਮਹੀਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੁੜੀਆਂ ਨੂੰ ਆਪਣੇ ਘਰ ਲੈ ਆਉਂਦੇ ਸਨ। ਰਿਵਾਜ਼ ਦੇ ਮੁਤਾਬਿਕ ਸਾਉਣ ਮਹੀਨੇ ਨੂੰਹਾਂ ਤੇ ਸੱਸਾਂ ਨੂੰ ਇਕੱਠੇ ਰਹਿਣਾ ਮਾੜਾ ਸਮਝਿਆ ਜਾਂਦਾ ਸੀ। ਇਸ ਲਈ ਉਹ ਇੱਕ ਮਹੀਨਾ ਪੇਕੇ ਕੱਟਦੀਆਂ ਸਨ। ਜਦੋਂ ਭਰਾ ਆਪਣੀ ਭੈਣ ਨੂੰ ਲੈਣ ਜਾਂਦੇ ਸਨ ਤਾਂ ਉਹ ਸੰਧਾਰਾ ਲੈ ਕੇ ਜਾਂਦੇ ਹਨ, ਜਿਸ ਵਿੱਚ ਚੂੜੀਆਂ, ਮਹਿੰਦੀ, ਸੰਧੂਰ, ਦੰਦਾਸੇ, ਪੀਂਘ, ਰੱਸਾ, ਸੂਟ, ਫੁਲਕਾਰੀ, ਬਿਸਕੁਟ, ਗੁਲਗੁਲੇ ਤੇ ਹੋਰ ਕਈ ਕੁਝ ਹੁੰਦਾ ਹੈ। ਇਹ ਸਭ ਵੇਖ ਕੇ ਨਵ ਵਿਆਹੀਆਂ ਦਾ ਚਾਅ ਝੱਲਿਆ ਨਹੀਂ ਜਾਂਦਾ ਤੇ ਆਪਣੇ ਭਰਾਵਾਂ ਨਾਲ ਚਾਈਂ-ਚਾਈਂ ਪੇਕੇ ਪਹੁੰਚ ਜਾਂਦੀਆਂ ਹਨ ਤੇ ਉੱਥੇ ਜਾ ਕੇ ਗਾਉਂਦੀਆਂ ਹਨ:

ਸਾਉਣ ਮਹੀਨਾ ਦਿਨ ਤੀਆਂ ਦੇ  
ਸੱਭੇ ਸਹੇਲੀਆਂ ਆਈਆਂ।  
ਭਿੱਜ ਗਈ ਰੂਹ ਮਿੱਤਰਾ  
ਸ਼ਾਮ ਘਟਾਂ ਚੜ੍ਹ ਆਈਆਂ।

ਇਹ ਅਸਲ ਵਿਚ ਕੁੜੀਆਂ ਦੇ ਮੇਲ ਮਿਲਾਪ ਦਾ ਤਿਉਹਾਰ ਹੈ। ਕੁੜੀਆਂ ਆਪਣੀਆਂ ਸਾਥਣਾਂ ਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦੀਆਂ ਹਨ। ਰਲ -ਮਿਲ ਕੇ ਆਪਣੇ ਸੁੱਖ-ਦੁੱਖ ਸਾਂਝੇ ਕਰ ਲੈਂਦੀਆਂ ਹਨ। ਇਹ ਤਿਉਹਾਰ ਔਰਤਾਂ ਵਿੱਚ ਉਤਸ਼ਾਹ, ਨਵੀਂ ਉਮੰਗ ਪੈਦਾ ਕਰਦਾ ਹੈ। ਪਿੰਡਾਂ ਵਿੱਚ ਖੁੱਲ੍ਹੀ ਜਗ੍ਹਾ ਤੇ ਰੁੱਖਾਂ ਦੀ ਛਾਵੇਂ ਸਹੇਲੀਆਂ ਇਕੱਠੀਆਂ ਹੋ ਕੇ ਪਿੱਪਲਾਂ, ਬੋਹੜਾਂ ਉੱਤੇ ਪੀਂਘਾਂ ਪਾ ਕੇ ਪੀਂਘਾਂ ਦੇ ਹੁਲਾਰੇ

ਲੈਂਦੀਆਂ ਹਨ। ਪੂੜੇ, ਗੁਲਗੁਲੇ ਪਕਾਏ ਜਾਂਦੇ ਹਨ। ਸਭ ਰਲ-ਮਿਲ ਕੇ ਇਕੱਠੀਆਂ ਬੈਠ ਕੇ ਖਾਂਦੀਆਂ ਹਨ। ਤੀਆਂ ਤੋਂ ਇੱਕ ਦਿਨ ਪਹਿਲਾਂ ਦੇ ਦਿਨ ਨੂੰ ਦੂਜ ਕਿਹਾ ਜਾਂਦਾ ਹੈ। ਇਸ ਦਿਨ ਕੁੜੀਆਂ, ਨਵ-ਵਿਆਹੀਆਂ ਔਰਤਾਂ ਸਭ ਮਹਿੰਦੀ ਲਗਵਾਉਂਦੀਆਂ ਹਨ, ਵੰਗਾਂ ਚੜ੍ਹਵਾਉਂਦੀਆਂ ਹਨ। ਪਹਿਲਾਂ ਕੁੜੀਆਂ ਤੀਲੀਆਂ ਨਾਲ ਹੀ ਆਪਣੇ ਹੱਥਾਂ ਤੇ ਮਹਿੰਦੀ ਦੇ ਖ਼ੂਬਸੂਰਤ ਡਿਜ਼ਾਈਨ ਬਣਾ ਲੈਂਦੀਆਂ ਸਨ ਤੇ ਸਾਰੀ ਰਾਤ ਲਗਾ ਕੇ ਰੱਖਦੀਆਂ ਸਨ ਤੇ ਸਵੇਰੇ ਆਪਣੇ ਹੱਥਾਂ 'ਤੇ ਮਹਿੰਦੀ ਦੇ ਚੜ੍ਹੇ ਸੂਹੇ ਲਾਲ ਰੰਗ ਨੂੰ ਦੇਖ ਕੇ ਬਹੁਤ ਖ਼ੁਸ਼ ਹੁੰਦੀਆਂ ਸਨ। ਮੰਨਿਆ ਜਾਂਦਾ ਸੀ ਕਿ ਜਿਸ ਕੁੜੀ ਦੇ ਮਹਿੰਦੀ ਦਾ ਰੰਗ ਜਿੰਨਾ ਗੂੜ੍ਹਾ ਚੜ੍ਹਦਾ ਹੈ ਉਹ ਕੁੜੀ ਆਪਣੀ ਸੱਸ ਨੂੰ ਵੱਧ ਪਿਆਰੀ ਹੁੰਦੀ ਹੈ। ਪਰ ਹੁਣ ਬਾਜ਼ਾਰਾਂ ਤੇ ਬਿਊਟੀ ਪਾਰਲਰਾਂ ਤੇ ਜਾ ਕੇ ਅਮੀਰ ਘਰਾਂ ਦੀਆਂ ਔਰਤਾਂ ਮੂੰਹ ਮੰਗਿਆ ਪੈਸਾ ਦੇ ਕੇ ਮਹਿੰਦੀ ਲਗਵਾਉਂਦੀਆਂ ਹਨ। ਅਗਲੇ ਦਿਨ ਪੂਰਨਮਾਸ਼ੀ ਦੀ ਸ਼ਾਮ ਨੂੰ ਜਿਉਂ-ਜਿਉਂ ਸੂਰਜ ਢਲਦਾ ਜਾਂਦਾ ਹੈ, ਤੀਆਂ ਦਾ ਅਖਾੜਾ ਪੂਰਾ ਮੱਘ ਜਾਂਦਾ ਹੈ। ਗਿੱਧੇ ਪਾਉਣ ਨੂੰ ਪੱਲੋ ਪਾਉਣਾ ਵੀ ਕਿਹਾ ਜਾਂਦਾ ਹੈ। ਕੁੜੀਆਂ ਸਿਰਾਂ 'ਤੇ ਸੱਗੀ ਫੁੱਲ ਲਗਾ ਕੇ ਘੱਗਰੇ ਪਾ ਕੇ ਮੋਰਾਂ ਫੁੱਲਾਂ- ਬੂਟਿਆਂ ਨਾਲ ਕੱਢੀਆਂ ਫੁਲਕਾਰੀਆਂ ਲੈ ਕੇ ਸਜ-ਧਜ ਕੇ ਪਿੰਡਾਂ ਵਿੱਚ, ਖੇਤਾਂ ਵਿੱਚ, ਪਿੱਪਲਾਂ ਥੱਲੇ, ਬੋਹੜਾਂ ਥੱਲੇ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਹਨ, ਗਿੱਧਾ ਪਾਉਂਦੀਆਂ ਹਨ, ਪੀਂਘਾਂ ਝੂਟਦੀਆਂ ਅੰਬਰਾਂ ਨੂੰ ਛੂੰਹਦੀਆਂ ਹਨ ਤੇ ਗਾਉਂਦੀਆਂ ਹਨ:

ਰਲ ਮਿਲ ਸਹੇਲੀਆਂ ਹੋਈਆਂ ਕੱਠੀਆਂ
ਜਿਉਂ ਕੂੰਜਾਂ ਦੀਆਂ ਡਾਰਾਂ,
ਪਿੱਪਲਾਂ ਹੇਠਾਂ ਲੱਗਿਆ ਮੇਲਾ
ਆਈਆਂ ਸਭ ਮੁਟਿਆਰਾਂ।
ਆਓ ਕੁੜੀਓ ਝੂਟੇ ਲੈ ਲਓ
ਗਿਣ ਕੇ ਪੂਰੇ ਬਾਰਾਂ।
ਲੁੱਟ ਲਓ ਕੁੜੀਓ ਨੀਂ
ਸਾਉਣ ਦੀਆਂ ਬਹਾਰਾਂ।

ਪੀਂਘ ਪਾਉਣਾ ਰਸਮ ਮੰਨੀ ਜਾਂਦੀ ਹੈ। ਗੋਲ ਘੇਰਾ ਬਣਾ ਕੇ ਕੁੜੀਆਂ ਗਿੱਧਾ ਪਾਉਂਦੀਆਂ ਹਨ ਤੇ ਬੋਲੀਆਂ ਪਾਉਂਦੀਆਂ ਹਨ।

ਨੱਚੋ, ਗਾਓ, ਖੇਡੋ ਕੁੜੀਓ ਰੌਣਕ ਲਾ ਦਿਓ ਭਾਰੀ,
ਗੁੱਤ ਪਰਾਂਦੇ ਨਾਲ ਰੇਸ਼ਮੀ ਸਾਂਭੋ ਹੁਣ ਫੁਲਕਾਰੀ।
ਤੀਆਂ ਤੀਜ ਦੀਆਂ ਨੱਚੋ ਵਾਰੋ-ਵਾਰੀ।

ਆਉਂਦੀ ਕੁੜੀਏ ਜਾਂਦੀ ਕੁੜੀਏ,
ਤੁਰਦੀ ਪਿੱਛੇ ਨੂੰ ਜਾਵੇਂ।
ਨੀ ਕਾਹਲੀ ਕਾਹਲੀ ਪੈਰ ਪੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

ਕਿੱਕਲੀ ਪਾਉਂਦੀਆਂ ਹਨ ਤੇ ਇਹ ਇਕ ਰੰਗਲੇ ਪੰਜਾਬ ਦੀ ਤਸਵੀਰ ਪੇਸ਼ ਕਰਦੀਆਂ ਹਨ। ਗਿੱਧਾ ਪੰਜਾਬਣਾਂ ਦੇ ਅੰਦਰੂਨੀ ਜਜ਼ਬਿਆਂ ਨੂੰ ਬਿਆਨ ਕਰਦਾ ਹੈ। ਉਹਨਾਂ ਦੇ ਮਨ ਵਿਚ ਜੋ ਹੁੰਦਾ ਹੈ ਉਹ ਗਿੱਧੇ ਦੀਆਂ ਬੋਲੀਆਂ ਰਾਹੀਂ ਕੱਢ ਲੈਂਦੀਆਂ ਹਨ। ਬੋਲੀਆਂ ਵਿੱਚ ਉਹ ਦਰਦ ਹੁੰਦਾ ਹੈ ਜੋ ਉਸ ਨੂੰ ਉਸ ਦੀ ਸੱਸ, ਨਨਾਣ, ਜੇਠ, ਜਠਾਣੀਆਂ ਨੇ ਦਿੱਤਾ ਹੁੰਦਾ ਹੈ। ਜਿਵੇਂ:

ਆਪ ਸੱਸ ਮੰਜੇ ਲੇਟਦੀ
ਸਾਨੂੰ ਮਾਰਦੀ ਚੱਕੀ ਵੱਲ ਸੈਨਤਾਂ।

ਪੌੜੀ ਵਿੱਚ ਅੱਧ ਮੇਰਾ,
ਅਸੀਂ ਜੇਠ ਚੜ੍ਹਨ ਨੀ ਦੇਣਾ।

ਇਨ੍ਹਾਂ ਬੋਲੀਆਂ ਵਿਚ ਪਸ਼ੂਆਂ-ਪੰਛੀਆਂ, ਫ਼ਸਲਾਂ ਆਦਿ ਦਾ ਜ਼ਿਕਰ ਵੀ ਕਰਦੀਆਂ ਹਨ ਜਿਵੇਂ :

ਸਾਉਣ ਮਹੀਨੇ ਘਾਹ ਹੋ ਚੱਲਿਆ
ਰੱਜਣ ਮੱਝੀਆਂ ਗਾਈਂ।
ਗਿੱਧਿਆਂ ਪਿੰਡ ਵੜ ਵੇ ਲਾਂਭ-ਲਾਂਭ ਨਾ ਜਾਈਂ।

ਸਾਉਣ ਦਾ ਮਹੀਨਾ ਬਾਗ਼ਾਂ ਵਿੱਚ ਬੋਲਣ ਮੋਰ ਵੇ,
ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖ਼ਾਲੀ ਮੋੜ ਵੇ।

ਪ੍ਰੀਤਾਂ ਦੀ ਮੈਨੂੰ ਕਦਰ ਬਥੇਰੀ ਲਾ ਕੇ ਤੋੜ ਨਿਭਾਵਾਂ।
ਨੀਂ ਕੋਇਲੇ ਸਾਉਣ ਦੀਏ ਤੈਨੂੰ ਹੱਥ 'ਤੇ ਚੋਗ ਚੁਗਾਵਾਂ।

ਘਰ ਦੀ ਕਬੀਲਦਾਰੀ ਵਿਚ ਫਸੀ ਹੋਣ ਦਾ ਦਰਦ ਵੀ ਉਹ ਬੋਲੀਆਂ ਰਾਹੀਂ ਬਿਆਨ ਕਰਦੀ ਹੈ ਜਿਵੇਂ :

ਚਿੱਟੀ ਕਣਕ ਦੇ ਮੰਡੇ ਪਕਾਵਾਂ
ਨਾਲੇ ਤੜਕਾਂ ਵੜੀਆਂ।
ਗਿੱਧਾ ਸਾਉਣ ਦਾ ਹਾਕਾਂ ਮਾਰੇ
ਮੈਂ ਵਗਾਹ ਵਿੱਚ ਫੜੀਆਂ।

ਗਿੱਧੇ ਦੇ ਪਿੜ ਵਿੱਚ ਕਿੱਕਰ ਜਾਵਾਂ
ਘਰ ਧੰਦੇ ਵਿੱਚ ਮੜ੍ਹੀਆਂ।
ਪੱਟ ਤੀ ਕਬੀਲਦਾਰੀ ਨੇ
ਤਾਹਨੇ ਦੇਂਦੀਆਂ ਖੜ੍ਹੀਆਂ।
ਮੇਰੇ ਹਾਣ ਦੀਆਂ ਗਿੱਧਾ ਪਾ ਘਰ ਮੁੜੀਆਂ।

ਇਸ ਤਰ੍ਹਾਂ ਸੂਰਜ ਢਲਦੇ ਹੀ ਉਹ ਪਾਣੀ ਨਾਲ ਭਰੀ ਇਕ ਗੜਵੀ ਵਿੱਚ ਦੁੱਬ ਪਾ ਕੇ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ। ਇਸ ਪਾਣੀ ਦਾ ਦੁੱਬ ਨਾਲ ਘਰਾਂ ਦੀ ਦਹਿਲੀਜ਼ 'ਤੇ ਛਿੱਟਾ ਮਾਰਦੀਆਂ ਹਨ ਤੇ ਗਾਉਂਦੀਆਂ ਹਨ:

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ।

ਹੌਲੀ-ਹੌਲੀ ਤੀਆਂ ਦੇ ਤਿਉਹਾਰ ਦੀਆਂ ਰੌਣਕਾਂ ਘੱਟ ਹੋਣ ਲੱਗੀਆਂ ਹਨ। ਇਹ ਤਿਉਹਾਰ ਹੁਣ ਇਕ ਅਤੀਤ ਦਾ ਹਿੱਸਾ ਹੀ ਬਣ ਕੇ ਰਹਿ ਗਿਆ ਹੈ। ਘੱਗਰੇ, ਸੂਟ, ਸਲਵਾਰ ਦੀ ਜਗ੍ਹਾ ਅੱਜਕੱਲ੍ਹ ਜੀਨਜ਼, ਸਰਕਟਾਂ ਨੇ ਲੈ ਲਈ ਹੈ। ਅੱਜ ਕੱਲ੍ਹ ਕੁੜੀਆਂ ਘਰੋਂ ਬਾਹਰ ਪੜ੍ਹਨ ਜਾਣ ਲੱਗੀਆਂ ਹਨ। ਬਾਹਰਲੇ ਮੁਲਕਾਂ ਨੂੰ ਜਾਣ ਦੀ ਹੋੜ ਨੇ ਇਨ੍ਹਾਂ ਤਿਉਹਾਰਾਂ ਦਾ ਰੁਝਾਨ ਵੀ ਘਟਾ ਦਿੱਤਾ ਹੈ। ਅੱਜ ਕਿਸੇ ਵਿਰਲੇ-ਵਿਰਲੇ ਪਿੰਡ ਵਿੱਚ ਹੀ ਤੀਆਂ ਦਾ ਪਿੜ ਸੱਜਦਾ ਹੈ। ਹੁਣ ਕੁੜੀਆਂ ਮੁੰਡੇ ਗਿੱਧੇ, ਭੰਗੜੇ ਪਾਉਣੇ ਭੁੱਲ ਗਏ ਹਨ। ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ ਅੱਜ ਦੇ ਨੌਂਜਵਾਨ ਕੁੜੀਆਂ, ਮੁੰਡੇ ਆ ਚੁੱਕੇ ਹਨ। ਖ਼ੁਸ਼ੀ ਦੀ ਗੱਲ ਇਹ ਹੈ ਕਿ ਅੱਜ ਕੁਝ ਸਭਿਆਚਾਰਕ ਸੰਸਥਾਵਾਂ ਨੇ ਉਪਰਾਲਾ ਕਰਨਾ ਸ਼ੁਰੂ ਕਰ ਦਿੱਤਾ ਹੈ। ਉਹ ਪਾਰਕਾਂ ਵਿੱਚ ਤੀਆਂ ਦਾ ਪਿੜ ਸਜਾ ਕੇ ਲੋਕਾਂ ਨੂੰ ਇਸ ਅਲੋਪ ਹੋ ਰਹੇ ਤੀਆਂ ਦੇ ਤਿਉਹਾਰ ਤੋਂ ਜਾਗਰੂਕ ਕਰਵਾ ਰਹੇ ਹਨ ਤੇ ਆਪਣੇ ਵਿਰਸੇ ਨੂੰ ਸਾਂਭਣ ਦਾ ਬਹੁਤ ਵੱਡਾ ਉਪਰਾਲਾ ਕਰ ਰਹੇ ਹਨ।

255, ਫੇਜ਼-2, ਮੋਹਾਲੀ
9888785390

## ਦਰਦ

ਪਰਦੀਪ ਰਾਣਾ



ਕੁਝ ਦਰਦ ਦਿਲ ਵਿਚ ਨੇ ਜੋ ਬਿਆਂ ਮੈਂ ਕਰਦਾ ਹਾਂ,
ਤੈਨੂੰ ਹਰ ਘੜੀ ਯਾਦ ਮੈਂ ਕਰਦਾ ਹਾਂ।
ਕਦੀ ਹੁੰਦਾ ਸੀ ਸਾਡਾ ਹੁਣ ਕਿਸੇ ਹੋਰ ਦਾ ਬਣ ਗਿਐਂ,
ਫਿਰ ਵੀ ਤੇਰੀ ਸਲਾਮਤੀ ਦੀ ਦੁਆ ਮੈਂ ਕਰਦਾਂ ਹਾਂ।
ਚੰਗਾ ਇਕ ਗੱਲ ਦੱਸ ਕਦੇ ਤੈਨੂੰ ਮੇਰੀ ਯਾਦ ਵੀ ਆਉਂਦੀ ਹੈ,
ਜੇ ਰੋਜ ਨਾ ਸਹੀ ਤੈਨੂੰ ਕੀ ਕਦੇ-ਕਦੇ ਸਤਾਉਂਦੀ ਹੈ।
ਮੈਨੂੰ ਪਤਾ ਹੈ ਤੇਰੇ ਦਿਲ ਵਿਚ ਕੋਈ ਹੋਰ ਹੈ,
ਫਿਰ ਵੀ ਤੇਰੀ ਲੰਬੀ ਉਮਰ ਦੀ ਦੁਆ ਮੈਂ ਮੰਗਦਾ ਹਾਂ।
ਕੁਝ ਦਰਦ ਦਿਲ ਵਿਚ ਨੇ ਜੋ ਬਿਆਂ ਕਰਦਾ ਹਾਂ,
ਤੈਨੂੰ ਹਰ ਘੜੀ ਯਾਦ ਮੈਂ ਕਰਦਾ ਹਾਂ।
ਆਖੇ ਰਾਜੂ ਵੀਰ ਮੈਨੂੰ ਸ਼ਾਇਰੀ ਲਿਖ ਲਵੇਂ,
ਆਪਣੇ ਸ਼ਬਦਾਂ ਦੀ ਇਕ ਡਾਇਰੀ ਲਿੱਖ ਲਵੇਂ।
ਕੌਣ ਦੱਸੇ ਉਨ੍ਹਾਂ ਨੂੰ ਸ਼ਾਇਰੀ ਨਹੀਂ ਮੇਰੇ ਦਿਲ ਦਾ ਦਰਦ ਹੈ,
ਅੱਜ ਵੀ ਮੇਰੇ ਦਿਲ ਉੱਤੇ ਤੇਰੇ ਪਿਆਰ ਦਾ ਕਰਜ਼ ਹੈ।
ਕੁਝ ਦਰਦ ਦਿਲ ਵਿਚ ਨੇ ਜੋ ਬਿਆਂ ਮੈਂ ਕਰਦਾ ਹਾਂ,
ਤੈਨੂੰ ਹਰ ਘੜੀ ਯਾਦ ਮੈਂ ਕਰਦਾ ਹਾਂ।
ਇਹ ਮਿਲਣ ਨਹੀਂ ਜਿਸਮਾਂ ਦਾ ਇਹ ਮਿਲਣ ਹੈ ਰੂਹਾਂ ਦਾ,
ਮਿੱਠਾ, ਠੰਡਾ ਅੰਮ੍ਰਿਤ ਵਰਗਾ ਪਾਣੀ ਖੂਹਾਂ ਦਾ,
ਹਰ ਕਿਸੇ ਨੂੰ ਨਾ ਮਿਲੇ ਇਹ ਹੀਰਾ ਹੈ ਕੂਹਾਂ ਦਾ,
ਅੱਜ ਵੀ ਤੇਰੇ 'ਤੇ ਉਨਾ ਵਿਸ਼ਵਾਸ਼ ਮੈਂ ਕਰਦਾ ਹਾਂ।
ਕੁਝ ਦਰਦ ਦਿਲ ਵਿਚ ਨੇ ਜੋ ਬਿਆਂ ਕਰਦਾ ਹਾਂ,
ਤੈਨੂੰ ਹਰ ਘੜੀ ਯਾਦ ਮੈਂ ਕਰਦਾ ਹਾਂ।

ਅਨੰਤਾ, ਢਕੋਲੀ,
ਜ਼ੀਰਕਪੁਰ (ਪੰਜਾਬ)
98147-96448

# ਮੇਰਾ ਘੜਾ ਕਿਉਂ ਡੋਲਦਾ ਨੀ......

ਲਖਬੀਰ ਸਿੰਘ ਦੌਦਪੁਰ



ਪੰਜਾਬ ਦੇ ਪੰਜਾਬੀ ਜਨ-ਜੀਵਨ ਦੇ ਵਿੱਚ ਘੜੇ ਦਾ ਅਹਿਮ ਸਥਾਨ ਹੈ। ਘੜਾ ਨਾ ਕੇਵਲ ਪੰਜਾਬੀ ਲੋਕਾਂ ਦੇ ਜੀਵਨ ਵਿੱਚ ਲੋੜ ਪੂਰਤੀ ਹਿੱਤ ਵਰਤੇ ਜਾਣ ਵਾਲੇ ਭਾਂਡਿਆਂ ਵਿੱਚ ਮਿੱਟੀ ਦਾ ਇੱਕ ਭਾਂਡਾ ਹੈ। ਸਗੋਂ ਇਸ ਨਾਲ ਮਨੁੱਖੀ ਲੋੜ ਤੇ ਉਸ ਦੇ ਮਨ ਦੇ ਭਾਵ ਤੇ ਵਲਵਲੇ ਵੀ ਜੁੜੇ ਹੋਏ ਹਨ। ਕੁਝ ਸਮਾਂ ਪਹਿਲਾਂ ਜਦੋਂ ਪਾਣੀ ਦੀ ਟੈਂਕੀਆਂ ਨਹੀਂ ਸਨ ਬਣੀਆਂ, ਘਰ-ਘਰ ਟੂਟੀਆਂ ਵੀ ਨਹੀਂ ਸੀ ਲੱਗੀਆਂ, ਪਿੰਡਾਂ ਵਿੱਚ ਆਮ ਕਰਕੇ ਖੂਹ ਤੋਂ ਜਾਂ ਨਲਕੇ ਤੋਂ ਪਾਣੀ ਭਰ ਕੇ ਲਿਆਉਣਾ ਆਮ ਗੱਲ ਸੀ। ਇਸ ਵਾਸਤੇ ਘੜਾ ਵਰਤਿਆ ਜਾਂਦਾ ਸੀ ਤੇ ਘੜੇ ਵਿੱਚ ਹੀ ਪਾਣੀ ਇਕੱਤਰ ਵੀ ਕਰਕੇ ਰੱਖਿਆ ਜਾਂਦਾ ਸੀ। ਨਿਤਾਪ੍ਰਤੀ ਦੇ ਉਪਯੋਗ ਦੀ ਵਸਤੂ ਹੋਣ ਕਰਕੇ ਘੜੇ ਨਾਲ ਲੋਕ ਮਨ ਦੇ ਤਾਰ ਹੋਰਨਾਂ ਕੁਝ ਵਸਤੂਆਂ ਜਿਵੇਂ ਚਰਖਾ, ਮਧਾਣੀ, ਘੋਟਣਾ, ਚਾਟੀ ਤੇ ਖੇਤੀ ਦੇ ਸੰਦ, ਹਲ ਆਦਿ ਦੀ ਤਰ੍ਹਾਂ ਜੁੜ ਗਏ। ਘੜਾ ਵੀ ਸਭਿਆਚਾਰਕ ਪਛਾਣ ਚਿੰਨ੍ਹ ਬਣ ਗਿਆ। ਮਨ ਦੇ ਵਲਵਲਿਆਂ ਨੂੰ ਆਸਰਾ ਤੇ ਪ੍ਰਗਟਾਵਾ ਦੇਣ ਹਿੱਤ ਲੋਕ-ਕਾਵਿ ਵਿੱਚ ਘੜੇ ਦੇ ਮਾਧਿਅਮ ਰਾਹੀਂ ਦਿਲ ਦੀ ਗੱਲ ਕਹੀ ਜਾਂਦੀ ਰਹੀ ਹੈ। ਲੋਕ ਬੋਲੀਆਂ ਤੇ ਗੀਤਾਂ ਵਿੱਚ ਘੜਾ ਅਹਿਮ ਥਾਂ ਰੱਖਦਾ ਹੈ। ਲੋਕ-ਗੀਤਾਂ ਤੇ ਬੋਲੀਆਂ ਵਿੱਚ ਮੁਟਿਆਰਾਂ ਆਪਣੇ ਮਨ ਦੇ ਭਾਵ ਅਤੇ ਵਿਚਾਰਾਂ ਨੂੰ ਘੜੇ ਦੇ ਮਾਧਿਅਮ ਰਾਹੀਂ ਕੁਝ ਇਸ ਤਰ੍ਹਾਂ ਬਿਆਨ ਕਰਦੀਆਂ ਹਨ:

ਲੋਕਾਂ ਦੀਆਂ ਕੁੜੀਆਂ ਤਾਂ ਦੋ ਦੋ ਘੜੇ ਚੁੱਕਦੀਆਂ
ਮੇਰਾ ਘੜਾ ਕਿਉਂ ਡੋਲਦਾ ਨੀ
ਮੇਰਾ ਮਾਹੀ ਬੰਗਲੇ ਵਿੱਚ ਬੋਲਦਾ ਨੀ।

ਘੜਾ ਵੱਜਦਾ, ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ, ਸੁਣ ਮੁੰਡਿਆ।

ਖ਼ਾਸ ਕਰਕੇ ਸੋਹਣੀ ਮਹੀਂਵਾਲ ਦੀ ਪ੍ਰੀਤ ਕਹਾਣੀ ਵਿਚ ਘੜੇ ਦਾ ਅਹਿਮ ਸਥਾਨ ਹੈ। ਸੋਹਣੀ ਆਪਣੇ ਪ੍ਰੀਤਮ ਮਹੀਂਵਾਲ ਨੂੰ ਮਿਲਣ ਲਈ ਘੜੇ ’ਤੇ ਝਨਾਂ ਪਾਰ ਕਰਕੇ ਜਾਂਦੀ ਸੀ। ਘੜੇ ’ਤੇ ਤਰਦੀ ਸੋਹਣੀ ਘੜੇ ਨੂੰ ਮਿੰਨਤਾਂ ਕਰਦੀ, ਉਸ ਦੀ ਪ੍ਰੀਤ ਨੂੰ ਤੋੜ ਨਿਭਾਉਣ ਲਈ ਆਖਦੀ ਹੈ:

ਇਕ ਪਾਸੇ ਜਗ ਦੂਜੇ ਪਾਸੇ ਯਾਰ ਵੇ,
ਘੜਿਆ ਝਨਾਂ ’ਚੋਂ ਮੈਨੂੰ ਲਾ ਦੇ ਪਾਰ ਵੇ।

ਪਰ ਜਦੋਂ ਉਸ ਦੀ ਨਣਦ ਨੇ ਪੱਕੇ ਦੀ ਥਾਂ ਕੱਚਾ-ਘੜਾ ਟਿਕਾ ਦਿੱਤਾ ਤਾਂ ਸੋਹਣੀ ਝਨਾਂ ਵਿਚਕਾਰ ਹੀ ਘੜੇ ਦੇ ਖੁਰਨ ਕਰਕੇ ਡੁੱਬ ਗਈ, ਜਿਸ ਦਾ ਸਾਰਾ ਦੋਸ਼ ਘੜੇ ਸਿਰ ਆ ਗਿਆ।

ਘੜਾ ਨਾ ਕੇਵਲ ਸੋਹਣੀ ਮਹੀਂਵਾਲ ਸਗੋਂ ਹੋਰ ਵੀ ਕਿੰਨੀਆਂ ਹੀ ਪ੍ਰੀਤਾਂ ਜੋ ਘੜਾ ਚੁੱਕਣ-ਚੁਕਾਉਣ ਦੇ ਬਹਾਨੇ ਖੂਹ ’ਤੇ ਪ੍ਰਵਾਨ ਚੜ੍ਹੀਆਂ ਦਾ ਵੀ ਗਵਾਹ ਤੇ ਮਾਧਿਅਮ ਰਿਹਾ ਹੈ। ਘੜਾ ਕੇਵਲ ਪਾਣੀ ਭਰਨ ਦੀ ਵਸਤੂ ਹੀ ਨਹੀਂ ਸਗੋਂ ਇਸ ਨੂੰ ਸੰਗੀਤ ਵਿੱਚ ਵੀ ਥਾਂ ਹਾਸਲ ਹੈ। ਇਹ ਇਕ ਵਧੀਆ ਸਾਜ਼ ਦਾ ਕੰਮ ਵੀ ਦਿੰਦਾ ਹੈ। ਇਕ ਸਮਾਂ ਸੀ ਜਦੋਂ ਗਾਉਣ ਵਾਲੇ ਕਲਾਕਾਰ ਨਾਲ ਘੜਾ ਵਜਾਉਣ ਵਾਲਾ ਸਜਿੰਦਾ ਵੀ ਹੁੰਦਾ ਸੀ ਅਤੇ ਵਿਆਹਾਂ ਵਿੱਚ ਵਿਆਹ ਵਾਲੇ ਘਰ ਔਰਤਾਂ ਕਈ ਦਿਨ ਪਹਿਲਾਂ ਸ਼ਗਨਾਂ ਦੇ ਗੀਤ ਘੜੇ ਨੂੰ ਵਜਾ ਕੇ ਸੁਰ-ਤਾਲ ਨਾਲ ਗਾਉਂਦੀਆ ਸਨ ਜਿਸ ਨੂੰ ਕਿਸੇ ਲੱਕੜੀ ਦੇ ਡੰਡੇ ਨੂੰ ਫੜ੍ਹ ਕੇ ਘੜੇ ਦੇ ਮੂੰਹ ਉੱਪਰ ਵਿਸ਼ੇਸ਼ ਤਰ੍ਹਾਂ ਨਾਲ ਵਜਾ ਕੇ ਅਤੇ ਚਮਚੇ ਆਦਿ ਨਾਲ ਘੜੇ ਉੱਤੇ ਉਸ ਨਾਲ ਸੁਰ ਮਿਲਾ ਕੇ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਸੀ ਪਰ ਹੁਣ ਇਹ ਥਾਂ ਬਿਜਲਈ ਸੰਗੀਤ ਵਾਦ ਯੰਤਰਾਂ ਨੇ ਲੈ ਲਈ

ਹੈ। ਕਿੰਨੇ ਹੀ ਕਵੀਆਂ, ਗੀਤਕਾਰਾਂ ਆਦਿ ਨੇ ਘੜੇ ਦਾ ਜ਼ਿਕਰ ਪੰਜਾਬੀ ਜਨ-ਜੀਵਨ ਦੇ ਅਤਿ ਨੇੜੇ ਹੋਣ ਕਰਕੇ ਆਪਣੀਆਂ ਰਚਨਾਵਾਂ ਵਿੱਚ ਕੀਤਾ ਹੈ। ਪ੍ਰੋ: ਪੂਰਨ ਸਿੰਘ ਦੀ ਕਵਿਤਾ ਖੂਹ ਉੱਤੇ, ਘਰ ਦੀ ਗਹਲ ਚੰਗੀ ਆਦਿ ਵਿੱਚ ਘੜੇ ਬਾਰੇ ਲਿਖਿਆ ਹੈ:

ਉਹ ਚਲ ਜਾ, ਦੂਰ ਹੋ ਇਹ ਪਾਣੀ ਘੜਾ ਭਰ ਆਣਦੀ,
ਚਾਂਦੀ ਚਸ਼ਮਿਆਂ ਨੱਚਦਿਆਂ ਦਾ ਇਹ ਪਾਣੀ,
ਉਹ ਚਾਂਈਂ ਚਾਂਈਂ ਭਰ ਭਰ ਆਣਦੀ,
ਲਾਲ ਲਾਲ ਮਿੱਟੀ ਦਾ ਘੜਾ ਡਬੋਂਦੀ,
ਤੇ ਸੋਮਿਆਂ ਵਿੱਚ ਡਬੋ ਰੱਖਦੀ
ਬੇਹੋਸ਼ ਜਿਹਾ ਘੜਾ ਹੁੰਦਾ ਜਾਂਦਾ
ਹਾਂ ਚੁੱਪ-ਚੁੱਪ, ਨਕੋ ਨੱਕ ਭਰਿਆ, ਡੁੱਬਿਆ ਘੜਾ, ਮਸਤ, ਔਲੀਆ ਜਿਹਾ।

ਗੁਰਬਾਣੀ ਵਿੱਚ ਵੀ ਗੁਰੂ ਸਾਹਿਬਾਨਾਂ ਨੇ ਘੜੇ ਜਾਂ ਕੁੰਭ ਨੂੰ ਪ੍ਰਤੀਕ ਅਤੇ ਬਿੰਬ ਰੂਪ ਵਿੱਚ ਵਰਤ ਕੇ ਆਮ ਲੋਕਾਈ ਨੂੰ ਜੀਵਨ ਦੀ ਨਾਸ਼ਮਾਨਤਾ ਤੇ ਖਿਣਭੰਗੁਰਤਾ ਦੱਸਦੇ ਹੋਏ ਰੱਬੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ। 'ਆਸਾ ਦੀ ਵਾਰ' ਵਿੱਚ ਗੁਰੂ ਦੀ ਮਹੱਤਤਾ ਬਾਰੇ ਜਲ ਅਤੇ ਕੁੰਭ ਦੇ ਆਪਸੀ ਸੰਬੰਧ ਰਾਹੀਂ ਗੁਰੂ ਜੀ ਫੁਰਮਾਉਂਦੇ ਹਨ:

ਕੁੰਭੇ ਬਧਾ ਜਲੁ ਰਹੈ ਜਲ ਬਿਨ ਕੁੰਭੁ ਨ ਹੋਇ।।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।।

ਇਸੇ ਤਰ੍ਹਾਂ ਸੰਤਾਂ, ਭਗਤਾਂ ਨੇ ਵੀ ਘੜੇ ਨੂੰ ਮਾਨਵੀ ਜੀਵਨ ਨਾਲ ਤੁਲਨਾਉਂਦਿਆਂ ਹੋਇਆਂ ਮਾਨਵੀ ਜੀਵਨ ਦੀ ਖਿਣਭੰਗਰਤਾ ਦਰਸਾਈ ਹੈ।

ਜਲ ਮਹਿ ਕੁੰਭ ਕੁੰਭ ਮਹਿ ਜਲ ਹੈ ਬਾਹਰ ਭੀਤਰ ਪਾਣੀ।
ਫੂਟਾ ਕੁੰਭ ਜਲ ਗਲੈ ਸਮਾਣਾ ਜਹ ਤੱਥ ਕਥਿਓ ਗਿਆਨੀ।

ਘੜਾ ਨਾ ਸਿਰਫ ਸ਼ਗਨਾਂ ਤੇ ਖੁਸ਼ੀਆਂ ਵੇਲੇ ਸਗੋਂ ਜ਼ਿੰਦਗੀ ਦੀ ਅਸਲ ਸੱਚਾਈ ਵੇਲੇ ਮੌਤ ਦੀ ਰਸਮਾਂ ਵਿੱਚ ਵੀ ਵਰਤਿਆ ਜਾਂਦਾ ਹੈ। ਕਿਸੇ ਦੀ ਮੌਤ ਹੋ ਜਾਣ ਵੇਲੇ ਇਸ ਨੂੰ ਅਰਥੀ ਲੈ ਜਾਣ ਸਮੇਂ ਜਨਾਨੀਆਂ ਵੱਲੋਂ ਭੰਨ੍ਹਿਆ ਜਾਂਦਾ ਹੈ ਜੋ ਇਸ ਗੱਲ ਦਾ ਪ੍ਰਤੀਕ ਹੁੰਦਾ ਹੈ ਕਿ ਮਰਨ ਵਾਲੇ ਵਿਅਕਤੀ ਦਾ ਦਾਣਾ-ਪਾਣੀ ਦੁਨੀਆਂ ਤੋਂ ਮੁੱਕ ਗਿਆ ਹੈ ਤੇ ਉਸ ਦੇ ਸਾਰੇ ਸੰਬੰਧ ਹੁਣ ਦੁਨੀਆਂਦਾਰੀ ਨਾਲੋਂ ਟੁੱਟ ਗਏ ਹਨ। ਇਸ ਤੋਂ ਬਿਨਾਂ ਘੜੇ ਦੀ ਤਲੀ ਵਿੱਚ ਛੋਟਾ ਸੁਰਾਖ ਕਰਕੇ ਇਸ ਨੂੰ ਪਿੱਪਲ ਦੇ ਦਰੱਖਤ ਨਾਲ ਬੰਨ੍ਹ ਦਿੱਤਾ ਜਾਂਦਾ ਹੈ ਤੇ ਮਰਨ ਵਾਲੇ ਦੇ ਭੋਗ ਤੱਕ ਇਸ ਵਿੱਚ ਨਿੱਤ ਪਾਣੀ ਪਾਇਆ ਜਾਂਦਾ ਹੈ ਜੋ ਬਾਰੀਕ ਧਾਰ ਦੇ ਰੂਪ ਵਿੱਚ ਦਰਖ਼ਤ ਦੀ ਜੜ੍ਹ ਨੂੰ ਪੈਂਦਾ ਰਹਿੰਦਾ ਹੈ।

ਅੱਜ ਕੁਝ ਰਸਮਾਂ ਵਿਚੋਂ ਘੜਾ ਨਿਕਲ ਚੁੱਕਾ ਹੈ ਜਾਂ ਇਸ ਨੂੰ ਕੱਢ ਦਿੱਤਾ ਗਿਆ ਹੈ। ਪਹਿਲਾਂ ਫਸਲ ਕਟਾਈ ਦੇ ਦਿਨਾਂ ਵਿੱਚ ਮਿੱਟੀ ਦੇ ਘੜੇ ਵਿੱਚ ਪਾਣੀ ਭਰ ਕੇ ਵਾਢੀ ਕਰਨ ਵਾਲਿਆਂ ਨੂੰ ਪਾਣੀ ਪਿਆਉਂਦੇ ਫਿਰਦੇ ਸੀ। ਲੋਕ ਘਰਾਂ ਵਿੱਚ ਮੱਟਾਂ ਤੇ ਘੜਿਆਂ ਵਿੱਚ ਗਰਮੀ ਦੇ ਮੌਸਮ ਵਿੱਚ ਪੀਣ ਵਾਸਤੇ ਪਾਣੀ ਭਰ ਕੇ ਰੱਖਦੇ ਸਨ ਜੋ ਠੰਡਾ ਰਹਿੰਦਾ ਪਰ ਅਜੋਕੇ ਸਮੇਂ ਫਰਿੱਜ਼ ਦੀ ਵਰਤੋਂ ਠੰਡੇ ਪਾਣੀ ਤੇ ਬਰਫ਼ ਵਾਸਤੇ ਕੀਤੀ ਜਾਂਦੀ ਹੈ। ਪਲਾਸਟਿਕ ਦੀ ਵਰਤੋਂ ਸਿਹਤ ਵਾਸਤੇ ਹਾਨੀਕਾਰਕ ਤਾਂ ਹੈ ਹੀ ਇਸ ਵਿਚਲਾ ਰੱਖਿਆ ਪਾਣੀ ਪੀਣ ਵਿੱਚ ਸਵਾਦ ਨਹੀਂ ਲੱਗਦਾ ਜਦੋਂ ਕਿ ਘੜੇ ਵਿੱਚ ਰੱਖਿਆ ਪਾਣੀ ਕੁਦਰਤੀ ਤੌਰ 'ਤੇ ਠੰਡਾ ਹੋਣ ਦੇ ਨਾਲ-ਨਾਲ ਸਿਹਤ ਵਾਸਤੇ ਫਾਇਦੇਮੰਦ ਵੀ ਹੈ। ਅਜੋਕਾ ਦੌਰ ਭਾਵੇਂ ਵਿਗਿਆਨ ਤੇ ਤਰੱਕੀ ਦਾ ਦੌਰ ਹੈ ਪਰ ਫਿਰ ਵੀ ਪਰੰਪਰਾਗਤ ਵਸਤੂ ਸੰਸਾਰ ਤੋਂ ਮੂੰਹ ਮੋੜਨਾ ਕਿਤੇ ਨਾ ਕਿਤੇ ਘਾਟੇ ਦਾ ਸੌਦਾ ਸਾਬਤ ਹੁੰਦਾ ਜਾ ਰਿਹਾ ਹੈ।

ਪਿੰਡ-ਦੋਦਪੁਰ, ਜ਼ਿਲ੍ਹਾ-ਅੰਬਾਲਾ
(ਹਰਿਆਣਾ)-134004
89011-85931

ਉਦੇਸ਼ ਜਾਂ ਨਿਸ਼ਾਨੇ ਮਿੱਥਣ ਨਾਲ,
ਜੀਵਨ ਨੂੰ ਰੁਝੇਵੇਂ ਮਿਲ ਜਾਂਦੇ ਹਨ।

**ਨਰਿੰਦਰ ਸਿੰਘ ਕਪੂਰ**

# ਤੀਆਂ ਦਾ ਤਿਉਹਾਰ

ਅੰਮ੍ਰਿਤਪਾਲ ਕੌਰ ਵਿਰਕ



ਤੀਆਂ ਕੁੜੀਆਂ ਦਾ ਮੁੱਖ ਤਿਉਹਾਰ ਹੁੰਦਾ ਹੈ। ਸਾਉਣ ਮਹੀਨੇ ਦੀ ਤੀਜ ਨੂੰ ਤੀਆਂ ਸ਼ੁਰੂ ਹੁੰਦੀਆਂ ਹਨ। ਤੀਆਂ ਖ਼ੁਸ਼ੀਆਂ ਦਾ ਤਿਉਹਾਰ ਹੁੰਦਾ ਸੀ। ਤੀਆਂ ਦਾ ਤਿਉਹਾਰ ਵਰਖਾ ਰੁੱਤ ਨਾਲ ਸੰਬੰਧਿਤ ਇਕ ਖ਼ੁਸ਼ੀਆਂ ਭਰਿਆ ਤਿਉਹਾਰ ਹੈ। ਇਹ ਤਿਉਹਾਰ ਸਾਉਣ ਮਹੀਨੇ ਦੇ ਆਰੰਭ ਨਾਲ ਸ਼ੁਰੂ ਹੁੰਦਾ ਹੈ। ਇਸ ਲਈ ਇਸ ਨੂੰ ਸਾਵਿਆਂ ਦਾ ਤਿਉਹਾਰ ਕਿਹਾ ਜਾਂਦਾ ਹੈ। ਇਸ ਮਹੀਨੇ ਧਰਤੀ ਵੀ ਸਾਵੇ ਰੰਗ ਦਾ ਭੇਖ ਧਾਰਨ ਕਰਦੀ ਹੈ। ਪੰਜਾਬ ਦੇ ਹਰ ਪਿੰਡ ਵਿਚ ਤੀਆਂ ਦਾ ਤਿਉਹਾਰ ਬੜੀਆਂ ਰੀਝਾਂ ਅਤੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਜੇਠ, ਹਾੜ ਦੀਆਂ ਧੁੱਪਾਂ ਨਾਲ ਲੂਸੀ ਹੋਈ ਧਰਤੀ ਨੂੰ ਸਾਉਣ ਦੇ ਮੀਂਹ ਦੀਆਂ ਫੁਹਾਰਾਂ ਠੰਡੀਆਂ ਕਰਦੀਆਂ ਹਨ। ਧਰਤੀ ਵੀ ਹਰੀ-ਭਰੀ ਹੋ ਜਾਂਦੀ ਹੈ। ਧਰਤੀ ਦੀ ਇਸ ਖ਼ੁਸ਼ੀ ਵਿਚ ਸ਼ਾਮਿਲ ਹੁੰਦੀਆਂ ਹੋਈਆਂ, ਧਰਤੀ ਦੀਆਂ ਧੀਆਂ, ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਤੀਆਂ ਮੁੱਖ ਤੌਰ ’ਤੇ ਕੁੜੀਆਂ ਦਾ ਤਿਉਹਾਰ ਹੈ। ਸਾਵਣ ਦੀ ਤੀਜ ਨੂੰ ਤੀਆਂ ਦਾ ਆਰੰਭ ਹੁੰਦਾ ਹੈ ਜੋ 15 ਦਿਨ ਮਨਾਇਆ ਜਾਂਦਾ ਹੈ। ਤੀਆਂ ਨੂੰ ਸਹੁਰਿਆਂ ਤੋਂ ਕੁੜੀਆਂ ਨੂੰ ਪੇਕੇ ਲੈ ਆਉਣ ਦਾ ਰਿਵਾਜ ਪੁਰਾਣਾ ਹੈ। ਮਹਿਮੂਦ ਗ਼ਜ਼ਨਵੀ ਦੇ ਜ਼ਮਾਨੇ ਦੇ ਇਕ ਸ਼ਾਇਰ ਦੀ ਲਿਖਤ ਹੈ:

“ਅੰਮਾ ਮੇਰੇ ਬਾਬਾ ਜੀ ਕੋ ਭੇਜੋ, ਕਿ ਸਾਵਣ ਆਇਆ,
ਬੇਟੀ ਤੇਰਾ ਬਾਬਾ ਬੁੱਢਾ, ਕਿ ਸਾਵਣ ਆਇਆ।”

ਇਹ ਵਹਿਮ ਵੀ ਰਿਹਾ ਹੈ ਕਿ ਜਿਸ ਨੂੰ ਪਿੰਡਾਂ ਦੇ ਲੋਕ ਵਿਚਾਰ ਕਹਿੰਦੇ ਹਨ ਕਿ ਸਾਉਣ ਮਹੀਨੇ ਵਿਚ ਨਵ-ਵਿਆਹੀਆਂ ਆਪਣੇ ਖ਼ਾਵੰਦਾਂ ਤੋਂ ਦੂਰ ਰਹਿਣ। ਕੁਆਰੀਆਂ ਕੁੜੀਆਂ ਪਹਿਲਾਂ ਹੀ ਮਾਪਿਆਂ ਦੇ ਘਰ ਹੁੰਦੀਆਂ ਸਨ। ਵਿਆਹੀਆਂ ਹੋਈਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰਿਆਂ ਤੋਂ ਲਿਆਉਣ ਲਈ ਜਾਂਦੇ ਹਨ।

ਪਹਿਲੇ ਸਮੇਂ ਵਿੱਚ ਪੰਡਤਾਂ ਦੇ ਵਹਿਮ-ਭਰਮ ਬਹੁਤ ਪਾਏ ਹੁੰਦੇ ਸਨ। ਨਵੀਆਂ ਵਿਆਹੀਆਂ ਨੂੰਹਾਂ ਤੇ ਸੱਸਾਂ ਦਾ ਸਾਉਣ ਮਹੀਨੇ ਵਿੱਚ ’ਕੱਠੇ ਰਹਿਣਾ ਮਾੜਾ, ਕਰੋਪੀ ਵਾਲਾ ਮਹੀਨਾ ਗਿਣਿਆ ਜਾਂਦਾ ਸੀ। ਇਸ ਲਈ ਵਿਆਹ ਤੋਂ ਪਿੱਛੋਂ ਪਹਿਲਾਂ ਸਾਉਣ ਮਹੀਨਾ ਪੇਕੇ ਘਰ ਕੱਟਣ ਦਾ ਵੀ ਇਕ ਰਿਵਾਜ ਸੀ। ਕਈਆਂ ਨੂੰ ਤੀਆਂ ਕਰਕੇ ਹੀ ਸਹੁਰਿਆਂ ਤੋਂ ਛੁੱਟੀ ਮਿਲਦੀ ਹੁੰਦੀ ਸੀ।

“ਚਿੱਟੀ ਕਪਾਹ ਦੀਆਂ ਚਿੱਟੀਆਂ ਨੇ ਫੁੱਟੀਆਂ
ਚੜ੍ਹ ਗਿਆ ਸਾਉਣ
ਮਿਲੀਆਂ ਸਹੁਰਿਆਂ ਤੋਂ ਛੁੱਟੀਆਂ।”

ਜਿਸ ਦਾ ਵੀਰ ਤੀਆਂ ਨੂੰ ਲੈਣ ਨਹੀਂ ਆਉਂਦਾ ਸੀ, ਉਸ ਨੂੰ ਸੱਸ ਦੇ ਤਾਹਨੇ-ਮਿਹਣੇ ਵੀ ਸੁਣਨੇ ਪੈਂਦੇ ਸਨ:

“ਸੱਸ ਮਾਰਦੀ ਬੀਹੀ ਦੇ ਵਿਚ ਮਿਹਣੇ
ਤੀਆਂ ਨੂੰ ਨਾ ਆਇਆ ਵੀਰਨਾ।

ਪਰ ਉਹ ਪਰਿਵਾਰ ਧੀਆਂ ਨੂੰ ਸੰਧਾਰਾ ਜ਼ਰੂਰ ਭੇਜਦੇ ਹੁੰਦੇ ਸਨ। ਸੰਧਾਰੇ ਵਿੱਚ ਧੀਆਂ ਲਈ ਸੂਟ, ਲੋਡ, ਚੂੜੀਆਂ, ਮਹਿੰਦੀ, ਪੀਂਘ ਝੂਟਣ ਵਾਲੀ ਰੰਗਲੀ ਫੱਟੀ ਆਦਿ ਦਿੱਤੀ ਜਾਂਦੀ ਸੀ।

ਹਰ ਪਿੰਡ ਵਿੱਚ ਤੀਆਂ ਮਨਾਉਣ ਵਾਲੀ ਥਾਂ ਮੁਕੱਰਰ ਹੁੰਦੀ ਹੈ। ਤੀਆਂ ਵਾਲਾ ਟੋਭਾ, ਤੀਆਂ ਵਾਲਾ ਬਰੋਟਾ, ਤੀਆਂ ਵਾਲਾ ਖੂਹ ਆਦਿ ਨਾਂ ਉਨ੍ਹਾਂ ਥਾਵਾਂ ਨਾਲ ਜੁੜੇ ਹੁੰਦੇ ਹਨ। ਪਿੰਡ ਵਿੱਚ ਉੱਥੇ ਖੜ੍ਹੇ ਰੁੱਖਾਂ, ਬਿਰਖਾਂ ਦੀ ਵੀ ਅਹਿਮ ਥਾਂ ਹੁੰਦੀ ਹੈ।

ਤੀਆਂ ਪਿੱਪਲ, ਬਰੋਟੇ ਅਤੇ ਨਿੰਮ ਦੇ ਦਰਖਤਾਂ ਥੱਲੇ ਲਗਦੀਆਂ ਹੁੰਦੀਆਂ ਸਨ। ਕਿਉਂ ਜੋ ਇਨ੍ਹਾਂ ਦਰਖਤਾਂ ਦੀ ਛਾਂ ਸੰਘਣੀ ਹੁੰਦੀ ਸੀ। ਦਰਖ਼ਤਾਂ ’ਤੇ ਪੀਂਘਾਂ ਪਾਈਆਂ ਜਾਂਦੀਆਂ ਸਨ। ਜਿੰਨੇ ਉੱਚੇ ਟਾਹਣੇ ’ਤੇ ਪੀਂਘ ਪਾਈ ਜਾਂਦੀ ਸੀ ਉਨੀ ਹੀ ਚੰਗੀ ਮੰਨੀ ਜਾਂਦੀ ਸੀ:

“ਉੱਚੇ ਟਾਹਣੇ ਪੀਂਘ ਪਾ ਦੇ
ਜਿੱਥੇ ਆਪ ਹੁਲਾਰਾ ਆਵੇ।”

ਪੀਂਘ ਕੱਲੀਆਂ-ਕਲੀਆਂ ਕੁੜੀਆਂ ਵੀ ਝੂਟਦੀਆਂ ਸਨ ਤੇ ਦੋ-ਦੋ ਵੀ ਪੀਂਘ ਦੀਆਂ ਬੜੀਆਂ-ਬੜੀਆਂ ਹੀਂ ਚੜ੍ਹਾਈਆਂ ਜਾਂਦੀਆਂ ਸਨ।

ਪੀਂਘਾਂ ਝੂਟਣ ਤੋਂ ਪਿੱਛੋਂ ਗਿੱਧੇ ਦੀ ਵਾਰੀ ਆਉਂਦੀ ਸੀ। ਇਕ ਗੋਲ ਘੇਰੇ ਵਿਚ ਕੁੜੀਆਂ ਇਕੱਠੀਆਂ ਹੋ ਜਾਂਦੀਆਂ ਸਨ। ਡਾ. ਬੇਦੀ ਦਾ ਕਹਿਣਾ ਹੈ ਕਿ ਗਿੱਧੇ ਵਿੱਚ ਪੰਜਾਬੀ ਮੁਟਿਆਰਾਂ ਦੀ ਆਤਮਾ ਸਾਹ ਲੈਂਦੀ ਹੈ ਤੇ ਜੋਬਨ ਚੜ੍ਹਦਾ ਹੈ। ਸਾਵਣ ਦੀ ਰੁੱਤੇ ਰੂਹ ਨਸ਼ੇ ਵਿੱਚ ਭਿੱਜੀ ਹੁੰਦੀ ਹੈ ਤੇ ਮਨ ਬੇਕਾਬੂ ਹੁੰਦਾ ਹੈ। ਬੱਦਲਾਂ ਦੀ ਘਨਘੋਰ ਘਟਾ ਤੇ ਮਿੰਨੀ ਕਿਣ-ਮਿਣ ਵਿੱਚ ਨੱਚਦੀ ਅੱਥਰੀ ਜਵਾਨੀ ਧਰਤ ਹਿਲਾ ਦਿੰਦੀ ਹੈ:

ਸਾਉਣ ਮਹੀਨਾ ਬੱਦਲ ਪੈਂਦਾ
ਨਿੰਮੀਆਂ ਪੈਣ ਫੁਹਾਰਾਂ
ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ
ਇਕੋ ਜਿਹੀਆਂ ਮੁਟਿਆਰਾਂ।"

ਇਸ ਗਿੱਧੇ ਦੇ ਪਿੜ ਵਿੱਚ ਮਨੁੱਖੀ ਜੀਵਨ ਦਾ ਕਿਹੜਾ ਵਿਸ਼ਾ ਹੈ ਜਿਸ ਦੀ ਚਰਚਾ ਨਹੀਂ ਹੁੰਦੀ। ਸਹੁਰੇ ਘਰ ਦਾ ਕਿਹੜਾ ਦੁੱਖ ਹੈ ਜਿਸ ਨੂੰ ਫਰੋਲ ਕੇ ਦਿਲ ਦੀ ਭੜਾਸ ਨਹੀਂ ਕੱਢੀ ਜਾਂਦੀ ਗਿੱਧੇ ਵਿੱਚ। ਨੱਚਣ ਲਈ ਬੋਲੀਆਂ ਪਾਉਣ ਲਈ ਇਕ ਦੂਜੇ ਵੱਲ ਇਸ਼ਾਰੇ ਹੋਣ ਲੱਗ ਜਾਂਦੇ ਹਨ।

ਤੀਆਂ ਵਿੱਚ ਖੀਰ, ਪੂੜੇ, ਕੜਾਹ, ਗੁਲਗਲੇ ਬਣਾਏ ਜਾਂਦੇ ਸਨ। ਸਾਉਣ ਮਹੀਨੇ ਦਾ ਖੀਰ ਨਾਲ ਵੀ ਸੰਬੰਧ ਜੁੜਿਆ ਹੋਇਆ ਹੈ।

"ਸਾਉਣ ਖੀਰ ਨਾ ਖਾਧੀਆਂ
ਤੂੰ ਕਿਉਂ ਜੰਮਿਓ ਅਪਰਾਧੀਆ?"

ਹਰ ਘਰ ਆਪਣੀ-ਆਪਣੀ ਵਿੱਤ ਅਨੁਸਾਰ ਖੀਰ, ਪੂੜੇ, ਕੜਾਹ, ਗੁਲਗਲੇ ਬਣਾਉਂਦਾ ਹੁੰਦਾ ਸੀ। ਕਈ ਬਦਾਮ, ਦਾਖਾਂ, ਖੰਡ ਵਰਤਦਾ ਹੁੰਦਾ ਸੀ, ਕਈ ਆਰਥਿਕ ਪੱਖੋਂ ਮਾੜੇ ਗੁਲਗਲਿਆਂ ਨਾਲ ਹੀ ਸਾਰ ਲੈਂਦੇ ਸਨ।

ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਸਾਉਣ ਕੁੜੀਆਂ ਦਾ ਮੇਲ ਕਰਾਉਂਦਾ ਹੈ। ਇਸ ਲਈ ਉਹ ਉਸ ਨੂੰ ਆਪਣੇ ਵੀਰਾਂ ਜਿਹਾ ਸਨਮਾਨ ਦਿੰਦੀਆਂ ਹਨ। ਭਾਦੋਂ ਵਿਚ ਬਹੁਤੀਆਂ ਕੁੜੀਆਂ ਦੇ ਮੁਕਲਾਵੇ ਤੋਰ ਦਿੱਤੇ ਜਾਂਦੇ ਹਨ।

"ਸਾਉਣ ਵੀਰ ਕਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।"

ਜਦ ਤੀਆਂ ਦੇ ਦਿਨ ਪੂਰੇ ਹੋ ਜਾਂਦੇ ਤਾਂ ਅਖੀਰੀ ਤੀਆਂ ਦਾ ਭੋਗ ਪਾਇਆ ਜਾਂਦਾ ਸੀ। ਜਿਸ ਨੂੰ 'ਬੱਲ੍ਹੋ ਪਾਉਣੀ' ਕਹਿੰਦੇ ਸਨ। ਕੁੜੀਆਂ ਅਗਲੇ ਸਾਲ ਦੀਆਂ ਤੀਆਂ ਮਨਾਉਣ ਦੀ ਆਸ ਲੈ ਕੇ ਤੀਆਂ ਦੇ ਤਿਉਹਾਰ ਨੂੰ ਖ਼ਤਮ ਕਰਦੀਆਂ ਹੁੰਦੀਆਂ ਸਨ।

"ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ।"

ਉਸ ਸਮੇਂ ਵਿਚ ਖੇਤੀ ਦਾ ਮਸ਼ੀਨੀਕਰਨ ਨਹੀਂ ਹੋਇਆ ਸੀ। ਮਸ਼ੀਨੀ ਸਭਿਅਤਾ ਦੇ ਕਾਰਨ ਸਾਡੇ ਲੋਕ ਜੀਵਨ ਵਿਚ ਬਹੁਤ ਤਬਦੀਲੀਆਂ ਆ ਗਈਆਂ ਹਨ। ਪਹਿਲੇ ਸ਼ੌਂਕ ਰਹੇ ਨਹੀਂ ਨਾ ਹੀ ਵਿਹਲ। ਪਹਿਲਾਂ ਲੋਕਾਂ ਕੋਲ ਵਿਹਲ ਸੀ, ਸੰਯੁਕਤ ਤੇ ਵੱਡੇ ਪਰਿਵਾਰ ਹੁੰਦੇ ਸਨ ਜਿਸ ਕਰਕੇ ਕੁੜੀਆਂ-ਬਹੂਆਂ ਨੂੰ ਤੀਆਂ ਵਿੱਚ ਆਉਣ ਲਈ ਸਮਾਂ ਮਿਲ ਜਾਂਦਾ ਸੀ। ਅੱਜ ਪੰਜਾਬ ਦੇ ਕਿਸੇ ਪਿੰਡ ਵਿਚ ਵੀ ਤੀਆਂ ਨਹੀਂ ਮਨਾਈਆਂ ਜਾਂਦੀਆਂ। ਪੰਜਾਬ ਦੀਆਂ ਮੁਟਿਆਰਾਂ ਦਾ ਇਹ ਰੰਗਲਾ ਤਿਉਹਾਰ ਪੰਜਾਬ ਦੇ ਸਭਿਆਚਾਰ ਵਿੱਚ ਅਲੋਪ ਹੋ ਗਿਆ ਹੈ। ਤੀਆਂ ਸਾਡੇ ਅਤੀਤ ਦਾ ਇਕ ਹਿੱਸਾ ਬਣ ਗਈਆਂ ਹਨ। ਸਾਡੇ ਤਿਉਹਾਰ ਪੰਜਾਬੀ ਸਭਿਆਚਾਰ ਦਾ ਵਡਮੁੱਲਾ ਅੰਗ ਹਨ। ਇਹਨਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

**ਸਹਾਇਕ ਪੁਸਤਕਾਂ**


1. ਡਾ. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਦੀ ਭੂਮਿਕਾ (ਪੰਜਾਬੀ ਲੋਕਧਾਰਾ ਬਾਰੇ ਨਿਬੰਧਾਂ ਦਾ ਸੰਗ੍ਰਹਿ), ਪੰਨਾ 28.
2. ਹਰਕੇਸ਼ ਸਿੰਘ ਕਹਿਲ, ਅਲੋਪ ਹੋ ਰਿਹਾ ਪੰਜਾਬੀ ਵਿਰਸਾ, ਪੰਨਾ 254
3. ਉਹੀ, ਪੰਨਾ 254,
4. ਉਹੀ, ਪੰਨਾ 254.
5. ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 333,
6. ਹਰਕੇਸ਼ ਸਿੰਘ ਕਹਿਲ, ਅਲੋਪ ਹੋ ਰਿਹਾ ਪੰਜਾਬੀ ਵਿਰਸਾ, ਪੰਨਾ 257.
7. ਸੁਖਦੇਵ ਮਾਧਪੁਰੀ, ਪੰਜਾਬੀ ਸਭਿਆਚਾਰ ਦੀ ਆਰਸੀ (ਸੋਮੇ ਤੇ ਪਰੰਪਰਾ), ਪੰਨਾ 130.
8. ਹਰਕੇਸ਼ ਸਿੰਘ ਕਹਿਲ, ਅਲੋਪ ਹੋ ਰਿਹਾ ਪੰਜਾਬੀ ਵਿਰਸਾ, ਪੰਨਾ 258.
9. ਪੰਜਾਬ ਦੇ ਲੋਕ ਗੀਤਾਂ ਵਿਚ ਪੰਜਾਬੀ ਸਭਿਆਚਾਰ ਦਾ ਚਿਤਰਨ: ਡਾ. ਮਹਿੰਦਰ ਸਿੰਘ ਵਿਰਦੀ।


ਅਸਿ. ਪ੍ਰੋ.:-ਮਾਤਾ ਸੁੰਦਰੀ ਖਾਲਸਾ ਗਰਲਜ਼ ਕਾਲਜ
ਨਿਸਿੰਗ, ਕਰਨਾਲ
9991643410

# ਪੁਲ ਹੇਠ ਵਗਦਾ ਪਾਣੀ

ਸੁਰਿੰਦਰ ਕੈਲੇ



ਮੈਨੂੰ ਥੋੜ੍ਹਾ ਹੋਰ ਟਾਈਮ ਲਗ ਜਾਊ। ਤੁਸੀਂ ਕੋਈ ਵਧੀਆ ਜਿਹਾ ਸੂਟ ਕੱਢ ਕੇ ਪਾ ਲਿਓ। ਤੇ ਹੋਰ ਸੁਣੋ, ਪ੍ਰੈੱਸ ਚੰਗੀ ਤਰ੍ਹਾਂ ਕਰ ਲਿਓ।'

ਰੂਪ ਦੀ ਸਹੇਲੀ ਨੇ ਪੋਤੇ ਦੇ ਜਨਮ ਦਿਨ ਦੀ ਪਾਰਟੀ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਹੋਇਆ ਹੈ। ਰੂਪ ਪਾਰਲਰ ਵਿੱਚ ਤਿਆਰ ਹੋਣ ਗਈ ਹੈ। ਅਨੁਮਾਨ ਤੋਂ ਵੱਧ ਸਮਾਂ ਲੱਗਣ ਕਰਕੇ ਉਸ ਨੇ ਪਤੀ ਨੂੰ ਫ਼ੋਨ ਕਰਕੇ ਤਿਆਰ ਹੋਣ ਲਈ ਕਿਹਾ ਹੈ।

ਰੂਪ ਤੇ ਢੋਲੀ ਇੱਕੋ ਕਾਲਜ ਵਿੱਚ ਪੜ੍ਹਦੇ ਸਨ। ਇਹ ਉਹ ਸਮਾਂ ਸੀ ਜਦੋਂ ਸਮਾਜ ਤੇਜ਼ੀ ਨਾਲ ਬਦਲ ਰਿਹਾ ਸੀ। ਮੁੰਡੇ ਕੁੜੀਆਂ ਦਾ ਇਕੱਠਿਆਂ ਕਾਲਜ ਵਿੱਚ ਪੜ੍ਹਨਾ ਆਮ ਹੋ ਗਿਆ ਸੀ। ਕਾਲਜ ਦੀ ਕੰਟੀਨ ਵਿਦਿਆਰਥੀਆਂ ਦੇ ਮੇਲ-ਜੋਲ ਦਾ ਅੱਡਾ ਹੁੰਦਾ ਸੀ। ਦੂਸਰੇ ਵਿਦਿਆਰਥੀਆਂ ਨਾਲੋਂ ਵੱਖਰਾ ਢੋਲੀ ਵੀ ਕਦੀ-ਕਦਾਈਂ ਕੰਟੀਨ ਦੀ ਮਹਿਫ਼ਲ ਵਿੱਚ ਸ਼ਾਮਿਲ ਹੋ ਜਾਂਦਾ। ਉਹ ਨਿੱਘੇ ਸੁਭਾਅ, ਘਟ ਬੋਲਣ ਵਾਲਾ, ਹਰ ਕਿਸੇ ਨਾਲ ਸਨੇਹ ਤੇ ਮੋਹ ਨਾਲ ਗੱਲ ਕਰਦਾ। ਸੋਹਣਾ-ਸੁਨੱਖਾ ਗੱਭਰੂ ਜਿਸ 'ਤੇ ਜਵਾਨੀ ਡੁੱਲ੍ਹ-ਡੁੱਲ੍ਹ ਪੈਂਦੀ ਸੀ, ਕਈ ਕੁੜੀਆਂ ਲਈ ਖਿੱਚ ਦਾ ਕੇਂਦਰ ਸੀ। ਕਾਲਜ ਦੀ ਟੀਮ ਦਾ ਮੰਨਿਆ ਪ੍ਰਮੰਨਿਆਂ ਢੋਲੀ ਹੋਣ ਕਰਕੇ, ਕਾਲਜ ਦੀ ਅੱਖ ਦਾ ਤਾਰਾ ਸੀ। ਅਸਲੀ ਨਾਉਂ ਨੂੰ ਭੁੱਲ ਸਾਰੇ ਉਸ ਨੂੰ ਢੋਲੀ ਦੇ ਨਾਂ ਨਾਲ ਸੱਦਦੇ ਸਨ। ਰੂਪ ਨੂੰ ਫ਼ਿਲਮੀ ਸੰਗੀਤ ਪਸੰਦ ਸੀ ਜੋ ਢੋਲ ਦੀਆਂ ਤਾਲਾਂ 'ਤੇ ਖਿੱਚੀ ਗਈ ਸੀ ਤੇ ਜਿਸ ਨੂੰ ਢੋਲੀ ਦੀਆਂ ਅਦਾਵਾਂ ਨੇ ਦੀਵਾਨੀ ਬਣਾ ਦਿੱਤਾ ਸੀ।

ਪੜ੍ਹਾਈ ਦੇ ਆਖ਼ਰੀ ਸਾਲ ਰੂਪ ਤੇ ਢੋਲੀ ਨੇ ਆਪਣੇ ਪਿਆਰ ਨੂੰ ਵਿਆਹ ਦੇ ਬੰਧਨ ਵਿੱਚ ਬੰਨ੍ਹਣ ਦਾ ਅਹਿਦ ਕਰ ਲਿਆ ਸੀ। ਪ੍ਰੰਤੂ ਰੂਪ ਦੇ ਮਾਪੇ ਸਰਦਾਰਾਂ ਦੀ ਧੀ ਨੂੰ ਸਧਾਰਨ ਪਰਿਵਾਰ ਵਿੱਚ ਕਿਵੇਂ ਵਿਆਹ ਸਕਦੇ ਸਨ? ਰੂਪ ਬਾਗ਼ੀ ਹੋ ਗਈ। ਸਮੇਂ ਦੀ ਨਬਜ਼ ਨੂੰ ਪਛਾਣਦਿਆਂ, ਉਨ੍ਹਾਂ ਨੂੰ ਧੀ ਦੀ ਜਿਦ ਅੱਗੇ ਗੋਡੇ ਟੇਕਣੇ ਪਏ।

ਚਹਿਕਦੀ ਟਹਿਕਦੀ ਰੂਪ ਜਿਵੇਂ ਹੀ ਘਰ ਵਿੱਚ ਦਾਖਲ ਹੋਈ, ਉਸਦੀ ਮੁਸਕਰਾਹਟ ਛੂ ਮੰਤਰ ਹੋ ਗਈ। "ਤੁਹਾਡੇ ਕੋਲੋਂ ਸਾਰੀ ਉਮਰ ਕੁਛ ਨਾ ਕਰ ਹੋਇਆ। ਬੁੱਢੇ ਹੋ ਗਏ, ਚੱਜ ਦੇ ਕੱਪੜੇ ਪਾਉਣ ਦੀ ਅਕਲ ਵੀ ਨਾ ਆਈ।"

ਰੂਪ ਨੇ ਆਪਣੀ ਪਸੰਦ ਦਾ ਸੂਟ ਕੱਢਿਆ, "ਇਹ ਸੂਟ ਪਾਓ। ਪ੍ਰੈੱਸ ਕਰ ਲਵੋਗੇ ਕਿ ਨਹੀਂ? ਪਹਿਲਾਂ ਹੀ ਲੇਟ ਹੋਏ ਪਏ ਹਾਂ। ਇਸ ਬੰਦੇ ਨੇ ਮੈਨੂੰ ਸਾਰੀ ਉਮਰ ਦੁਖੀ ਕਰੀਂ ਰੱਖਿਆ।"

ਖਿਝੀ ਹੋਈ ਬੁੜਬੁੜ ਕਰਦੀ ਪਾਰਟੀ ਵਾਲੇ ਕੱਪੜੇ ਪਹਿਨਣ ਚਲੀ ਗਈ। ਢੋਲੀ ਸੂਟ ਪ੍ਰੈੱਸ ਕਰਦਿਆਂ ਸੋਚਣ ਲੱਗਾ, "ਵਿਆਹ ਤੋਂ ਲੈ ਕੇ ਹੁਣ ਤੱਕ ਕੀ ਨੀ ਕੀਤਾ? ਇਸ ਨੂੰ ਕਿਰਾਏ ਦੇ ਮਕਾਨ ਵਿੱਚੋਂ ਕੱਢ ਕੇ ਘਰ ਦੀ ਮਾਲਕਣ ਬਣਾਇਆ। ਦੋਨਾਂ ਕੁੜੀਆਂ ਨੂੰ ਚੰਗੇ ਸਕੂਲਾਂ ਕਾਲਜਾਂ ਵਿੱਚ ਪੜ੍ਹਾਇਆ ਵਿਆਹ ਕੀਤੇ। ਦੋ ਸ਼ਹਿਰੀ ਪਲਾਟ।"

"ਹਾਲੇ ਪ੍ਰੈੱਸ ਹੀ ਕਰੀਂ ਜਾਂਦੇ ਹੋ? ਪਾਰਟੀ ਖ਼ਤਮ ਹੋਈ 'ਤੇ ਜਾਵਾਂਗੇ?"

ਤਿਆਰ ਹੋਈ ਰੂਪ ਝਿੜਕਣ ਲੱਗੀ, "ਮੇਰੀ ਸਾਰੀ ਉਮਰ ਘਰ ਬੰਨ੍ਹਦੀ ਦੀ ਲੰਘ ਗਈ। ਇਸ ਬੰਦੇ ਕੋਲੋਂ ਕੱਖ ਭੰਨ ਕੇ ਦੂਹਰਾ ਨੀ ਹੋਇਆ।"

ਉਸ ਨੂੰ ਆਪਣੇ ਕੰਮ ਦਾ ਗੁਮਾਨ ਹੈ। ਫਾਈਨ ਆਰਟ ਦੀ ਵਿਦਿਆਰਥਣ ਰਹਿਣ ਕਰਕੇ ਉਸ ਨੇ ਘਰ ਵਿੱਚ ਕੱਪੜਿਆਂ 'ਤੇ ਪੇਂਟਿੰਗ ਕਰਨ ਲਈ ਸਟੂਡੀਓ ਖੋਲ੍ਹ ਰੱਖਿਆ ਹੈ।

"ਮੈਂ ਕੁਝ ਨੀ ਕੀਤਾ? ਹੁਣ ਬੁਢਾਪੇ ਵੇਲੇ ਅਹਿਸਾਸ ਹੋਇਆ ਕਿ ਜ਼ਿੰਦਗੀ ਦਿਨ ਲੰਘਾਉਣ ਦਾ ਨਹੀਂ, ਜਿਊਣ ਦਾ ਨਾਂ ਹੈ ਪਰ ਮੈਂ ਸਾਰੀ ਉਮਰ ਕੋਹਲੂ ਦਾ ਬੈਲ ਬਣਿਆ ਰਿਹਾ।" ਇਹ ਵੀ ਸੱਚ ਹੈ ਕਿ ਪੁਲ ਹੇਠੋਂ ਵਗਿਆ ਪਾਣੀ ਵਾਪਸ ਨਹੀਂ ਮੁੜਦਾ।" ਢੋਲੀ ਬੀਤੇ 'ਤੇ ਪਛਤਾਉਂਦਾ ਛੇਤੀ-ਛੇਤੀ ਕੱਪੜੇ ਬਦਲਣ ਲੱਗਾ।

ਮ.ਨੰ.234-ਐਫ, ਸ਼ਹੀਦ ਭਗਤ ਸਿੰਘ ਨਗਰ,
ਪਖੋਵਾਲ ਰੋਡ, ਲੁਧਿਆਣਾ (ਪੰਜਾਬ)
9872591653

# ਚਿੰਕੂ ਖ਼ਰਗੋਸ਼ ਤੇ ਸ਼ਹਿਰ ਦੀ ਸੈਰ

ਡਾ. ਦੇਵਿੰਦਰ ਪਾਲ ਸਿੰਘ



ਪਿਛਲੇ ਕਈ ਦਿਨਾਂ ਤੋਂ ਚਿੰਕੂ ਖ਼ਰਗੋਸ਼ ਨੂੰ ਅਚਵੀ ਲੱਗੀ ਹੋਈ ਸੀ। ਜੰਗਲ ਦੇ ਪਾਰ, ਸ਼ਹਿਰ ਦੀਆਂ ਰੰਗ-ਬਿਰੰਗੀਆਂ ਰੌਸ਼ਨੀਆਂ ਹਰ ਰਾਤ ਉਸ ਨੂੰ ਆਪਣੇ ਵੱਲ ਬੁਲਾਉਂਦੀਆਂ ਲਗਦੀਆਂ। ਕਈ ਦਿਨ ਤੋਂ ਉਹ ਲਗਾਤਾਰ ਜ਼ਿੱਦ ਕਰ ਰਿਹਾ ਸੀ ਕਿ ਉਸ ਨੂੰ ਸ਼ਹਿਰ ਦੀ ਸੈਰ ਲਈ ਜਾਣ ਦਿੱਤਾ ਜਾਵੇ। ਤੰਗ ਆ ਕੇ ਚਿੰਕੂ ਦੀ ਮੰਮੀ ਨੇ ਉਸ ਨੂੰ ਸ਼ਹਿਰ ਜਾਣ ਦੀ ਆਗਿਆ ਦੇ ਹੀ ਦਿੱਤੀ।

ਹੁਣ ਉਹ ਮਸਤ ਚਾਲ ਚਲਦਾ ਹੋਇਆ ਆਪਣੇ ਗੁਆਂਢੀ ਮੋਤੀ ਚਾਚਾ ਨੂੰ ਨਾਲ ਚੱਲਣ ਦਾ ਸੱਦਾ ਦੇਣ ਜਾ ਰਿਹਾ ਸੀ।

"ਚਾਚਾ! ਚੱਲੀਏ ਫਿਰ।" ਚਿੰਕੂ ਨੇ ਮੋਤੀ ਦੀ ਖੁੱਡ ਵਿਚ ਮੂੰਹ ਵਾੜਦਿਆਂ ਸਲਾਹ ਮਾਰੀ।

"ਚੱਲ ਪੁੱਤਰ! ਮੈਂ ਤਾਂ ਤਿਆਰ ਹਾਂ।" ਬੁੱਢਾ ਖ਼ਰਗੋਸ਼ ਲੱਕ ਝਟਕਦਿਆਂ ਉੱਠ ਖੜ੍ਹਾ ਹੋਇਆ।

ਫਿਰ ਦੋਨੋਂ ਸਵੇਰ ਦੇ ਸੂਰਜ ਦੀ ਹਲਕੀ-ਹਲਕੀ ਰੌਸ਼ਨੀ ਵਿਚ ਸ਼ਹਿਰ ਵੱਲ ਜਾ ਰਹੀ ਪਗਡੰਡੀ ਵੱਲ ਤੁਰ ਪਏ। ਤਾਜ਼ੀ-ਤਾਜ਼ੀ ਹਵਾ ਦੀਆਂ ਨਰਮ ਤਰੰਗਾਂ ਉਨ੍ਹਾਂ ਨੂੰ ਸਹਿਲਾ ਕੇ ਲੰਘ ਰਹੀਆਂ ਸਨ। ਪੰਛੀਆਂ ਦੀ ਚਹਿਚਹਾਟ ਦਾ ਸੁਰੀਲਾ ਰਾਗ ਸਭ ਪਾਸੇ ਫੈਲਿਆ ਹੋਇਆ ਸੀ। ਪਗਡੰਡੀ ਦੇ ਦੋਨੋਂ ਪਾਸੇ ਉੱਗੇ ਉੱਚੇ-ਲੰਮੇ ਘਾਹ ਵਿਚੋਂ ਸੁਣਾਈ ਦਿੰਦੀ ਹਰ ਹਲਕੀ ਜਿਹੀ ਸਰਸਰਾਹਟ ਵੀ ਉਨ੍ਹਾਂ ਦੇ ਕੰਨ ਖੜ੍ਹੇ ਕਰ ਦਿੰਦੀ।

ਤਦ ਹੀ ਇਕ ਸੀਟੀ ਦੀ ਆਵਾਜ਼ ਸੁਣਾਈ ਦਿੱਤੀ। ਚਿੰਕੂ ਨੇ ਪਿੱਛੇ ਮੁੜ ਕੇ ਦੇਖਿਆ। ਦੂਰ ਪਰ੍ਹੇ ਬੋਹੜ ਦੇ ਮੋਟੇ ਟਾਹਣੇ ਉੱਤੇ ਲੇਟਿਆ ਕਾਲੂ ਅਜਗਰ ਅਜੇ ਵੀ ਘੁਰਾੜੇ ਮਾਰ ਰਿਹਾ ਸੀ। ਪਲ ਕੁ ਰੁਕ ਚਿੰਕੂ ਅੱਗੇ ਵੱਲ ਤੁਰ ਗਿਆ। ਖ਼ੁਸ਼ੀਆਂ ਲੱਦਾ ਉਹ ਹੁਣ ਹੌਲੀ-ਹੌਲੀ ਗੁਣਗੁਣਾ ਰਿਹਾ ਸੀ।

"ਹਰੇ ਭਰੇ ਜੰਗਲ ਦਾ ਵਾਸੀ,
ਸਭਨਾਂ ਦਾ ਪਿਆਰਾ।
ਖ਼ੁਸ਼ੀਆਂ ਨਾਲ ਭਰ ਜਾਵਾਂ,
ਜਦ ਵੇਖਾਂ ਅਜਬ ਨਜ਼ਾਰਾ।
ਰੰਗ ਬਰੰਗੇ ਫੁੱਲਾਂ ਵਾਲਾ,
ਜੰਗਲ ਖ਼ੂਬ ਸੁਹਾਵਾ।
ਮਖ਼ਮਲੀ ਘਾਹ ਦੇ ਉੱਪਰ,
ਉਲਟ ਬਾਜ਼ੀਆਂ ਪਾਵਾਂ।
ਹਰੇ ਭਰੇ ਜੰਗਲ ਦਾ ਵਾਸੀ,
ਸਭਨਾਂ ਦਾ ਪਿਆਰਾ।
ਖ਼ੁਸ਼ੀਆਂ ਨਾਲ ਭਰ ਜਾਵਾਂ,
ਜਦ ਵੇਖਾਂ ਅਜਬ ਨਜ਼ਾਰਾ।"

"ਓ ਚਿੰਕੂ! ਕਿਧਰ ਜਾ ਰਿਹਾ ਹੈ ਸਵੇਰੇ-ਸਵੇਰੇ।" ਕੁਝ ਦੂਰ ਘਾਹ ਉੱਤੇ ਲੇਟੇ ਗੋਲਮਟੋਲ ਭੋਲੂ ਰਿੱਛ ਨੇ ਅੱਖਾਂ ਮਲਦੇ ਹੋਏ ਪੁੱਛਿਆ।

"ਸ਼ਹਿਰ ਜਾ ਰਿਹਾ ਹਾਂ, ਭਾਅ।" ਚਿੰਕੂ ਦੇ ਖ਼ੁਸ਼ੀ ਭਰੇ ਬੋਲ ਸਨ।

"ਓ ਜੰਗਲ ਵਾਸੀ! ਦੇਖੀਂ ਕਿਧਰੇ ਤੈਨੂੰ ਸ਼ਹਿਰ ਦੀ ਹਵਾ ਨਾ ਲਗ ਜਾਵੇ!" ਭੋਲੂ ਨੇ ਨਸੀਹਤ ਦਿੰਦੇ ਹੋਏ ਕਿਹਾ ਤੇ ਦੁਬਾਰਾ ਅੱਖਾਂ ਬੰਦ ਕਰ ਸੁਪਨਿਆਂ ਵਿਚ ਗੜੂੰਦ ਹੋ ਗਿਆ।

"ਸ਼ਹਿਰ ਦੀ ਹਵਾ! ਇਹ ਕੀ ਹੁੰਦੀ ਹੈ ਚਾਚਾ?" ਚਿੰਕੂ ਨੇ ਮੋਤੀ ਵੱਲ ਝਾਕਦਿਆਂ ਪੁੱਛਿਆ।

"ਕੁਝ ਨਹੀਂ ਪੁੱਤਰ! ਤੈਨੂੰ ਸ਼ਹਿਰ ਜਾਣ ਦੀ ਲਲਕ ਹੈ ਨਾ, ਬਸ ਆਪੇ ਹੀ ਸਭ ਪਤਾ ਚੱਲ ਜਾਵੇਗਾ।"

"ਕਿਉਂ? ਕੀ ਉੱਥੇ ਕੋਈ ਹੋਰ ਹਵਾ ਚਲਦੀ ਹੈ?"

"ਸ਼ਾਇਦ ਹਾਂ। ਇੱਥੇ ਵਰਗਾ ਕੁਝ ਵੀ ਨਹੀਂ ਹੈ ਉੱਥੇ। ਬਹੁਤ ਫ਼ਰਕ ਹੈ ਜੰਗਲ ਤੇ ਸ਼ਹਿਰ ਵਿਚ।"

"ਪਰ, ਉੱਥੇ ਨਜ਼ਰ ਆਉਂਦੀਆਂ ਰੰਗ-ਬਰੰਗੀਆਂ ਰੌਸ਼ਨੀਆਂ ਤਾਂ ਬਹੁਤ ਹੀ ਸੋਹਣੀਆਂ ਲਗਦੀਆਂ ਨੇ। ਜੰਗਲ

ਵਿਚ ਤਾਂ ਰਾਤ ਨੂੰ ਜੁਗਨੂੰਆਂ ਦੀ ਚੁੰਨੀ-ਮੁੰਨੀ ਟਿਮਟਿਮਾਹਟ ਵਿਚ ਕੁਝ ਵੀ ਨਜ਼ਰ ਨਹੀਂ ਆਉਂਦਾ।"

"ਗੱਲ ਤਾਂ ਤੇਰੀ ਠੀਕ ਹੈ, ਪਰ ਅਸਾਂ ਜੰਗਲ ਵਾਸੀਆਂ ਲਈ ਜੰਗਲ ਹੀ ਸਵਰਗ ਹੈ।"

"ਕਿਤੇ ਅਜਿਹਾ ਤਾਂ ਨਹੀਂ ਕਿ ਕੋਈ ਸ਼ਹਿਰ ਗਿਆ ਹੀ ਨਾ ਹੋਵੇ ਤੇ ਐਵੇਂ ਹੀ ਬੈਠੇ-ਬਿਠਾਏ ਸੋਚਦੇ ਹੋਈਏ ਕਿ ਸ਼ਹਿਰ ਚੰਗਾ ਨਹੀਂ।" ਚਿੰਕੂ ਦੇ ਸ਼ੰਕਾਮਈ ਬੋਲ ਸਨ।

"ਨਹੀਂ! ਅਜਿਹੀ ਗੱਲ ਤਾਂ ਨਹੀਂ। ਕਦੇ-ਕਦੇ ਕੋਈ ਜੰਗਲ ਵਾਸੀ ਸ਼ਹਿਰ ਦਾ ਚੱਕਰ ਲਗਾ ਹੀ ਆਉਂਦਾ ਹੈ। ਪਰ ਹਰ ਵਾਰ ਬੁਰੀ ਖ਼ਬਰ ਹੀ ਮਿਲਦੀ ਹੈ ਸੁਣਨ ਲਈ...। ਮੇਰੀ ਤਾਂ ਭਲਾ ਉਮਰ ਹੀ ਨਹੀਂ ਰਹੀ ਲੰਬਾ ਸਫ਼ਰ ਕਰਨ ਦੀ ਹੁਣ। ਖ਼ੈਰ ਤੂੰ ਸੰਭਲ ਕੇ ਜਾਈ, ਦੇਖਦੇ ਹਾਂ ਤੂੰ ਕੀ ਖ਼ਬਰ ਲਿਆਂਦਾ ਹੈ।" ਮੋਤੀ ਨੇ ਚਿੰਕੂ ਦੀ ਪਿੱਠ ਥਪਥਪਾਉਂਦੇ ਹੋਏ ਕਿਹਾ।

"ਹਾਂ, ਚਾਚਾ! ਮੇਰੀ ਡਾਢੀ ਇੱਛਾ ਹੈ ਸ਼ਹਿਰ ਦਾ ਭੇਤ ਜਾਣਨ ਦੀ।"

"ਅੱਛਾ! ਲੈ ਫਿਰ ਜੰਗਲ ਦਾ ਕਿਨਾਰਾ ਤਾਂ ਆ ਵੀ ਗਿਆ। ਉਹ ਹੈ ਪਹਾੜੀ ਨਦੀ ਤੇ ਉਹ ਸਾਹਮਣੇ ਹੈ ਸ਼ਹਿਰ ਨੂੰ ਜਾਣ ਦਾ ਰਾਹ।" ਮੋਤੀ ਨੇ ਅਗਲੇ ਪੰਜੇ ਨੂੰ ਹਵਾ ਵਿਚ ਲਹਿਰਾ ਸ਼ਹਿਰ ਵੱਲ ਜਾਂਦੇ ਰਸਤੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ। "ਚੰਗਾ ਪੁੱਤਰ! ਅਲਵਿਦਾ। ਆਪਣਾ ਧਿਆਨ ਰੱਖੀਂ ਤੇ ਜਲਦੀ ਵਾਪਸ ਆਈਂ।"

"ਜੀ ਜ਼ਰੂਰ!........ਅਲਵਿਦਾ ਚਾਚਾ, ਫਿਰ ਮਿਲਾਂਗੇ!" ਕਹਿੰਦੇ ਹੋਏ ਚਿੰਕੂ ਨੇ ਨਦੀ ਉੱਤੇ ਬਣੇ ਪੁੱਲ ਵੱਲ ਛਲਾਂਗ ਲਗਾ ਦਿੱਤੀ।

ਕੁਝ ਪਲ ਲੱਕੜੀ ਦੇ ਪੁਲ ਉੱਪਰ ਖੜ੍ਹਾ ਉਹ ਨਦੀ ਦੀ ਕਲਕਲ ਦਾ ਰਸੀਲਾ ਸੰਗੀਤ ਸੁਣਦਾ ਰਿਹਾ। ਸਵੇਰ ਦੀ ਕੋਸੀ-ਕੋਸੀ ਧੁੱਪ ਵਿਚ, ਪਾਣੀ ਦੀ ਫੁਹਾਰ ਲੱਦੀ ਹਵਾ, ਉਸ ਦੀ ਸੋਹਣੀ ਚਿੱਟੀ ਡਰੈੱਸ ਨੂੰ ਗਿੱਲਾ ਕਰ ਗਈ। ਪੁਲ ਤੋਂ ਥੋੜ੍ਹੀ ਦੂਰ ਨਿੱਕੇ ਬੱਚੇ ਪਾਣੀ ਵਿਚ ਨਹਾ ਰਹੇ ਸਨ। ਉਹ ਆਪਣੀਆਂ ਚੁਲਬੁਲੀ ਖੇਡਾਂ ਨਾਲ ਪਾਣੀ ਦੇ ਛਿੱਟੇ ਦੂਰ-ਦੂਰ ਤਕ ਖਿੰਡਾ ਰਹੇ ਸਨ। ਇਸ ਅਜਬ ਨਜ਼ਾਰੇ ਦੇ ਅਨੰਦ ਵਿਚ ਗੜੂੰਦ ਚਿੰਕੂ ਕਿੰਨੀ ਹੀ ਦੇਰ ਉੱਥੇ ਹੀ ਖੜ੍ਹਾ ਰਿਹਾ।

ਅਚਾਨਕ ਹੀ ਸਾਹਮਣੀ ਕਾਲੀ ਪੱਟੀ (ਸੜਕ) ਉੱਤੇ ਜਾ ਰਹੇ ਮਸ਼ੀਨੀ ਦੈਂਤ ਦੀ ਖੜ-ਖੜ ਨੇ ਉਸ ਦਾ ਧਿਆਨ ਭੰਗ ਕਰ ਦਿੱਤਾ। ਤਦ ਹੀ ਉਸ ਨੂੰ ਆਪਣੀ ਸੈਰ ਦੀ ਅਗਲੀ ਮੰਜ਼ਿਲ ਵੱਲ ਵਧਣ ਦਾ ਖ਼ਿਆਲ ਆਇਆ।

ਜਿਵੇਂ ਹੀ ਉਸ ਨੇ ਲੱਕੜ ਦਾ ਪੁਲ ਪਾਰ ਕਰਕੇ ਕਾਲੀ ਸਖ਼ਤ ਜ਼ਮੀਨ (ਸੜਕ) ਉੱਤੇ ਆਪਣਾ ਸਫ਼ਰ ਸ਼ੁਰੂ ਕੀਤਾ ਤਾਂ ਉਸ ਦੇ ਨਾਜ਼ੁਕ ਪੈਰਾਂ ਵਿਚ ਤਿੱਖੀ ਚੁਭਨ ਮਹਿਸੂਸ ਹੋਣ ਲੱਗੀ।

"ਇੱਥੇ ਤਾਂ ਚੱਲਣ ਲਈ ਨਰਮ ਘਾਹ ਦਾ ਗੱਦਾ ਵੀ ਨਹੀਂ ਹੈ। ......ਖ਼ੈਰ ਕੁਝ ਨਵਾਂ ਜਾਣਨ ਲਈ ਥੋੜ੍ਹਾ ਕਸ਼ਟ ਤਾਂ ਸਹਿਣਾ ਹੀ ਹੋਵੇਗਾ।" ਉਸ ਨੇ ਖ਼ੁਦ ਨੂੰ ਧਰਵਾਸ ਦਿੱਤੀ।

ਸੂਰਜ ਦੀ ਤੇਜ਼ ਧੁੱਪ ਵਿਚ, ਕਾਲੀ ਸਖ਼ਤ ਜ਼ਮੀਨ ਉੱਤੇ ਤੇਜ਼-ਤੇਜ਼ ਚਲਦਿਆਂ, ਚਿੰਕੂ ਨੂੰ ਸਾਹ ਚੜ੍ਹ ਗਿਆ ਸੀ। ਉਸ ਨੇ ਆਲੇ-ਦੁਆਲੇ ਦੇਖਿਆ, "ਇੱਥੇ ਤਾਂ ਰੁੱਖ ਵੀ ਬਹੁਤ ਘੱਟ ਹੀ ਹਨ ਤੇ ਉਹ ਵੀ ਦੂਰ ਦੂਰ। ਭਲਾ ਇਸ ਤੇਜ਼ ਧੁੱਪ ਤੋਂ ਕਿਵੇਂ ਬਚਿਆ ਜਾਵੇ?" ਸੋਚਾਂ ਵਿਚ ਡੁੱਬਿਆ ਚਿੰਕੂ ਹੌਲੀ-ਹੌਲੀ ਅੱਗੇ ਵਧਦਾ ਜਾ ਰਿਹਾ ਸੀ।

ਅਗਲੇ ਹੀ ਪਲ, ਕੰਨਾਂ ਦੇ ਪਰਦੇ ਫਾੜ੍ਹਣ ਵਰਗੀ ਤਿੱਖੀ ਤੇ ਉੱਚੀ ਆਵਾਜ਼ ਨੇ ਉਸ ਨੂੰ ਡਰਾ ਦਿੱਤਾ।

"ਉਹ ਹੋ, ਇਹ ਕੀ?" ਗਰਮ ਤੇਜ਼ ਹਵਾ ਦੇ ਝੋਂਕੇ ਨੇ ਤਾਂ ਉਸ ਨੂੰ ਲੂਹ ਹੀ ਸੁੱਟਿਆ ਸੀ। ਉਹ ਸੜਕ ਨੇੜਲੇ ਡੂੰਘੇ ਟੋਏ ਵਿਚ ਛਾਲ ਮਾਰ ਮਸੀਂ ਬਚਿਆ। ਚਿੱਕੜ ਵਿਚ ਫਸੇ ਚਿੰਕੂ ਦੀ ਨਜ਼ਰ ਤਦ ਹੀ ਕਾਲਾ ਸਾਹ ਛੱਡਦੇ ਮਸ਼ੀਨੀ ਦੈਂਤ (ਟਰੱਕ) ਉੱਤੇ ਪਈ ਜੋ ਉਸ ਕੋਲੋਂ ਬੇਪਰਵਾਹੀ ਨਾਲ ਲੰਘ ਤੇਜ਼ੀ ਨਾਲ ਸ਼ਹਿਰ ਵੱਲ ਜਾ ਰਿਹਾ ਸੀ।

ਆਪਣੀ ਡਰੈੱਸ ਵੱਲ ਦੇਖ ਉਹ ਰੋਣਹਾਕਾ ਹੋ ਗਿਆ। ਉਸ ਦੀ ਦੁੱਧ-ਚਿੱਟੀ ਡਰੈੱਸ ਕਾਲਖ ਤੇ ਚਿੱਕੜ ਦੇ ਧੱਬਿਆਂ ਨਾਲ ਭਰੀ ਪਈ ਸੀ। "ਜੰਗਲ ਵਿਚ ਤਾਂ ਇੱਦਾਂ ਕਦੀ ਨਹੀਂ ਹੋਇਆ।" ਉਹ ਬੁੜਬੁੜਾਇਆ। "ਸ਼ਾਇਦ ਮੇਰੀ ਹੀ ਗ਼ਲਤੀ ਹੈ। ਮੈਂ ਬਿਨਾਂ ਸੋਚੇ ਸਮਝੇ ਛਾਲ ਜੂ ਮਾਰ ਦਿੱਤੀ ਸੀ।" ਉਸ ਨੇ ਖ਼ੁਦ ਨੂੰ ਹੌਂਸਲਾ ਦਿੱਤਾ।

ਦੁਬਾਰਾ ਸੜਕ ਉੱਤੇ ਆ, ਉਹ ਹੌਲੀ-ਹੌਲੀ ਸ਼ਹਿਰ ਵੱਲ ਵੱਧਣ ਲੱਗਾ। ਚਿੱਕੜ ਨਾਲ ਲੱਥਪੱਥ ਡਰੈੱਸ ਤੇਜ਼ ਧੁੱਪ ਵਿਚ ਠੰਡ ਦਾ ਅਹਿਸਾਸ ਦੇ ਰਹੀ ਸੀ। ਪਰ ਪੈਰਾਂ ਦੀ ਚੁਭਨ ਹੁਣ ਤੇਜ਼ ਦਰਦ ਦਾ ਰੂਪ ਧਾਰਨ ਕਰਦੀ ਜਾ ਰਹੀ ਸੀ।

ਜਲਦੀ ਹੀ ਉਸ ਨੇ ਪੈਦਲ ਚੱਲਣ ਦੀ ਮੁਸ਼ਕਿਲ ਦਾ ਹੱਲ ਵੀ ਲੱਭ ਲਿਆ।

ਕੁਝ ਦੂਰੀ ਉੱਤੇ, ਚਿੱਟਾ ਲਿਬਾਸ ਪਹਿਨੀ ਵੱਡੇ-ਵੱਡੇ ਦੋ ਜਨੌਰ, ਲੱਕੜ ਦੇ ਦੈਂਤ (ਗੱਡੇ) ਨੂੰ ਖਿੱਚੀ ਲਿਜਾ ਰਹੇ ਸਨ। ਦੈਂਤ ਦੀ ਪਿੱਠ ਉੱਤੇ ਸੁੱਖੇ ਘਾਹ (ਤੂੜੀ) ਦੀਆਂ ਪੰਡਾਂ ਲੱਦੀਆਂ ਹੋਈਆਂ ਸਨ ਤੇ ਉਹ ਘੀਂ-ਘੀਂ ਦੀ ਆਵਾਜ਼ ਪੈਦਾ ਕਰਦਾ ਹੌਲੀ-ਹੌਲੀ ਸ਼ਹਿਰ ਵੱਲ ਵਧਦਾ ਜਾ ਰਿਹਾ ਸੀ। ਦੈਂਤ ਦੇ ਕੋਲ ਪਹੁੰਚ ਚਿੰਕੂ ਨੇ ਉਸ ਦੀ ਪਿੱਠ ਉੱਤੇ ਚੜ੍ਹਨ ਲਈ ਛਲਾਂਗ ਲਗਾ ਦਿੱਤੀ। ਦੈਂਤ ਦੀ ਪਿੱਠ ਉੱਤੇ ਚੜ੍ਹ ਉਹ ਵੱਡੀ ਸਾਰੀ ਪੰਡ ਦੇ ਨੇੜੇ ਦੁਬਕ ਕੇ ਬੈਠ ਗਿਆ। ਧੁੱਪ ਤੋਂ ਬਚਾਅ ਵੀ ਹੋ ਗਿਆ ਸੀ ਅਤੇ ਸ਼ਹਿਰ ਦੀ ਸੈਰ ਦਾ ਨਜ਼ਾਰਾ ਵੀ ਦਿੱਖ ਰਿਹਾ ਸੀ, ਉਹ ਵੀ ਬੈਠੇ ਬਿਠਾਏ।

ਕੁਝ ਦੇਰ ਬਾਅਦ ਉਸ ਨੂੰ ਸੜਕ ਦੇ ਦੋਨੋਂ ਪਾਸੇ ਖੜੇ, ਸ਼ੀਸ਼ੇ ਦੀਆਂ ਅਨੇਕ ਅੱਖਾਂ ਵਾਲੇ ਉੱਚੇ-ਉੱਚੇ ਘਰੌਂਦੇ (ਇਮਾਰਤਾਂ) ਨਜ਼ਰ ਆਉਣ ਲੱਗੇ। ਰੰਗ-ਬਿਰੰਗੇ ਕੱਪੜੇ ਪਹਿਨੀ ਅਨੇਕ ਮਨੁੱਖ, ਇਨ੍ਹਾਂ ਘਰੌਂਦਿਆਂ ਦੇ ਪੈਰਾਂ ਕੋਲ, ਇੱਧਰ- ਉੱਧਰ ਘੁੰਮਦੇ ਹੋਏ ਅਜੀਬੋ ਗ਼ਰੀਬ ਹਰਕਤਾਂ ਕਰ ਰਹੇ ਸਨ। ਕਿਧਰੇ ਕੋਈ ਕੁਝ ਵੇਚ ਰਿਹਾ ਸੀ ਤੇ ਕਿਧਰੇ ਕੋਈ ਕੁਝ ਖ਼ਰੀਦ ਰਿਹਾ ਸੀ। ਕਿਧਰੇ ਕੋਈ ਸਿਰ ਉੱਪਰ ਕੁਝ ਚੁੱਕੀ ਜਾ ਰਿਹਾ ਸੀ। ਕੁਝ ਦੂਰੀ ਉੱਤੇ ਇਕ ਮੁਟਿਆਰ ਛੋਟੇ ਬੱਚੇ ਨੂੰ ਬੱਗੀ ਵਿਚ ਬਿਠਾ ਲਿਜਾ ਰਹੀ ਸੀ। ਕਈ ਮੁੰਡੇ-ਕੁੜੀਆਂ ਲੋਹੇ ਦੇ ਜਨੌਰਾਂ ਉੱਤੇ ਸਵਾਰ ਹੋ ਤੇਜ਼ੀ ਨਾਲ ਇੱਧਰ ਉੱਧਰ ਆ-ਜਾ ਰਹੇ ਸਨ।

ਜਿਵੇਂ ਹੀ ਲੱਕੜ ਦਾ ਦੈਂਤ (ਬੈਲ-ਗੱਡੀ) ਅੱਗੇ ਵਧਿਆ ਤਾਂ ਕੱਚ ਦੀਆਂ ਕੰਧਾਂ ਵਾਲੇ ਘਰੌਂਦਿਆਂ ਅੰਦਰ ਅਜੀਬ ਕਿਸਮ ਦੇ ਜਾਨਵਰ ਤੇ ਖਿਡੌਣੇ ਬੰਦ ਪਏ ਨਜ਼ਰੀਂ ਪਏ। ਜਲਦੀ ਹੀ ਕਈ ਵੱਡੇ-ਵੱਡੇ ਮਸ਼ੀਨੀ ਦੈਂਤ ਕਾਲਾ ਧੂੰਆਂ ਛੱਡਦੇ ਦਿਖਾਈ ਦੇਣ ਲੱਗੇ। ਸ਼ਾਇਦ ਇਹ ਬੱਸਾਂ, ਤੇ ਟਰੱਕ ਸਨ। ਸਾਹਮਣੇ ਨਜ਼ਰ ਆ ਰਹੇ ਉੱਚ-ਲੰਮੇ ਦੈਂਤ ਦੇ ਸਿਰ ਵਿਚੋਂ ਨਿਕਲ ਰਹੇ ਪੀਲੇ-ਭੂਰੇ ਧੂੰਏ ਦਾ ਬੱਦਲ ਅਸਮਾਨ ਤੱਕ ਫੈਲਿਆ ਨਜ਼ਰ ਆ ਰਿਹਾ ਸੀ। ਤਦ ਹੀ ਉਸ ਨੂੰ ਮੋਤੀ ਚਾਚਾ ਦੀ ਦੱਸੀ ਗੱਲ ਯਾਦ ਆ ਗਈ। "ਇਹ ਜ਼ਰੂਰ ਕਿਸੇ ਕਾਰਖ਼ਾਨੇ ਦੀ ਚਿਮਨੀ ਹੋਵੇਗੀ।" ਉਹ ਬੁੜਬੁੜਾਇਆ।

ਦਿਨ ਭਰ ਵੰਨ-ਸੁਵੰਨੇ ਨਜ਼ਾਰੇ ਦੇਖਦਾ, ਹੁਣ ਉਹ ਥੱਕ ਚੁੱਕਾ ਸੀ। ਬੈਲ-ਗੱਡੀ ਦੇ ਹਲਕੇ-ਹਲਕੇ ਹਿਚਕੋਲਿਆਂ ਨੇ ਉਸ ਨੂੰ ਗਹਿਰੀ ਨੀਂਦ ਸੁਆ ਦਿੱਤਾ। ਜਦ ਉਸ ਦੀ ਅੱਖ ਖੁੱਲ੍ਹੀ ਤਾਂ ਦਿਨ ਕਾਫ਼ੀ ਢਲ ਚੁੱਕਾ ਸੀ। ਦੂਰ ਅੰਬਰ ਵਿਚ ਫੈਲੀ ਸੂਰਜ ਦੀ ਲਾਲੀ ਸ਼ਾਮ ਹੋਣ ਦੀ ਦੱਸ ਪਾ ਰਹੀ ਸੀ। ਹਵਾ ਦੇ ਤੇਜ਼ ਬੁੱਲੇ ਅਸਮਾਨ ਨੂੰ ਕਾਲੇ-ਕਾਲੇ ਬੱਦਲਾਂ ਨਾਲ ਢਕਦੇ ਜਾ ਰਹੇ ਸਨ।

ਹੁਣ ਉਸ ਨੂੰ ਭੁੱਖ ਨੇ ਸਤਾਉਣਾ ਸ਼ੁਰੂ ਕਰ ਦਿੱਤਾ ਸੀ। ਹੌਲੀ-ਹੌਲੀ ਅੱਗੇ ਵੱਲ ਸਰਕਦੇ ਹੋਏ ਉਸ ਨੇ ਦੇਖਿਆ ਕਿ ਬੈਲ-ਗੱਡੀ ਦੇ ਚਾਲਕ ਦੇ ਠੀਕ ਪਿੱਛੇ ਸੁੱਕੇ ਘਾਹ ਦੀ ਪੰਡ ਪਈ ਸੀ। ਚਿੰਕੂ ਨੇ ਪੰਡ ਕੋਲ ਪਹੁੰਚ ਘਾਹ ਦੇ ਤਿਣਕਿਆਂ ਨੂੰ ਚਬਾਉਣਾ ਸ਼ੁਰੂ ਕਰ ਦਿੱਤਾ। ਡਾਢੀ ਭੁੱਖ ਕਾਰਨ ਉਸ ਨੂੰ ਸੁੱਕਾ ਘਾਹ ਵੀ ਸਵਾਦ ਲਗ ਰਿਹਾ ਸੀ। ਭੁੱਖ ਤੋਂ ਰਾਹਤ ਮਿਲਦਿਆਂ ਹੀ ਉਸ ਨੂੰ ਸੁੱਖ ਦਾ ਅਹਿਸਾਸ ਹੋਇਆ।

ਉਸ ਨੇ ਆਪਣੇ ਆਲੇ-ਦੁਆਲੇ ਨਜ਼ਰ ਦੌੜਾਈ, ਸ਼ਾਮ ਦਾ ਘੁਸਮੁਸਾ ਹਰ ਪਾਸੇ ਫੈਲਦਾ ਜਾ ਰਿਹਾ ਸੀ। ਤਦ ਹੀ ਚਿੰਕੂ ਨੂੰ ਯਾਦ ਆਇਆ, ਘਰ ਤੋਂ ਤੁਰਨ ਵੇਲੇ ਮਾਂ ਨੇ ਜਲਦੀ ਘਰ ਮੁੜਨ ਦੀ ਤਾਕੀਦ ਕੀਤੀ ਸੀ ਤੇ ਹੁਣ ਤਾਂ ਉਹ ਖ਼ੁਦ ਨੂੰ ਇਕੱਲਾ-ਇਕੱਲਾ ਵੀ ਮਹਿਸੂਸ ਕਰ ਰਿਹਾ ਸੀ। ਗੱਲਬਾਤ ਕਰਨ ਲਈ ਕੋਈ ਸਾਥੀ ਵੀ ਨਹੀਂ ਸੀ ਉਸ ਕੋਲ......ਤੇ ਹਾਂ! ਮੋਤੀ ਚਾਚਾ ਨੇ ਜੰਗਲ ਦੇ ਕਿਨਾਰੇ ਉਸ ਦੀ ਉਡੀਕ ਕਰਨ ਦਾ ਵਾਅਦਾ ਵੀ ਤਾਂ ਕੀਤਾ ਸੀ।" ਚਿੰਕੂ ਦੇ ਮਨ ਵਿਚ ਵਿਚਾਰਾਂ ਦੀ ਉਥਲ-ਪੁਥਲ ਚੱਲ ਰਹੀ ਸੀ। "ਹੁਣ ਵਾਪਸ ਮੁੜਨਾ ਹੀ ਠੀਕ ਹੈ, "ਅੱਜ ਲਈ ਇੰਨਾ ਹੀ ਕਾਫ਼ੀ ਹੈ।" ਉਸ ਸੋਚਿਆ।

"ਸ਼ਹਿਰ ਦੀਆਂ ਸਖ਼ਤ ਕਾਲੀਆਂ ਪਗਡੰਡੀਆਂ (ਸੜਕਾਂ), ਧੂੜ ਤੇ ਧੂੰਏਂ ਲੱਦੀ ਹਵਾ, ਕਾਲੇ-ਪੀਲੇ ਬੱਦਲਾਂ ਨਾਲ ਢਕਿਆ ਆਸਮਾਨ, ਕੰਨ-ਪੜਾਵਾਂ ਸ਼ੋਰ ਗੁੱਲ, ਮਸ਼ੀਨੀ ਦੈਂਤਾ ਤੇ ਮਨੁੱਖਾਂ ਦਾ ਭੀੜ-ਭੜੱਕਾ। ਇਸ ਦੇ ਤਾਂ ਠੀਕ ਉਲਟ ਹੈ ਜੰਗਲ ਦੀ ਨਿਰਮਲ ਹਵਾ, ਸਫ਼ੈਦ ਬੱਦਲਾਂ ਨਾਲ ਸਜਿਆ ਨੀਲਾ ਅੰਬਰ, ਨਰਮ-ਨਰਮ ਘਾਹ ਵਾਲੀਆਂ ਪਗਡੰਡੀਆਂ ਤੇ ਰੁੱਖਾਂ ਦੀ ਠੰਡੀ-ਮਿੱਠੀ ਛਾਂ। ਬਹੁਤ ਫ਼ਰਕ ਹੈ ਜੰਗਲ ਤੇ ਸ਼ਹਿਰ ਵਿਚ......ਤੇ ਹਾਂ......ਰਾਤ ਨੂੰ ਨਜ਼ਰ ਆਉਂਦੀਆਂ ਉਹ ਮਨ-ਲੁਭਾਈਆਂ ਰੰਗ-ਬਰੰਗੀਆਂ ਰੋਸ਼ਨੀਆਂ ਤਾਂ ਦਿਨ ਵਿਚ ਕਿਧਰੇ ਵੀ

ਨਜ਼ਰ ਨਹੀਂ ਆਈਆਂ। ਸ਼ਾਇਦ ਸ਼ਹਿਰ-ਵਾਸੀਆਂ ਦਾ ਭੋਲੇ-ਭਾਲੇ ਜੀਵਾਂ ਨੂੰ ਮੋਹਿਤ ਕਰਨ ਦਾ ਅਨੋਖਾ ਢੰਗ ਹੈ ਇਹ।" ਉਸ ਸੋਚਿਆ।

"ਚਲੋ! ਵਾਪਸ ਹੀ ਚਲਦੇ ਹਾਂ।" ਤੇ ਉਸ ਨੇ ਫ਼ੈਸਲਾ ਕਰ ਹੀ ਲਿਆ।

ਉਸ ਨੇ ਬੈਲ-ਗੱਡੀ ਤੋਂ ਛਲਾਂਗ ਲਗਾਈ ਤੇ ਤੇਜ਼ੀ ਨਾਲ ਸੜਕ ਕਿਨਾਰੇ ਉੱਗੀਆਂ ਝਾੜੀਆਂ ਵਿਚ ਜਾ ਛੁਪਿਆ। ਉਸ ਦੀ ਡਰੈੱਸ ਉੱਤੇ ਲੱਗਾ ਚਿੱਕੜ ਹੁਣ ਤਕ ਸੁੱਕ ਚੁੱਕਾ ਸੀ। ਇਸੇ ਕਾਰਨ ਚੱਲਣਾ ਔਖਾ ਲੱਗ ਰਿਹਾ ਸੀ। ਰਾਤ ਪੈਣ ਤੋਂ ਪਹਿਲਾਂ ਵਾਪਸ ਘਰ ਪੁੱਜਣਾ ਵੀ ਜ਼ਰੂਰੀ ਸੀ। ਬੇਸ਼ੱਕ ਹੁਣ ਦਿਨ ਵਾਂਗ ਤੇਜ਼ ਧੁੱਪ ਤਾਂ ਨਹੀਂ ਸੀ ਪਰ ਤਪੀ ਹੋਈ ਕਾਲੀ ਸਖ਼ਤ ਜ਼ਮੀਨ ਡਾਹਢਾ ਸੇਕ ਛੱਡ ਰਹੀ ਸੀ। ਚੱਲਣਾ ਬਹੁਤ ਔਖਾ ਲੱਗ ਰਿਹਾ ਸੀ। ਉਹ ਕਾਲੀ ਸਖ਼ਤ ਜ਼ਮੀਨ ਵਾਲਾ ਰਾਹ ਛੱਡ ਕੱਚੀ ਪਗਡੰਡੀ ਉੱਤੇ ਚੱਲ ਪਿਆ।

ਉਸ ਨੇ ਦੇਖਿਆ ਅਸਮਾਨ ਸਲੇਟੀ ਬੱਦਲਾਂ ਨਾਲ ਢੱਕਦਾ ਜਾ ਰਿਹਾ ਸੀ। ਠੰਡੀ ਹਵਾ ਹੌਲੀ-ਹੌਲੀ ਚੱਲਣ ਲੱਗ ਪਈ ਸੀ ਜਿਵੇਂ ਹੀ ਉਹ ਜੰਗਲ ਵੱਲ ਜਾਂਦੇ ਰਾਹ ਵੱਲ ਤੇਜ਼ੀ ਨਾਲ ਫੁਦਕਿਆ ਤਾਂ ਪਤਾ ਨਹੀਂ ਕਿਧਰੋਂ ਖ਼ੂੰਖ਼ਾਰ ਕੁੱਤਿਆਂ ਦਾ ਟੋਲਾ ਉਸਦੇ ਪਿੱਛੇ ਪੈ ਗਿਆ।

ਡਰਦੇ ਮਾਰੇ ਚਿੰਕੂ ਨੇ ਬਿਨਾਂ ਇੱਧਰ-ਉੱਧਰ ਦੇਖੇ ਸਾਹਮਣੇ ਨਜ਼ਰ ਆ ਰਹੀ ਕਾਲੀ ਨਦੀ ਵਿਚ ਛਾਲ ਮਾਰ ਦਿੱਤੀ। ਪਰ ਇਹ ਕੀ ... ਉਹ ਤਾਂ ਬੋਅ ਮਾਰਦੀ ਕਾਲੀ ਗ਼ਰਕਣ ਵਿਚ ਬੁਰੀ ਤਰ੍ਹਾਂ ਫਸ ਗਿਆ ਸੀ। ਤੇ ਉਹ ਵੀ ਗਲੇ ਤੱਕ।

ਜਾਂ ਤਾਂ ਉਸ ਦਾ ਕਾਲਾ ਕਲੂਟਾ ਰੂਪ ਦੇਖ ਤੇ ਜਾਂ ਫਿਰ ਕਾਲੀ ਗ਼ਰਕਣ ਤੋਂ ਪਹਿਲਾਂ ਹੀ ਵਾਕਫ਼ ਹੋਣ ਕਾਰਨ ਸ਼ਾਇਦ ਕੁੱਤੇ ਵੀ ਡਰ ਗਏ ਸਨ। ਜੋ ਉਹ ਉਸ ਦੇ ਨੇੜੇ ਨਾ ਆਏ। ਕਿੰਨੀ ਹੀ ਦੇਰ ਉਹ ਠੰਡ ਤੇ ਡਰ ਨਾਲ ਕੰਬਦਾ ਉੱਥੇ ਹੀ ਬੈਠਾ ਰਿਹਾ। ਕੁਝ ਦੇਰ ਤਕ ਭੁੱਖੜ ਕੁੱਤਿਆਂ ਦੀ ਟੋਲੀ ਉਸ ਦੇ ਗਰਕਣ ’ਚੋਂ ਬਾਹਰ ਆਉਣ ਦੀ ਉਡੀਕ ਕਰਦੀ ਰਹੀ, ਪਰ ਚਿੰਕੂ ਨੂੰ ਆਪਣੀ ਥਾਂ ਤੋਂ ਹਿੱਲਦਾ ਨਾ ਦੇਖ ਅੱਕ ਕੇ ਉਹ ਆਪਣੇ ਖਾਜੇ ਦੀ ਤਲਾਸ਼ ਵਿਚ ਕਿਧਰੇ ਹੋਰ ਨਿਕਲ ਤੁਰੇ। "ਜ਼ਰੂਰ ਚਿੱਕੜ ਵਿਚ ਖੁੱਭ ਜਾਣ ਤੋਂ ਡਰਦੇ ਮਾਰੇ ਉਹ ਚਲੇ ਗਏ ਹੋਣਗੇ ਜਾਂ ਫਿਰ ਬਦਬੂ ਨੇ ਉਨ੍ਹਾਂ ਦੀ ਮੱਤ ਹੀ ਮਾਰ ਦਿੱਤੀ ਹੋਣੀ ਹੈ।" ਚਿੰਕੂ ਦਾ ਖ਼ਿਆਲ ਸੀ। "ਇੱਥੇ ਤਾਂ ਸ਼ਹਿਰ ਦੇ ਲੋਕਾਂ ਨੇ ਆਪਣੇ ਘਰਾਂ ਦਾ ਗੰਦ-ਮਾਲ ਤੇ ਕੂੜਾ-ਕਬਾੜਾ ਨਦੀ ਵਿਚ ਸੁੱਟ ਇਸ ਦੇ ਪਾਣੀਆਂ ਨੂੰ ਗ਼ਰਕਣ ਵਿਚ ਹੀ ਬਦਲ ਦਿੱਤਾ ਹੈ ਤੇ ਮੇਰੀ ਮਾੜੀ ਕਿਸਮਤ ਕਿ ਮੈਂ ਇਸ ਵਿਚ ਫਸ ਗਿਆ ਹਾਂ। ਖ਼ੈਰ ਸ਼ੁਕਰ ਹੈ ਕਿ ਜਾਨ ਤਾਂ ਬਚੀ। ਪਰ ਇਹ ਬਦਬੂ ਨਾਲ ਤਾਂ ਸਾਹ ਹੀ ਘੁੱਟਦਾ ਜਾ ਰਿਹਾ ਹੈ, ਕਿਵੇਂ ਨਿਕਲਾਂ ਇੱਥੋਂ?" ਚਿੰਕੂ ਸੋਚਾਂ ਵਿਚ ਗ਼ਲਤਾਨ ਸੀ।

ਜਲਦੀ ਹੀ ਉਸ ਨੂੰ ਗ਼ਰਕਣ ਵਿਚੋਂ ਨਿਕਲਣ ਬਾਰੇ ਮੋਤੀ ਚਾਚਾ ਦਾ ਦੱਸਿਆ ਨੁਸਖ਼ਾ ਯਾਦ ਆ ਗਿਆ ਤੇ ਉਸ ਨੇ ਖ਼ੁਦ ਨੂੰ ਗ਼ਰਕਣ ਦੇ ਰਹਿਮੋ ਕਰਮ ਉੱਤੇ ਢਿੱਲਾ ਛੱਡ ਦਿੱਤਾ ਤੇ ਫਿਰ ਕਾਲੇ ਗਾਰੇ ਦੇ ਦੈਂਤ ਨੇ ਜਿਵੇਂ ਉਸ ਦੀਆਂ ਪਿਛਲੀਆਂ ਲੱਤਾਂ ਨੂੰ ਹੌਲੀ-ਹੌਲੀ ਉੱਪਰ ਵੱਲ ਧੱਕਣਾ ਸ਼ੁਰੂ ਕਰ ਦਿੱਤਾ। ਕੁਝ ਦੇਰ ਬਾਅਦ ਉਸ ਨੇ ਖ਼ੁਦ ਨੂੰ ਗਾਰੇ ਦੀ ਸਤਹਿ ਉੱਤੇ ਲੇਟਿਆ ਮਹਿਸੂਸ ਕੀਤਾ। ਮੋਤੀ ਚਾਚਾ ਦੇ ਦੱਸੇ ਅਨੁਸਾਰ ਉਹ ਹੌਲੀ-ਹੌਲੀ ਲਗਾਤਾਰ ਪਲਸੇਟੇ ਮਾਰਦਾ ਗ਼ਰਕਣ ਦੇ ਕਿਨਾਰੇ ਤੱਕ ਪਹੁੰਚ ਹੀ ਗਿਆ। ਪਰ ਇਹ ਕੀ ਗ਼ਰਕਣ ਤੋਂ ਛੁਟਕਾਰਾ ਤਾਂ ਮਿਲ ਗਿਆ ਸੀ ਪਰ ਕਾਲੇ ਗਾਰੇ ਨੇ ਉਸ ਦੀ ਡਰੈੱਸ ਦਾ ਤਾਂ ਕਬਾੜਾ ਹੀ ਕਰ ਦਿੱਤਾ ਸੀ। ਹੋਰ ਤਾਂ ਹੋਰ ਬਦਬੂ ਚਾਰੇ ਪਾਸੇ ਹੀ ਫੈਲੀ ਲੱਗ ਰਹੀ ਸੀ। ਆਪਣੀ ਕਾਲੀ ਕਲੂਟੀ ਸੂਰਤ ਦੇਖ ਉਸ ਦਾ ਤਾਂ ਰੋਣ ਹੀ ਨਿਕਲ ਗਿਆ।

"ਉਸ ਦੇ ਦੋਸਤ ਕੀ ਕਹਿਣਗੇ? ......ਮੰਮੀ ਤਾਂ ਜ਼ਰੂਰ ਉਸ ਨੂੰ ਡਾਟੇਂਗੀ। ਪਰ ਕੀਤਾ ਕੀ ਜਾ ਸਕਦਾ ਹੈ? ਘਰ ਵਾਪਸ ਜਾਣਾ ਵੀ ਜ਼ਰੂਰੀ ਹੈ।" ਸੋਚ-ਸੋਚ ਕੇ ਚਿੰਕੂ ਪਰੇਸ਼ਾਨ ਸੀ।

ਉਦਾਸ-ਉਦਾਸ ਤੇ ਥੱਕੇ-ਟੁੱਟੇ ਕਦਮੀ ਜਿਵੇਂ ਹੀ ਉਹ ਨਦੀ ਉੱਤੇ ਬਣੇ ਲੱਕੜੀ ਦੇ ਪੁਲ ਕੋਲ ਪਹੁੰਚਿਆ ਤਾਂ ਮੀਂਹ ਦੀ ਤੇਜ਼ ਵਾਛੜ ਨੇ ਉਸ ਨੂੰ ਘੇਰ ਲਿਆ। ਮੀਂਹ ਤੋਂ ਬਚਾ ਲਈ ਉਹ ਨਦੀ ਕੰਢੇ ਉੱਗੀਆਂ ਝਾੜੀਆਂ ਹੇਠ ਜਾ ਦੁਬਕਿਆ। ਠੰਡੀ ਹਵਾ ਦੀਆਂ ਤੇਜ਼ ਲਹਿਰਾਂ ਉਸ ਦੇ ਸਰੀਰ ਨੂੰ ਚੀਰਦੀਆਂ ਜਾ ਰਹੀਆਂ ਸਨ। ਪਰ ਸ਼ੁਕਰ ਹੈ, ਜਿੰਨੀ ਤੇਜ਼ੀ ਨਾਲ ਮੀਂਹ ਸ਼ੁਰੂ ਹੋਇਆ ਸੀ ਉਨੀ ਹੀ ਜਲਦੀ ਉਹ ਬੰਦ ਵੀ ਹੋ ਗਿਆ।

ਚਿੰਕੂ ਨੇ ਝਾੜੀ ਹੇਠੋਂ ਨਿਕਲ, ਜੰਗਲ ਵੱਲ ਜਾ ਰਹੇ

ਰਾਹ ਉੱਤੇ ਬਣੇ ਪੁਲ ਵੱਲ ਛਲਾਂਗ ਲਗਾ ਦਿੱਤੀ। ਦੂਰ ਪਰ੍ਹੇ ਸੂਰਜ ਆਖ਼ਰੀ ਕਿਰਨਾਂ ਖਿਲਾਰਦਾ ਸ਼ਾਮ ਦੇ ਘੁਸਮੁਸੇ ਵਿਚ ਗ਼ਾਇਬ ਹੁੰਦਾ ਜਾ ਰਿਹਾ ਸੀ। ਸਾਹਮਣੇ ਨਜ਼ਰ ਆ ਰਹੇ ਉੱਚੇ-ਲੰਮੇ ਤੇ ਹਰੇ-ਭਰੇ ਰੁੱਖ ਦੇਖ ਚਿੰਕੂ ਦੀਆਂ ਅੱਖਾਂ ਵਿਚ ਖ਼ੁਸ਼ੀ ਭਰੀ ਚਮਕ ਆ ਗਈ। ਉਸ ਨੂੰ ਜਾਪਿਆ ਜਿਵੇਂ ਜੰਗਲ ਉਸ ਨੂੰ ਬੁਲਾ ਰਿਹਾ ਸੀ। ਉਸ ਦੀ ਉਦਾਸੀ ਹੁਣ ਉੱਡਣ-ਛੂ ਹੋ ਚੁੱਕੀ ਸੀ। ਤਦ ਹੀ ਉਸ ਨੂੰ ਖ਼ਿਆਲ ਆਇਆ, "ਉਹ ਹੋ! ਇਹ ਬਦਬੂ ਕਿੱਥੇ ਗਈ? ਮੇਰੀ ਡਰੈੱਸ ਵੀ ਤਾਂ ਨਿੱਖਰ ਗਈ ਹੈ ...... ਬਿਲਕੁਲ ਨਵੀਂ-ਨਕੋਰ। ਵਾਹ! ਵਾਹ! ਮੀਂਹ ਦੀ ਤੇਜ਼ ਵਾਛੜ ਨੇ ਤਾਂ ਕਮਾਲ ਹੀ ਕਰ ਦਿੱਤਾ। ਹੁਣ ਤਾਂ ਦੋਸਤਾਂ ਵਿਚ ਮੇਰੀ ਠੁੱਕ ਬਣੀ ਰਹੇਗੀ। ਵਾਹ ਵਾਹ! ਬੱਦਲ ਚਾਚਾ! ਬਹੁਤ-ਬਹੁਤ ਧੰਨਵਾਦ।" ਚਿੰਕੂ ਖ਼ੁਸ਼ੀ ਨਾਲ ਚਹਿਕ ਰਿਹਾ ਸੀ।

"ਮੋਤੀ ਚਾਚਾ! ਮੈਂ ਆ ਗਿਆ।" ਜੰਗਲ ਵੱਲ ਜਾ ਰਹੀ ਪਗਡੰਡੀ ਉੱਤੇ ਪੈਰ ਰੱਖਦਿਆਂ ਹੀ ਉੱਚੀ ਆਵਾਜ਼ ਵਿਚ ਚਿੰਕੂ ਦੇ ਖ਼ੁਸ਼ੀ ਭਰੇ ਬੋਲ ਸਨ।

"ਵਾਹ ਪੁੱਤਰ! ਤੂੰ ਤਾਂ ਕਮਾਲ ਕਰ ਦਿੱਤਾ।" ਮੋਤੀ ਨੇ ਚਿੰਕੂ ਦੀ ਪਿੱਠ ਥਪਥਪਾਉਂਦੇ ਹੋਏ ਕਿਹਾ, "ਤੂੰ ਤਾਂ ਬਿਲਕੁਲ ਨਵਾਂ ਨਕੋਰ ਬਣ ਕੇ ਆਇਆ ਹੈ ਸ਼ਹਿਰ ਦੀ ਸੈਰ ਤੋਂ।"

"ਹਾਂ, ਚਾਚਾ!" ਚਿੰਕੂ ਨੇ ਅੱਖਾਂ ਮਟਕਾਉਂਦੇ ਹੋਏ ਕਿਹਾ। ਮਨ ਹੀ ਮਨ ਉਸ ਨੇ ਸ਼ੁਕਰ ਕੀਤਾ ਕਿ ਚਾਚਾ ਨੂੰ ਉਸ ਦੀ ਪ੍ਰੇਸ਼ਾਨੀ ਦਾ ਪਤਾ ਨਹੀਂ ਸੀ ਲੱਗਿਆ।

"ਤਾਂ ਫਿਰ ਕਿਵੇਂ ਰਹੀ ਤੇਰੀ ਸੈਰ?" ਘਰ ਵੱਲ ਜਾਂਦਿਆਂ ਮੋਤੀ ਨੇ ਪੁੱਛਿਆ।

"ਚਾਚਾ! ਅੱਜ ਤਾਂ ਬਹੁਤ ਥੱਕ ਗਿਆ ਹਾਂ, ਕੱਲ੍ਹ ਨੂੰ ਸਭ ਕੁਝ ਦੱਸਾਂਗਾ। ਹੁਣ ਤਾਂ ਘਰ ਪਹੁੰਚ ਲੰਮੀ ਤਾਣ ਕੇ ਸੌਣ ਦਾ ਇਰਾਦਾ ਹੈ।"

"ਗੱਲ ਤਾਂ ਤੇਰੀ ਠੀਕ ਹੈ। ਪਰ ਕੁਝ ਪਤਾ ਤਾਂ ਲੱਗੇ।"

"ਬੱਸ ਚਾਚਾ! ਸੱਚ ਤਾਂ ਇਹ ਹੈ ਕਿ ਜੰਗਲ-ਜੰਗਲ ਹੈ ਤੇ ਸ਼ਹਿਰ-ਸ਼ਹਿਰ। ਸਾਡੇ ਸਭ ਲਈ ਜੰਗਲ ਹੀ ਸਵਰਗ ਹੈ...... ਕੁਦਰਤ ਦੀਆਂ ਵੰਨ-ਸੁਵੰਨੀਆਂ ਦਾਤਾਂ ਨਾਲ ਹਰਿਆ-ਭਰਿਆ ਜੰਗਲ। ਆਪਣੀਆਂ ਰੰਗ-ਬਰੰਗੀਆਂ ਰੌਸ਼ਨੀਆਂ ਅਤੇ ਚੰਗੇ-ਮਾੜੇ ਵਰਤਾਰਿਆਂ ਨਾਲ ਭਰਪੂਰ ਸ਼ਹਿਰ ਮਨੁੱਖਾਂ ਨੂੰ ਹੀ ਮੁਬਾਰਕ! ਚਿੰਕੂ ਦੇ ਨਿਰਣਾਕਾਰੀ ਬੋਲ ਸਨ।

ਮਿਸ਼ੀਸਾਗਾ, ਕੈਨੇਡਾ

## ਗ਼ਜ਼ਲ

ਡਾ. ਨਿਸ਼ਾਨ ਸਿੰਘ ਰਾਠੌਰ



"ਉਹ ਜੋ ਰਹਿੰਦੇ ਸਦਾ ਨੇ ਵਿੱਚ ਮਕਾਨਾਂ ਦੇ।
ਕੀ ਜਾਨਣ ਉਹ ਦਰਦ ਸੁੰਨੇ ਸ਼ਮਸ਼ਾਨਾਂ ਦੇ।

ਇਸ਼ਕ ਚ ਜਿਹੜੇ ਦਰਦ ਹੰਢਾਉਂਦੇ ਬਿਰਹਾ ਦੇ,
ਓਹਨਾਂ ਦੇ ਲਈ ਕੁਝ ਨਹੀਂ ਫ਼ੱਟ ਕਰਪਾਨਾਂ ਦੇ।

ਜਿਹੜੇ ਡਰਦੇ ਤੁਰ ਜਾਵਣ ਇਸ ਦੁਨੀਆਂ ਤੋਂ,
ਕੀ ਉਹਨਾਂ ਮੂੰਹ ਮੋੜ ਦੇਣੇ ਤੂਫ਼ਾਨਾਂ ਦੇ।

ਬਸਤੀ ਕਹਿੰਦੇ ਕਦੇ ਸੀ ਏਹ ਇਨਸਾਨਾਂ ਦੀ,
ਅੱਜ ਕੱਲ ਦਰਸ਼ਨ ਹੁੰਦੇ ਨਿਰੇ ਹੈਵਾਨਾਂ ਦੇ।"

ਭਗਵਾਨ ਨਗਰ ਕਾਲੋਨੀ, ਪਿੱਪਲੀ
ਜ਼ਿਲ੍ਹਾ ਕੁਰੂਕਸ਼ੇਤਰ (ਹਰਿਆਣਾ)
90414-98009

## 'ਇਹ ਸਦੀ ਵੀ ਤੇਰੇ ਨਾਉਂ' ਛਿੰਦਰ ਕੌਰ 'ਸਿਰਸਾ' ਦੁਆਰਾ ਰਚਿਤ ਕਾਵਿ ਸੰਗ੍ਰਹਿ ਵਿਚਲੀਆਂ ਵਿਭਿੰਨ ਥੀਮਕ ਕਾਵਿ-ਸੁਰਾਂ ਦਾ ਅਧਿਐਨ

ਡਾ. ਗੁਰਪ੍ਰੀਤ ਕੌਰ 'ਗਿੱਲ'



1 ਨਵੰਬਰ, 1966 ਨੂੰ ਜਦ ਹਰਿਆਣਾ ਰਾਜ ਹੋਂਦ ਵਿਚ ਆਇਆ, ਤਾਂ ਇਸ ਰਾਜ ਵਿਚਲੇ ਜੀਆਂ ਨੇ ਪਹਿਲਾਂ ਪਹਿਲ ਪੈਰ ਜਮਾਉਣ ਦਾ ਯਤਨ ਕੀਤਾ, ਤੇ ਫਿਰ ਵੱਡੀ ਘਾਲਣਾ ਘਾਲ ਵਿਕਾਸ ਦੀ ਪੌੜੀ ਤੇ ਪੈਰ ਰੱਖਣੇ ਸ਼ੁਰੂ ਕੀਤੇ। ਇਹ ਵਿਕਾਸ ਦੀ ਪੁਲਾਂਘ ਹਰ ਖ਼ੇਤਰ ਵਿੱਚ ਹੀ ਨਜ਼ਰੀ ਪੈਣ ਲੱਗੀ। ਇੱਥੇ ਵੱਸਦੇ ਪੰਜਾਬੀ ਪਿਆਰਿਆਂ ਨੇ ਆਪਣੀ 'ਮਾਂ-ਬੋਲੀ' ਪੰਜਾਬੀ ਨਾਲ ਜੁੜਨਾ, ਉਸ ਨੂੰ ਸਤਿਕਾਰ ਦੇਣਾ ਉਹਨੂੰ ਕੀਤਾ ਤੇ ਫਿਰ ਹੌਲੀ-ਹੌਲੀ ਪੁੱਟਿਆ ਕਦਮ ਅੱਜ ਹਰਿਆਣਾ ਵਿਚ ਆਪਣੀਆਂ ਜੜ੍ਹਾਂ ਚੰਗੀਆਂ ਮਜ਼ਬੂਤ ਕਰ ਚੁਕਾ ਹੈ।

ਸਾਹਿਤ ਤੇ ਜੀਵਨ ਦਾ ਗਹਿਰਾ ਨਾਤਾ ਹੈ। ਇਹ ਮਨੁੱਖ ਵਿੱਚ ਭਾਵਨਾਵਾਂ ਜਗਾਉਂਦਾ ਹੈ ਤੇ ਇਹ ਭਾਵਨਾਵਾਂ ਮਨੁੱਖ ਨੂੰ ਜ਼ਿੰਦਗੀ ਜਿਊਣ ਲਾਇਕ ਬਣਾਉਂਦੀਆਂ ਹਨ। ਪੰਜਾਬੀਆਂ ਨੇ ਸਦਾ ਹੀ 'ਮਾਂ-ਬੋਲੀ' ਦੀ ਖ਼ੈਰ ਮੰਗੀ ਹੈ। ਆਪਣੇ ਮਨ ਵਿਚਲੇ ਪਿਆਰ/ਸਤਿਕਾਰ ਨੂੰ ਉਨ੍ਹਾਂ ਨੇ ਆਪਣੀ ਸਿਰਜਣਾ ਰਾਹੀਂ, ਭਾਵੇਂ ਉਹ ਕਿਸੇ ਵੀ ਵਿਧਾ ਵਿਚ ਰਹੀ ਹੋਵੇ ਹਰ ਯੁੱਗ ਵਿਚ ਦਰਸਾਉਣ ਦਾ ਯਤਨ ਕੀਤਾ ਹੈ। ਹਰ ਵਿਧਾ ਦੀ ਆਪੋ ਆਪਣੀ ਥਾਂ ਹੈ, ਪਰ ਇਹਨਾਂ ਸਭ ਵਿਚੋਂ ਕਾਵਿ-ਵਿਧਾ ਹਮੇਸ਼ਾ ਤੋਂ ਹੀ ਇਕ ਖ਼ਾਸ ਮੁਕਾਮ ਰੱਖਦੀ ਆਈ ਹੈ। ਇਸ ਵਿਚਲੀ ਸੰਵੇਦਨਸ਼ੀਲਤਾ ਮਨੁੱਖ, ਪਾਠਕ/ਸਰੋਤੇ ਨੂੰ ਆਪਣੇ ਆਪ ਨਾਲ ਜੋੜ ਸਕਣ ਦੀ ਵਧੇਰੇ ਕਲਾ ਰੱਖਦੀ ਹੈ। ਇਸ ਦੀ ਪਹੁੰਚ ਧੁਰ ਦਿਲ ਤਕ ਜਾਂਦੀ ਹੈ। ਹਰਿਆਣਾ ਵਿਚ ਰਚੇ ਜਾ ਰਹੇ ਸਾਹਿਤ ਉੱਪਰ ਜਦ ਅਸੀਂ ਝਾਤ ਪਾਉਂਦੇ ਹਾਂ, ਤਾਂ ਨਜ਼ਰੀਂ ਪੈਂਦਾ ਹੈ ਕਿ ਅਨੇਕਾਂ-ਅਨੇਕ ਸਾਹਿਤਕਾਰ ਪੰਜਾਬੀ ਸਾਹਿਤ ਵਿਚ ਆਪਣਾ ਯੋਗਦਾਨ ਪਾਉਣ ਲੱਗੇ ਹਨ। ਇਹਨਾਂ ਸਾਹਿਤਕਾਰਾਂ ਤੇ ਜਦ ਮੇਰੀ ਨਜ਼ਰੀ ਗਈ ਤਾਂ ਮੇਰਾ ਧਿਆਨ ਆਪਣੇ ਰਾਜ ਦੇ ਉਸ ਖ਼ਿੱਤੇ 'ਸਿਰਸੇ ਵੱਲ ਗਿਆ ਜਿੱਥੋਂ ਦਾ ਪੜ੍ਹਿਆ-ਲਿਖਿਆ ਵਰਗ ਹੀ ਨਹੀਂ, ਸਗੋਂ ਆਮ ਲੋਕ ਸਾਹਿਤ ਨਾਲ ਡੂੰਘੀ ਸਾਂਝ ਰੱਖਦੇ ਨਜ਼ਰੀਂ ਪੈਂਦੇ ਹਨ ਜੋ ਕਿ ਮੈਨੂੰ ਆਪਣੇ ਪਾਸੇ ਇਸ ਪੱਖੋਂ ਘਾਟ ਦਿਸਦੀ ਹੈ। ਸਿਰਸਾ ਵੱਲ ਜਦ ਧਿਆਨ ਗਿਆ ਤਾਂ ਮੇਰੇ ਚੇਤਿਆਂ ਵਿਚ ਉਹ ਚਿਹਰਾ ਉੱਭਰ ਆਇਆ, ਜਿਸ ਨਾਲ ਇਕ ਸਾਹਿਤਕ ਸਮਾਗ਼ਮ ਵਿਚ ਮੇਰੀ ਮੁਲਾਕਾਤ ਹੋਈ ਸੀ। ਉਹ ਮੈਨੂੰ ਖ਼ੁਦ ਵੀ ਕਵਿਤਾ ਦੀ ਮਾਫ਼ਿਕ ਹੀ ਜਾਪੀ ਸੀ। ਬੱਸ ਫਿਰ ਕੀ? ਉਸਦੀ ਕਾਵਿ ਰਚਨਾ 'ਇਹ ਸਦੀ ਵੀ ਤੇਰੇ ਨਾਉਂ' ਮੇਰੇ ਹੱਥਾਂ ਵਿੱਚ ਸੀ। ਉਸ ਦਾ ਨਾਮ ਮੈਨੂੰ ਆਪਣੇ ਵੱਲ ਸੱਦਾ ਦੇ ਰਿਹਾ ਸੀ। ਵਿਦਿਆਰਥੀ ਜੀਵਨ ਵਿਚ ਪੜ੍ਹਿਆ ਸੀ ਕਿ ਰਚਨਾ ਦਾ ਨਾਮ ਪਾਠਕ ਨੂੰ ਆਪਣੇ ਵੱਲ ਖੁੱਲ੍ਹਾ ਸੱਦਾ ਹੁੰਦਾ ਹੈ। ਅੱਜ ਮੈਨੂੰ ਇਹ ਸੱਚ ਜਾਪ ਰਿਹਾ ਸੀ। ਮੇਰੇ ਚੇਤੇ ਵਿਚ ਕਿਸੇ ਵਿਦਵਾਨ ਦੇ ਸ਼ਬਦ ਵੀ ਗੂੰਜ ਰਹੇ ਹਨ ਕਿ, 'ਕਵਿਤਾ ਸਿਰਫ਼ ਤੁਕਾਂ ਦਾ ਮੇਲ ਨਹੀਂ ਹੁੰਦੀ, ਸਗੋਂ ਇਹ ਅਨੁਭਵ, ਚਿੰਤਨ ਤੇ ਚੇਤਨਾ ਦਾ ਸੁਮੇਲ ਹੁੰਦੀ ਹੈ।' ਤੇ ਛਿੰਦਰ ਕੌਰ ਦੀ ਕਾਵਿ ਪੁਸਤਕ ਦਾ ਅਧਿਐਨ ਕਰਦਿਆਂ- ਮੈਂ ਆਪਣੇ ਆਪ ਨੂੰ ਇਸ ਸੱਚ ਦੇ ਨੇੜੇ ਵੀ ਮਹਿਸੂਸ ਕਰ ਰਹੀ ਸੀ।

ਕਵਿਤਾ ਸਾਹਿਤ ਦੀ ਅਜਿਹੀ ਵਿਧਾ ਹੈ ਜਿਸ ਦੀ ਸਿਰਜਣਾ ਸਮੇਂ ਕਵੀ ਖੁੱਲ੍ਹੇ ਅੰਬਰਾਂ ਵਿਚ ਉਡਾਰੀ ਭਰਨ ਦਾ ਹੱਕਦਾਰ ਹੁੰਦਾ ਹੈ, ਤੇ ਜਦ ਕਵਿਤਾ ਦੀ ਸਿਰਜਣਾ ਇਕ ਔਰਤ ਮਨ ਕਰ ਰਿਹਾ ਹੋਵੇ, ਉਹ ਔਰਤ ਮਨ ਜੋ ਸਦੀਆਂ ਤੋਂ ਆਪਣੇ ਆਪ ਨੂੰ ਸਮਾਜ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੇ ਬੰਧਨਾਂ ਦੀ ਕੈਦ ਵਿਚ ਮਹਿਸੂਸ ਕਰਦਾ ਰਿਹਾ ਹੋਵੇ ਤਾਂ ਫਿਰ ਉਹ ਉਡਾਰੀ ਹੋਰ ਵੀ ਉੱਚੀ ਹੋ ਜਾਂਦੀ ਹੈ। ਇਹ ਉਡਾਰੀ ਇਸ ਕਾਵਿ ਸੰਗ੍ਰਹਿ ਵਿਚ ਪ੍ਰਤੱਖ ਨਜ਼ਰੀ ਪੈਂਦੀ ਹੈ। ਉਸ ਦੀਆਂ ਕਾਵਿ ਰਚਨਾਵਾਂ ਔਰਤ ਦੀ ਜ਼ਿੰਦਗੀ ਦੀਆਂ ਵੱਖ-ਵੱਖ ਪਰਤਾਂ ਨੂੰ ਫਰੋਲਦੀਆਂ ਹਨ। ਉਹ ਗੱਲ ਵੀ ਵੱਖਰੀ ਹੈ ਕਿ ਔਰਤ ਮਨ ਦੀ ਥਾਹ ਪਾਉਣਾ ਕੋਈ ਸੌਖੀ ਗੱਲ ਨਹੀਂ, ਪਰ ਲੇਖਕਾ ਨੇ ਇਸ ਪਾਸੇ ਵੱਡੀ ਪੁਲਾਂਘ ਪੁੱਟੀ ਹੈ।

'ਛਿੰਦਰ ਕੌਰ ਸਿਰਸਾ' ਪੇਂਡੂ ਵਿਰਸੇ ਨਾਲ ਬਾਵਾਸਤਾ ਹੈ। ਪੇਂਡੂ ਸਭਿਆਚਾਰ ਦਾ ਨਿੱਘ/ਅਪਣਾਪਨ/ਉਸ ਦੇ ਚੌਗਿਰਦੇ ਦੀ ਮਿੱਟੀ ਦੀ ਖ਼ੁਸ਼ਬੂ ਉਸ ਦੀਆਂ ਰਚਨਾਵਾਂ ਵਿਚੋਂ ਮਾਣੀ ਜਾ ਸਕਦੀ ਹੈ। ਉਸ ਦੇ ਮਨ ਵਿਚਲੀ ਭਾਵੁਕਤਾ ਹੀ ਹੈ, ਜੋ ਉਸਨੂੰ ਅੱਜ ਦੇ ਮਸ਼ੀਨੀ ਯੁੱਗ ਵਿਚ ਵੀ ਪੁਰਾਣੀਆਂ ਰਵਾਇਤਾਂ/ਕਦਰਾਂ-ਕੀਮਤਾਂ ਨਾਲ ਬੰਨ੍ਹ ਕੇ ਰੱਖਣ ਦੇ ਆਹਰ ਵਿਚ ਹੈ। ਰਿਸ਼ਤਿਆਂ ਦਾ ਨਿੱਘ ਉਸ ਦੇ ਧੁਰ ਅੰਦਰ ਤਕ ਸਮਾਇਆ ਹੋਇਆ ਹੈ। ਬਾਬਲ ਪ੍ਰਤੀ ਉਸ ਦੀਆਂ ਭਾਵਨਾਵਾਂ ਉਮੜ-ਉਮੜ ਪੈਂਦੀਆਂ ਹਨ। ਵੀਰਾਂ ਦਾ ਮੋਹ ਉਸਨੂੰ ਖਿੱਚ ਪਾਉਂਦਾ, ਉਹ ਤਾਂ ਚਾਚੇ ਤਾਏ ਜਾਇਆਂ ਨੂੰ ਵੀ ਘੁੱਟ ਕੇ ਗਲਵੱਕੜੀ ਪਾਉਣ ਦੀ ਬਾਤ ਬੜੇ ਹੀ ਸਹਿਜ ਨਾਲ ਸਮਝਾ ਜਾਂਦੀ ਹੈ। ਅੱਜ ਸਮਾਜ ਬਹੁਤ ਕੋਰਾ ਹੋ ਚੁੱਕਾ ਹੈ, ਪੈਸੇ ਦੀ ਦੁਨੀਆ ਨੇ ਜਦ ਰਿਸ਼ਤਿਆਂ ਦੀਆਂ ਤੰਦਾਂ ਖ਼ੇਰੂ-ਖ਼ੇਰੂ ਕਰ ਕੇ ਰੱਖ ਦਿੱਤੀਆਂ ਹਨ, ਅਜਿਹੇ ਸਮੇਂ ਉਸ ਦੀ ਸਿਰਜਣਾ ਮਾਨਵਪੱਖੀ ਹੋ ਖਲੋਂਦੀ ਹੈ। ਉਹ ਇਕ ਬੜਾ ਪਰਿਪੱਕ ਸੰਦੇਸ਼ ਸਮਾਜ ਤਕ ਪਹੁੰਚਾਉਣ ਦਾ ਯਤਨ ਕਰਦੀ ਹੈ, ਤੇ ਸੱਚਮੁੱਚ ਉਹ ਆਪਣੇ ਮਕਸਦ ਵਿਚ ਕਾਮਯਾਬ ਵੀ ਹੋਈ ਜਾਪਦੀ ਹੈ। ਹਰਿਆਣਾ ਵਿਚਲੀ ਹੀ ਇਕ ਲੇਖਿਕਾ ਅਰਕਮਲ ਕੌਰ ਆਪਣੀ ਸੰਪਾਦਿਤ ਕਿਤਾਬ 'ਰੂਹ ਤੋਂ ਰੂਹ ਤੱਕ' ਵਿਚ ਲਿਖਦੀ ਹੈ :

"ਕਵਿਤਾ ਦਾ ਰਿਸ਼ਤਾ ਰੂਹ ਤੋਂ ਰੂਹ ਤੱਕ ਦਾ ਹੁੰਦਾ ਹੈ। ਇਹ ਰਿਸ਼ਤਾ ਕਵੀ ਦੀ ਰੂਹ ਤੋਂ ਹੁੰਦਾ ਹੋਇਆ ਧੁਰ ਪਾਠਕ ਦੀ ਰੂਹ ਤਕ ਪਹੁੰਚਦਾ ਹੈ।''

ਮੈਂ ਮਹਿਸੂਸ ਕਰ ਰਹੀ ਸੀ ਕਿ ਇਸ ਪੱਖੋਂ ਛਿੰਦਰ ਕੌਰ ਦੀਆਂ ਕਾਵਿ ਕਿਰਤਾਂ ਸਫਲਤਾ ਦੀ ਪੌੜੀ ਤੇ ਬੈਠੀਆਂ ਹਨ, ਕਿਉਂਕਿ ਉਹ ਪਹਿਲੀ ਸੱਟੇ ਹੀ ਪਾਠਕਾਂ ਦੀ ਰੂਹ ਤੱਕ ਪਹੁੰਚਣ ਦਾ ਮਾਦਾ ਰੱਖਦੀਆਂ ਹਨ। ਜਿਵੇਂ ਉਹ ਆਪਣੀ ਪਹਿਲੀ ਦੀ ਰਚਨਾ ਵਿਚ ਕਹਿ ਉੱਠਦੀ ਹੈ :

"ਇਸ਼ਕ ਜਨੂਨੀ ਸੀ
ਹਿਜਰ ਨਸੀਬੀਂ ਸੀ
ਨਾ ਤੂੰ ਮਿਲਿਉਂ
ਨਾ ਭੁੱਲਿਉਂ
ਨਾ ਖਿਆਲੋਂ
ਹੀ ਨਿਕਲਿਉਂ...।''

ਪਿਆਰ ਤੇ ਪਿਆਰੇ ਪ੍ਰਤੀ ਉਸਦੇ ਵਿਚਾਰ ਪਾਠਕਾਂ ਨੂੰ ਉਸੇ ਵਿਚ ਹੀ ਉਂਗਲ ਲਾ ਤੁਰਦੇ ਹਨ। ਉਸਦੇ ਤਨ, ਮਨ ਤੇ ਰੂਹ ਦਾ ਇੱਜੜ, ਮਾਰੂਥਲ ਦੀਆਂ ਬਰੂਹਾਂ ਤੇ ਪਿਆਸਾ ਭਟਕ ਰਿਹਾ ਹੈ, ਜਿੱਥੇ ਉਹ ਆਜੜੀ ਰੂਪੀ ਆਪਣੇ ਮਨ ਦੇ ਮਹਿਰਮ ਤੋਂ ਆਸ ਲਾ ਕੇ ਬੈਠੀ ਹੈ ਕਿ ਉਹ ਉਸ ਲਈ ਪਿਆਰਾਂ ਦੇ ਸਰਵਰ ਲੈ ਕੇ ਬਹੁੜੇਗਾ। ਪਿਆਰ ਪ੍ਰਤੀ ਉਸਦਾ ਆਸ਼ਾਵਾਦੀ ਨਜ਼ਰੀਆ ਉਸਨੂੰ ਡੋਲਣ ਨਹੀਂ ਦਿੰਦਾ ਤੇ ਇਹ ਸਹਿਜਤਾ/ਸਥਿਰਤਾ ਹੀ ਉਸ ਨੂੰ ਇਸ ਯੁੱਗ ਵਾਲੀਆਂ ਉਹਨਾਂ ਸਭ ਰਚਿਅਤਾ ਨਾਲੋਂ ਵੱਖਰਾ ਖੜ੍ਹਾਂ ਕਰ ਦਿੰਦੀ ਹੈ, ਜਿਨ੍ਹਾਂ ਦੇ ਅੱਜ ਭਰੋਸੇ ਡੋਲ ਗਏ ਹਨ। 'ਅਰਦਾਸ' ਕਵਿਤਾ ਦਾ ਅਧਿਐਨ ਕਰਦਿਆਂ ਮੈਂ ਜਾਚਿਆ ਕਿ ਉਸਨੂੰ ਆਪਣੇ ਪਿਆਰੇ ਲਈ ਰਹਿੰਦੀ ਦੁਨੀਆਂ ਤਕ ਵੀ ਇੰਤਜ਼ਾਰ ਕਰਨਾ ਕੋਈ ਵੱਡਾ ਨਹੀਂ ਭਾਸਦਾ। ਉਹ ਇੰਤਜ਼ਾਰ ਜੋ ਘੜੀ, ਪਲ ਦਾ ਵੀ ਕਦੇ-ਕਦੇ ਮੌਤ ਸਮਾਨ ਔਖਾ ਹੋ ਨਿੱਬੜਦਾ ਹੈ। ਡਾ. 'ਜਸਪਾਲ ਕੌਰ ਕਾਂਗ' ਲਿਖਦੀ ਹੈ :

ਰਚਨਾ ਉਹੀ ਵੱਡੀ ਹੁੰਦੀ ਹੈ, ਜਿਸਦਾ ਪਾਸਾਰ ਵਡੇਰਾ ਹੋਵੇ, ਜੋ ਵਿਚਾਰਾਂ ਦੀ ਨਵੀਂ ਜੋਤ ਜਗਾਉਂਦੀ ਹੋਵੇ। ਸਮਾਜ ਨੂੰ ਨਵੀਂ ਦਿਸ਼ਾ ਦਿਖਾਉਂਦੀ ਹੋਵੇ।''

'ਇਹ ਸਦੀ ਵੀ ਤੇਰੇ ਨਾਉਂ' ਦੇ ਸੰਦਰਭ ਵਿਚ ਉੱਪਰ ਲਿਖੇ ਵਾਕ ਪੂਰੀ ਤਰ੍ਹਾਂ ਖਰੇ ਉੱਤਰਦੇ ਹਨ। ਛਿੰਦਰ ਦੀਆਂ ਰਚਨਾਵਾਂ ਦਾ ਪਾਸਾਰ ਵਡੇਰਾ ਹੈ, ਉਹ ਸਿਰਸਾ, ਤੇ ਫਿਰ ਹਰਿਆਣਾ, ਤੇ ਫਿਰ ਉਸ ਤੋਂ ਅੱਗੇ ਬਹੁਤ ਵੱਡੇ ਪੱਧਰ 'ਤੇ ਆਪਣਾ ਪਸਾਰ ਬਣਾਉਂਦੀਆਂ ਹਨ। ਉਹ ਪਾਠਕਾਂ ਅੰਦਰ ਨਵੀਂ ਜੋਤ ਜਗਾਉਣ ਵਿਚ ਕਾਮਯਾਬ ਹਨ। ਇੱਥੇ ਆ ਕੇ ਸਾਹਿਤ ਦੀ ਰਚਨਾ ਦਾ ਮਕਸਦ ਸਫਲ ਹੋ ਜਾਂਦਾ ਹੈ। ਸਾਹਿਤ ਦਾ ਕੰਮ ਹੀ ਸਮਾਜ ਨੂੰ ਨਵੀਂ ਸੇਧ ਦੇਣਾ ਹੈ, ਤੇ ਇਹ ਸੇਧ, ਇਹ ਰੌਸ਼ਨੀ ਛਿੰਦਰ ਦੀਆਂ ਕਾਵਿ ਕਿਰਤਾਂ ਵਿਚੋਂ ਬੜੇ ਸਹਿਜ ਨਾਲ ਪ੍ਰਾਪਤ ਹੋ ਜਾਂਦੀ ਹੈ। ਡਾ. ਨਿਸ਼ਾਨ ਸਿੰਘ ਰਾਠੌਰ ਇਸ ਕਿਤਾਬ ਦੇ ਰੀਵਿਊ ਵਿਚ ਲਿਖਦਾ ਹੈ :

" ਹਰਿਆਣੇ ਵਰਗੇ ਹਿੰਦੀ ਸੂਬੇ ਵਿਚ ਏਨੀ ਪਰਪੱਕ ਕਵਿਤਾ ਕਿਸੇ ਅਚੰਭੇ ਨਾਲੋਂ ਘੱਟ ਨਹੀਂ ਹੈ, ਕਿਉਂਕਿ ਹਰਿਆਣਾ ਦੇ ਪੰਜਾਬੀਆਂ ਵਿਚ ਸਾਹਿਤ ਪ੍ਰਤੀ ਉਨ੍ਹਾਂ ਉਤਸ਼ਾਹ ਨਹੀਂ, ਜਿਨ੍ਹਾਂ ਮੁੱਖ ਧਾਰਾ ਦੇ ਪੰਜਾਬੀਆਂ ਵਿਚ ਹੈ। ਖ਼ਬਰੇ ਇਸੇ ਕਰਕੇ ਹਰਿਆਣਾ ਵਿਚ ਨਿਕਲੀ ਇਹ ਗਹਿਰ

ਗੰਭੀਰ ਕਵਿਤਾ ਪਾਠਕਾਂ ਨੂੰ ਸੋਚਣ ਅਤੇ ਪੜ੍ਹਨ ਲਈ ਮਜਬੂਰ ਕਰ ਰਹੀ ਹੈ।"ਸੱਕ ਕਿੱਕਰਾਂ ਦੇ ਵਿਚ ਉਹ ਲਿਖਦੀ ਹੈ :

" ਜੇ ਜਾਣ ਗਿਆ ਵੇਂ
ਕਿ ਅੱਗ ਹਾਂ
ਤੇ ਖ਼ੁਦ ਨੂੰ
ਬਚਾਅ ਕੇ ਰੱਖ.......।''

ਉਸਦੇ ਮਨ ਵਿਚ ਕਦੇ-ਕਦੇ ਇਸ ਤਰ੍ਹਾਂ ਬਹੁਤ ਵੱਡਾ ਹਰਖ ਵੀ ਪੈਦਾ ਹੁੰਦਾ ਹੈ, ਤੇ ਉਸਦੇ ਰੋਕਦਿਆਂ-ਰੋਕਦਿਆਂ ਵੀ ਉਸਦੀ ਕਲਮ ਲਿਖ ਜਾਂਦੀ ਹੈ। ਪਰ ਫਿਰ ਨਾਲ ਹੀ ਸਦੀਆਂ ਦੀ ਪਿਤਰਾਤਮਕ ਸੱਤਾ ਨੂੰ ਸਵੀਕਾਰਦੀ ਹੈ, ਇੱਥੇ ਉਸਦੇ ਧੁਰ ਅੰਦਰ ਬੈਠੇ ਸੰਸਕਾਰ ਹਨ, ਜੋ ਉਸਨੂੰ ਬਾਗ਼ੀ ਸੁਰ ਅਖ਼ਤਿਆਰ ਨਹੀਂ ਕਰਨ ਦਿੰਦੇ। ਆਪਣੇ ਹਰਖ ਨੂੰ/ਆਪਣੇ ਅੰਦਰਲੇ ਮਘਦੇ ਅੰਗਿਆਰਿਆਂ ਨੂੰ ਥੋੜ੍ਹਾ ਸ਼ਾਂਤ ਚਿਤ ਹੋ ਕਹਿ ਤੁਰਦੀ ਹੈ :

" ਤੂੰ ਇਕ ਗਮ ਹੀ ਸੈਂ
ਜੋ ਮੈਂ ਖਾ ਗਈ
ਸਕਿਆਂ ਦੇ ਭੁਲੇਖੇ
ਸੱਕ ਕਿੱਕਰਾਂ ਦੇ
ਚਬਾਅ ਗਈ।''

ਹਾਂ ਪੰਨਾ ਨੰਬਰ 26 ਤੇ ਜਦ ਉਸਦੀ ਕਲਮ ਔਰਤ ਸੰਗ ਬਾਵਾਸਤਾ ਹੁੰਦੀ ਹੈ, ਤਾਂ ਇੱਥੇ ਉਹ ਮੈਨੂੰ ਪਹਿਲੀ ਵਾਰੀ ਪਿਆਰ ਦੀ ਮਾਰ ਹੇਠੋਂ ਨਿਕਲ ਕੇ ਕੁੱਝ ਆਪਣੇ ਹੋਣ ਦਾ ਅਹਿਸਾਸ, ਆਪਣੇ ਔਰਤ ਹੋਣ ਦਾ ਅਹਿਸਾਸ ਜੋ ਕਿ ਬਹੁਤ ਵੱਡਾ ਤੇ ਬਲਸ਼ਾਲੀ ਹੈ, ਬਾਰੇ ਅਚਾਨਕ ਚੇਤੰਨ ਹੁੰਦੀ ਜਾਪਦੀ ਹੈ:

" ਕਦੇ ਕਦਾਈਂ ਜਦੋਂ
ਜਾਣ ਬੁਝ ਕੇ
ਭੁੱਲ ਜਾਵਾਂ ਕਿ
ਔਰਤ ਹਾਂ
ਉਸ ਘੜੀ
ਫਿਰ ਆਪਣੀ
ਜਾਤੋਂ ਅੱਗੇ ਨਿਕਲ
ਜਾਨੀ ਆਂ।''

ਛਿੰਦਰ ਕੌਰ ਸਿਰਸਾ ਪੰਜਾਬੀ ਦੀ ਅਤਿ ਸੰਵੇਦਨਸ਼ੀਲ, ਸੂਝਵਾਨ, ਬੜੇ ਧੀਰਜ ਵਾਲੀ ਕਵਿੱਤਰੀ ਹੈ। 'ਇਸ ਸਦੀ ਵੀ ਤੇਰੇ ਨਾਓ' ਕਾਵਿ-ਸੰਗ੍ਰਹਿ ਤੋਂ ਪਹਿਲਾਂ ਉਹ 'ਖ਼ਿਆਲ ਉਡਾਰੀ' ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ। ਉਸ ਦੁਆਰੇ ਰਚੇ ਸਫ਼ਰਨਾਮਾ 'ਕੈਨੇਡਾ ਦੇ ਸੁਪਨਮਈ ਦਿਨ' ਨੇ ਵੀ ਸਾਹਿਤਕ ਖ਼ਿੱਤਿਆਂ ਵਿਚ ਚੰਗੀ ਵਾਹੋ ਵਾਹੀ ਖੱਟੀ ਹੈ। ਸਾਹਿਤ ਸਿਰਜਣਾ ਦੇ ਨਾਲ-ਨਾਲ ਉਹ ਇਕ ਸਫਲ ਟੀ.ਵੀ., ਰੇਡੀਉ ਐਂਕਰ ਵੀ ਹੈ। ਸਫਲ ਐਕਰਿੰਗ ਦੀ ਬਦੌਲਤ ਹੀ ਉਸਨੂੰ ਸਬੱਬ ਨਾਲ ਕੈਨੇਡਾ ਜਾਣ ਦਾ ਮੌਕਾ ਮਿਲਿਆ। ਉਸ ਕੋਲ ਇਕ ਮਹੀਨੇ ਦਾ ਸਮਾਂ ਸੀ, ਜਿਸ ਦਾ ਉਸਨੇ ਇੰਨਾ ਚੰਗਾ ਉਪਯੋਗ ਕੀਤਾ, ਜੋ ਪੜ੍ਹਨ/ਸੁਣਨ ਵਾਲਿਆਂ ਦੇ ਮਨ ਵਿਚ ਵੀ ਉਤਸ਼ਾਹ ਜਗਾਉਂਦਾ ਹੈ। ਕੁੱਝ ਕਰਨ ਦਾ ਜਜ਼ਬਾ ਪੈਦਾ ਕਰਦਾ ਹੈ। ਪ੍ਰਸਿੱਧ ਪੰਜਾਬੀ ਲੇਖਕ ਸੁਲੱਖਣ ਸਰਹੱਦੀ ਉਸ ਬਾਰੇ ਲਿਖਦਾ ਹੈ :

" ਅਸਲ ਵਿੱਚ ਛਿੰਦਰ ਕੌਰ ਐਸੀ ਸੁਚੱਜੀ ਪੰਜਾਬਣ ਮੁਟਿਆਰ ਹੈ ਕਿ ਇਸ ਦੀ ਸੁੰਦਰ ਸ਼ਖ਼ਸੀਅਤ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਮਹਿਕ ਸਮਾਈ ਹੋਈ ਹੈ।''

ਪੰਜਾਬੀਅਤ ਦੀਆਂ ਇਹ ਮਹਿਕਾਂ ਛਿੰਦਰ ਕੌਰ ਨੇ ਸਿਰਸਾ ਦੀਆਂ ਸਾਹਿਤਕ ਸੱਥਾਂ ਤੱਕ ਹੀ ਨਹੀਂ ਖਿੱਲਰੀਆਂ ਸਗੋਂ ਹਰਿਆਣਾ, ਪੰਜਾਬ, ਦੂਜੇ ਰਾਜਾਂ ਦੇ ਨਾਲ-ਨਾਲ ਦੂਰ ਵਿਦੇਸ਼ ਤਕ ਵੀ ਉਸਦੀ ਮਹਿਕ ਖਿੱਲਰ ਗਈ ਹੈ। ਟੋਰਾਂਟੋ ਬੈਠੀ ਸੁਰਜੀਤ ਕੌਰ ਜਦ ਕਹਿੰਦੀ ਹੈ :

" ਬਹੁਤ ਸਾਰੇ ਸੈਲਾਨੀ ਕੈਨੇਡਾ ਆਉਂਦੇ ਜਾਂਦੇ ਰਹਿੰਦੇ ਹਨ, ਪਰ ਗੁਮਨਾਮੀ ਵਿਚ ਹੀ ਤੁਰ ਜਾਂਦੇ ਹਨ। ਛਿੰਦਰ ਕੌਰ ਬਹੁਤ ਉੱਦਮੀ ਹੈ। ਆਪਣੇ ਇਸ ਉੱਦਮ ਸਦਕਾ ਹੀ ਉਹ ਮਾਂ ਬੋਲੀ ਪੰਜਾਬੀ ਦੇ ਸੁਨਹਿਰੀ ਭਵਿੱਖ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਉਸਦੇ ਇਹਨਾਂ ਯਤਨਾਂ ਸਦਕਾ ਉਸਨੂੰ ਆਪਣੇ ਪਾਠਕਾਂ ਤੋਂ ਹੀ ਨਹੀਂ, ਸਗੋਂ ਨਾਲ ਵਿਚਰ ਰਹੇ ਸਾਹਿਤਕਾਰਾਂ ਕੋਲੋਂ ਵੀ ਚੰਗਾ ਨਾਮਣਾ ਪ੍ਰਾਪਤ ਹੋ ਰਹੀ ਹੈ। ਉਸਦੇ ਚੰਗੇ ਸੁਭਾਅ ਦਾ ਹਰ ਕੋਈ ਹੀ ਕਾਇਲ ਹੋ ਜਾਂਦਾ ਹੈ। ਅੱਜ ਅਜਿਹਾ ਮਸ਼ੀਨੀ ਯੁੱਗ ਹੈ, ਜਦ ਆਪਣਿਆਂ ਕੋਲ ਵੀ ਕਿਸੇ ਲਈ ਵੇਲਾ ਨਹੀਂ ਅਜਿਹੇ ਭਾਜੜਾਂ ਪਏ ਸਮੇਂ ਵਿਚ

ਜਦ ਅਜਿਹੀ ਜ਼ਹੀਨ/ਦਿਲਕਸ਼ ਰੂਹ ਦੇ ਦੀਦਾਰ ਹੁੰਦੇ ਹਨ, ਤਾਂ ਚੰਗਾ ਹੀ ਲਗਦਾ ਹੈ। ਉਸਦਾ ਮੋਹ ਭਰਿਆ ਸੁਭਾਅ ਪੁਰਾਣੇ, ਪੇਂਡੂ, ਨਿੱਘੇ ਸਭਿਆਚਾਰ ਦੀ ਤਸਵੀਰ ਪੇਸ਼ ਕਰਦਾ ਹੈ।

ਕਵਿਤਾ ਸਾਹਿਤ ਦੀ ਅਤਿ ਸੰਵੇਦਨਸ਼ੀਲ ਤੇ ਸੂਖਮ ਵਿਧਾ ਹੈ। ਸੰਵੇਦਨਸ਼ੀਲ ਪ੍ਰਾਣੀ ਜਦੋਂ ਇਸ ਵਿਧਾ ਨਾਲ ਸਾਂਝ ਪਾਉਂਦਾ ਹੈ, ਤਾਂ ਉਹ ਵਧੇਰੇ ਪ੍ਰਭਾਵਸ਼ਾਲੀ ਹੋ ਨਿੱਬੜਦੀ ਹੈ। ਸਾਡੇ ਵਧੇਰੇ ਧਾਰਮਿਕ ਗ੍ਰੰਥ ਸ਼ਾਇਦ ਇਸ ਵਿਧਾ ਵਿਚ ਇਸੇ ਕਰਕੇ ਹੀ ਸਿਰਜੇ ਗਏ ਹੋਣਗੇ। ਉਨ੍ਹਾਂ ਦੀ ਤਾਰ ਸਿੱਧੀ ਮਨ ਨਾਲ ਜੁੜਦੀ ਹੈ। 'ਇਹ ਸਦੀ ਵੀ ਤੇਰੇ ਨਾਉਂ ਦਾ ਜਦ ਅਧਿਐਨ ਕਰਦੇ ਹਾਂ ਤਾਂ ਕਵਿਤਾ ਦੀ ਵਿਸ਼ਾਲਤਾ, ਉਸਦੇ ਧੁਰ ਮਨ ਤਕ ਪਹੁੰਚ ਬਣਾਉਣ ਦਾ ਰਹੱਸ ਵੀ ਨਜ਼ਰੀ ਪੈਂਦਾ ਹੈ। ਉਸਦੀ ਰਚੀ 'ਪ੍ਰਸੂਤਾਂ ਪੀੜਾ' ਨਜ਼ਮ ਦੇ ਰੂ-ਬ-ਰੂ ਹੋਇਆਂ ਛਿੰਦਰ ਦੀ ਸੋਚ ਉਡਾਰੀ ਇਕ ਹੋਰ ਧਰਾਤਲ ਤੇ ਲੈ ਜਾਂਦੀ ਹੈ। ਉਹ ਔਰਤ ਵਿਚਲੇ ਉਸ ਪੜਾਅ ਦੀ ਬਾਤ ਪਾਉਂਦੀ ਹੈ, ਜਦ ਉਹ ਮਾਂ ਦੀ ਮਮਤਾ ਦੇ ਅਹਿਸਾਸ ਨੂੰ ਹੰਢਾਉਂਦੀ ਹੈ, ਉਸ ਵੇਲੇ ਉਹ ਜੰਮਣ ਪੀੜ੍ਹਾਂ (ਜਿਨ੍ਹਾਂ ਬਾਰੇ ਡਾਕਟਰਾਂ ਦਾ ਵੀ ਕਹਿਣਾ ਹੈ ਕਿ ਆਮ ਮਨੁੱਖ 45 ਯੂਨਿਟ ਤੋਂ ਵੱਧ ਦਰਦ ਨਹੀਂ ਸਹਿ ਸਕਦਾ, ਜਦੋਂ ਕਿ ਬੱਚਾ ਪੈਦਾ ਹੁੰਦਾ ਹੈ ਤਾਂ ਔਰਤ ਉਸ ਵੇਲੇ 57 ਯੂਨਿਟ ਜਣਨ ਪੀੜ ਹੰਢਾਉਂਦੀ ਹੈ। ਇਹ ਦਰਦ ਇਨ੍ਹਾਂ ਜ਼ਿਆਦਾ ਹੁੰਦਾ ਹੈ ਕਿ ਜਿਵੇਂ ਕਿਸੇ ਦੀਆਂ ਇੱਕੋ ਵੇਲੇ 20 ਹੱਡੀਆਂ ਇਕੱਠੀਆਂ ਤੋੜ ਦਿੱਤੀਆਂ ਹੋਣ) ਬਾਰੇ ਕੁੱਝ ਇਉਂ ਬਿਆਨਦੀ ਹੈ :

"ਭਰੀ ਝੋਲੀ ਉੱਠੀਆਂ
ਤੇ ਝੱਟ ਭੁੱਲ ਗਈਆਂ-ਪ੍ਰਸੂਤਾ ਪੀੜਾਂ
ਪੇਟੋਂ ਜੰਮਿਆ ਦੀਆਂ
ਜਦੋਂ ਵੇਖੀਆਂ
ਚਿੱਟੇ ਦੇ ਕਰਕੇ
ਵਿੱਛੀਆਂ ਲਾਸ਼ਾਂ
ਤੇ ਜੰਮਣ ਪੀੜਾਂ ਤੋਂ
ਤਿੱਖੀਆਂ ਪੀੜਾਂ
ਕਾਲਜਿਉਂ ਉੱਠੀਆਂ.....।''

ਤਾਂ ਉਸ ਵੇਲੇ ਉਹ ਸਮਾਜ ਵਿਚ ਵਾਪਰਦੇ ਉਸ ਵੱਡੇ ਦੁਖਾਂਤ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ, ਜੋ ਸਾਡੇ ਦੇਸ਼ ਵਿਚਲੇ ਖ਼ਿੱਤਿਆਂ ਨੂੰ ਘੁਣ ਦੀ ਤਰ੍ਹਾਂ ਖੋਖਲਾ ਕਰ ਗਿਆ ਹੈ, ਤੇ ਦੁਖਾਂਤ ਦੀਆਂ ਭਾਗੀਦਾਰ ਔਰਤਾਂ ਹੀ ਬਣਦੀਆਂ ਹਨ। ਭਾਵੇਂ ਉਸਦੀ ਰੱਖੜੀ ਰੁਲੇ ਜਾਂ ਫਿਰ ਚੂੜਾ।

'ਮੁਸ਼ਕਤ' ਨਜ਼ਮ ਪੜ੍ਹਦਿਆਂ ਜਾਪਦਾ ਹੈ ਕਿ ਉਸ ਲਈ ਕਵਿਤਾ ਦੇ ਮਾਅਨੇ ਬਹੁਤ ਵੱਡੇ ਹਨ। ਕਵਿਤਾ ਉਸਨੂੰ ਰੂਹ ਦਾ ਤਰਜਮਾ ਕਰਦੀ ਪ੍ਰਤੀਤ ਹੁੰਦੀ ਹੈ। ਇਹ ਉਸਨੂੰ ਜੀਵਨ ਜਾਚ ਸਿਖਾਉਂਦੀ ਹੈ ਤੇ ਇਸੇ ਰਾਹੀਂ ਉਹ ਸਮਾਜ ਨੂੰ ਸਿਖਾਉਣ ਦੇ ਆਹਰ ਵਿਚ ਲੱਗੀ ਹੈ। ਉਹ ਦਿਲ ਦਾ ਦਰਦ ਵੀ ਇਸ ਰਾਹੀਂ ਵੰਡਣ ਦੀ ਜੁਗਤ ਅਪਣਾਉਂਦੀ ਹੈ। ਸਦੀਆਂ ਪਹਿਲਾਂ ਸਾਡਾ ਲੋਕ ਸਾਹਿਤ, ਇਸ ਵਿਚਲੀਆਂ ਬੋਲੀਆਂ/ਟੱਪੇ/ਸਿੱਠਣੀਆਂ ਸ਼ਾਇਦ ਇੱਥੋਂ ਹੀ ਹੋਂਦ ਵਿਚ ਆਈਆਂ ਹੋਣਗੀਆਂ। ਜਦ ਔਰਤ ਨੇ ਵਧੇਰੇ ਘੁੱਟਣ ਮਹਿਸੂਸ ਕੀਤੀ ਹੋਵੇਗੀ, ਤਾਂ ਕਿਸੇ ਨਾ ਕਿਸੇ ਰੂਪ ਵਿਚ ਔਰਤ ਦੇ ਮਨ ਅੰਦਰਲੇ ਜਜ਼ਬਾਤ ਆਪ ਮੁਹਾਰੇ ਨਿਕਲ ਤੁਰੇ ਹੋਣਗੇ।

ਅੱਜ ਸਮਾਂ ਬਹੁਤ ਬਦਲ ਗਿਆ ਹੈ। ਬਹੁਤ ਵਿਕਾਸ ਹੋਇਆ ਹੈ, ਹੋ ਰਿਹਾ ਹੈ, ਪਰ ਫਿਰ ਵੀ ਸਮਾਜ ਵਿਚਲਾ ਨਾਰੀ ਵਰਗ ਕਿਤੇ ਨਾ ਕਿਤੇ ਘੁੱਟਣ ਹੰਢਾਉਂਦਾ ਹੀ ਹੈ, ਜੋ ਕਵਿੱਤਰੀ ਨਾਲ ਵੀ ਵਾਪਰਦਾ ਹੈ। ਉਹ ਲਿਖਦੀ ਹੈ:

" ਕੁੱਝ ਗੱਲਾਂ ਜੋ ਬੋਲ ਕੇ
ਨਾ ਹੋ ਸਕੀਆਂ
ਲਿਖ ਕੇ ਮਨ ਹੋਲਾ
ਕਰਨ ਦਾ ਹੀਲਾ''

ਜੀਵਨ ਦਾ ਸਾਰ/ਤੱਤ/ਸੱਚਾਈਆਂ ਜੋ ਵੱਡੇ ਅਨੁਭਵ ਦੀਆਂ ਧਾਰਨੀ ਹੁੰਦੀਆਂ ਹਨ, ਛਿੰਦਰ ਉਨ੍ਹਾਂ ਨੂੰ ਥਾਂ ਪਰ ਥਾਂ ਛੂੰਹਦੀ ਨਜ਼ਰੀ ਪੈਂਦੀ ਹੈ। 'ਮੇਲਾ' ਨਜ਼ਮ ਵਿਚ ਉਹ ਲਿਖਦੀ ਹੈ :

"ਛਾਵਾਂ ਕਦੇ ਕਿਸੇ ਪੌਦੇ ਨੂੰ
ਹਰਿਆਵਲ ਨਹੀਂ ਦੇ ਸਕੀਆਂ
ਸਈਓ, ਨੀਂ ਆਪਾਂ ਧੁੱਪੇ ਪਲਾਂ ਗੀਆਂ
ਵਕਤ ਦੀਆਂ ਪੁਰਾਣੀਆਂ ਚਿੱਠੀਆਂ ਪੜ੍ਹ ਕੇ
ਬੁੱਢੀਆਂ ਹੋਈਆਂ ਖੁੱਸ਼ੀਆਂ ਨੂੰ ਜਵਾਨ ਕਰਾਂਗੀਆਂ....।''

ਇਸ ਸੰਗ੍ਰਹਿ ਵਿਚਲੀ ਇਹ ਨਜ਼ਮ ਅਨੇਕਾਂ ਰੰਗ

ਛੁਪਾਈ ਬੈਠੀ ਹੈ, ਜੋ ਬੜੇ ਖ਼ੂਬਸੂਰਤ ਤੇ ਮਨ ਨੂੰ ਭਾਉਣ ਵਾਲੇ ਹਨ। ਕਿਤੇ ਉਹ ਜੀਵਨ ਦੀ ਫ਼ਿਲਾਸਫ਼ੀ ਸਮਝਾਉਂਦੀ ਹੈ ਤੇ ਕਿਤੇ ਉਹ ਹਾਣ ਦੀਆਂ ਨੂੰ ਆਪਣੀ ਪਿਛਲ-ਝਾਤ 'ਜ਼ਿੰਦਗੀ ਰਾਹੀਂ ਆਪਣੀਆਂ ਅੱਜ ਦੀਆਂ ਖ਼ੁਸ਼ੀਆਂ ਨੂੰ ਮਾਣਨ ਦੀ ਬਾਤ ਪਾਉਂਦੀ ਹੈ। ਉਸ ਦੇ ਮਨ ਵਿਚ ਬਾਬਲ/ਵੀਰੇ ਲਈ ਵਿਸ਼ੇਸ਼ ਮੋਹ ਹੈ, ਪਰ ਉਹ ਇਸ ਸਮਾਜਿਕ ਸੱਚ ਤੋਂ ਵੀ ਮੁਨਕਰ ਨਹੀਂ ਕਿ ਇਕ ਵਾਰ ਬਾਬਲ ਦੇ ਘਰੋਂ, ਸਹੁਰੇ ਘਰ ਲਈ ਵਿਦਾ ਹੋ ਜਾਣ ਪਿੱਛੋਂ ਪੇਕਾ ਘਰ ਜਿਨ੍ਹਾਂ ਮਰਜ਼ੀ ਪਿਆਰਾ ਹੋਵੇ, ਉਸ ਲਈ ਬੇਗਾਨਾ ਜ਼ਰੂਰ ਹੋ ਜਾਂਦਾ ਹੈ, ਜਿੱਥੇ ਆਉਣ ਲਈ ਧੀਆਂ ਨੂੰ ਵੀਰਾਂ ਦੀ ਹਾਕ ਦੀ ਦਰਕਿਨਾਰ ਜ਼ਰੂਰ ਰਹਿੰਦੀ ਹੈ, ਤੇ ਉੱਥੇ ਆਉਣ ਤੇ ਸਾਰੀਆਂ ਦੁੱਖਾਂ-ਤਕਲੀਫ਼ਾਂ ਨੂੰ ਮਨ ਵਿਚ ਘੁੱਟ ਕੇ ਉਹ ਹਾਣ ਦੀਆਂ ਸੰਗ ਖ਼ੁਸ਼ੀ ਮਾਣਨਾ ਲੋਚਦੀ ਹੈ। ਮਾਂ ਦੀ ਬੁੱਕਲ ਵਿੱਚ ਸੁੱਖ ਹੀ ਸਾਂਝੇ ਕਰਨਾ ਚਾਹੁੰਦੀ ਹੈ।

ਉਹ ਸਾਰਾ ਕੁੱਝ ਵਿਸਾਰ ਕੇ, ਹਿੰਮਤ ਦੀ ਕਲਮ, ਸਬਰ ਦੇ ਵਰਕਿਆਂ 'ਤੇ ਆਪਣੇ ਹੱਥੀਂ ਉਜਲੇ ਲੇਖ ਲਿਖਣ ਦੀ ਚਾਹਵਾਨ ਹੈ। ਔਰਤ ਮਨ ਦੀਆਂ ਸੱਧਰਾਂ/ਰੀਝਾਂ/ਚਾਵਾਂ/ਉਮੰਗਾਂ ਨਾਲ ਉਹ ਨੱਕੋਂ-ਨੱਕ ਭਰੀ ਸਮਾਜ ਦੇ ਇਕ ਵੱਡੇ ਵਰਗ ਨੂੰ ਅਨੰਦਮਈ ਜੀਵਨ ਜਿਊਣ ਦਾ ਸੰਦੇਸ਼ ਦੇ ਜਾਂਦੀ ਹੈ। ਉਹ ਬਹੁਤ ਸਹਿਜ ਨਾਲ ਕਵਿਤਾ ਕਰਦੀ ਤੁਰੀ ਜਾਂਦੀ ਹੈ। ਉਸਦੀ ਬਾਤ ਪਾਠਕਾਂ ਦੇ ਮਨ ਤਕ ਪਹੁੰਚ ਬਣਾਉਂਦੀ ਹੈ। ਉਹਨਾਂ ਦੇ ਮਨਾਂ ਵਿਚ ਸੁੱਤੇ ਭਾਵਾਂ ਨੂੰ ਜਗਾਉਣ ਦਾ ਉਹ ਜੇਰਾ ਰੱਖਦੀ ਹੈ। 'ਮਿਲਣਸਾਰ' ਨਜ਼ਮ ਵਿਚਲੀ ਸ਼ਬਦਾਵਲੀ ਵਿਸ਼ੇਸ਼ ਤੱਵਜੋ ਚਾਹੁੰਦੀ ਹੈ। ਜਿਵੇਂ ਲੋਅ ਪਹਿਲੇ ਪਹਿਰ ਦੀ, ਘਰ-ਘਰ ਖੇਡਣਾ, ਧੁੱਪ ਨੂੰ ਅਲ੍ਹੜ ਬਣਾ ਪੇਸ਼ ਕਰਨਾ, ਸੰਧੂਰੀ ਰੰਗੀ ਸ਼ਾਮ, ਅੰਬਰ ਦਾ ਤਾਰਿਆਂ ਨਾਲ ਭਰਨਾ, ਇਹ ਸਾਰਾ ਬਿਰਤਾਂਤ ਮਨ ਵਿਚ ਮਿਲਣ ਦੀ ਇੱਕ ਤਿੱਖੀ ਲੋਚਾ ਪੈਦਾ ਕਰ ਜਾਂਦਾ ਹੈ। ਸਾਡੇ ਸਮਾਜ ਵਿਚਲੇ ਇਕ ਵੱਡੇ ਔਰਤ ਵਰਗ ਨੂੰ ਪਿੱਤਰਾਤਮਕ ਸੱਤਾ ਜ਼ਹਿਰ ਦੇ ਤੁੱਲ ਲਗਣੀ ਸ਼ੁਰੂ ਹੋ ਗਈ ਹੈ ਪਰ ਹਰਿਆਣਾ ਸਾਹਿਤ ਵਿਚ ਨਿੱਤਰਿਆ, ਨਿੱਖਰ ਕੇ ਆਇਆ ਇਹ ਹਸਤਾਖ਼ਰ ਅਜਿਹੀ ਨਾਰੀਵਾਦੀ ਪ੍ਰਭਾਵ ਦੀ ਛੂਹ ਤੋਂ ਬੇਲਾਗ ਹੈ, ਸਗੋਂ ਉਹ ਤਾਂ ਦੂਜੀ ਧਿਰ ਨਾਲ ਕਦਮ ਜੋੜ ਕੇ ਚੱਲਣ ਵਿਚ ਵਿਸ਼ਵਾਸ ਰੱਖਦੀ ਹੈ। ਉਹ ਕਹਿੰਦੀ ਹੈ :

" ਕੋਈ ਗਿਲਾ ਨਹੀਂ
ਜੇ ਨਾ ਵੰਡੀ ਮੇਰੀ ਲੋਹੜੀ
ਮੇਰੇ ਮਨ ਭਾਵੇਂ ਤਰਾਗੜੀ
ਦੀ ਥਾਂਵੇਂ, ਪੰਜੇਬਾਂ ਦੀ ਜੋੜੀ
ਵੀਰਾਂ ਦੀ ਘੋੜੀ...।''

ਸ਼ਾਇਰਾ ਨੂੰ ਕਵਿਤਾ ਲਿਖਣੀ ਵੀ ਆਉਂਦੀ ਹੈ, ਤੇ ਕਾਵਿ ਮਈ ਸਥਿਤੀਆਂ ਪਰਿਸਥਿਤੀਆਂ ਉਸਾਰ ਕੇ, ਸੋਹਣਾ ਕਾਵਿਕ ਜੀਵਨ ਜਿਊਣਾ ਵੀ ਆਉਂਦਾ ਹੈ। ਉਸ ਦੇ ਕਾਵਿ ਸੰਗ੍ਰਹਿ ਦਾ ਆਰੰਭ 'ਉਦੋਂ ਨਾ ਆਇਉਂ ਲੈ ਕੇ ਗੁਲਾਬ, ਜਦੋਂ ਗੁਲਾਬ ਸਾਂ-ਉਮਰ ਦੇ ਅੱਲ੍ਹੜਪੁਣੇ ਤੋਂ ਹੁੰਦਾ ਹੈ, ਤੇ ਜਿਵੇਂ ਜਿਵੇਂ ਉਹ ਅੱਗੇ ਵਧਦੀ ਹੈ ਰਚਨਾ ਸੋਹਣਾ ਵਿਕਾਸ ਲੈਂਦੀ ਹੈ। ਔਰਤ ਮਨ ਦੀਆਂ ਅਨੇਕਾਂ ਪਰਤਾਂ ਨੂੰ ਫਰੋਲਦੀ, ਸਮਾਜ ਵਿਚ ਉਲਾਰ ਬਿਰਤੀ ਦਾ ਸ਼ਿਕਾਰ ਹੋਣ ਤੋਂ ਪੂਰੀ ਤਰ੍ਹਾਂ ਬਚਦੀ, ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪੂਰੀ ਤਨ ਦੇਹੀ ਨਾਲ ਸਾਂਭਦੀ, ਸਮੇਂ ਦੇ ਵਹਾਅ ਨਾਲ ਅੱਗੇ ਵਧਦੀ ਹੈ, ਜਿਵੇਂ-ਜਿਵੇਂ ਅੰਤ ਵਾਲੇ ਪਾਸੇ ਪਹੁੰਚਦੇ ਹਾਂ ਰਚਨਾਵਾਂ ਵਿਸਥਾਰ ਪੱਖੋਂ ਸੀਮਤ ਪਰ ਵਿਚਾਰ ਪੱਖੋਂ ਬਹੁਤ ਪਰਪੱਕ ਹੁੰਦੀਆਂ, ਵੰਨ-ਸੁਵੰਨੀਆਂ ਕਾਵਿ-ਸੁਰਾਂ ਉਸ ਦੇ ਕਾਵਿ-ਸੰਗ੍ਰਹਿ ਵਿਚ ਨਜ਼ਰੀ ਪੈਂਦੀਆਂ ਹਨ। ਡਾ. ਸਿਮਰਨ ਪਾਲ ਲਿਖਦੀ ਹੈ :

" ਅਜੋਕੇ ਸਮੇਂ ਵਿਚ ਇਸਤਰੀਆਂ ਵਿਚ ਵਿਅਕਤੀਗਤ ਜਾਂ ਸਮੂਹਿਕ ਤੌਰ 'ਤੇ ਇਕ ਨਵੀਂ ਚੇਤਨਾ ਉਤਪੰਨ ਹੋਈ ਹੈ। ਜਿਸਨੇ ਉਨ੍ਹਾਂ ਨੂੰ ਆਪਣੀ ਪਛਾਣ ਪ੍ਰਤੀ ਗਿਆਨ ਕਰਵਾਇਆ ਹੈ।''

ਇਹ ਨਵੀਂ ਚੇਤਨਾ ਹਰਿਆਣਾ ਵਿਚਲੀ ਨਾਰੀ ਲੇਖਕਾਵਾਂ ਵਿਚ ਵੀ ਪ੍ਰਗਟ ਹੋਈ ਹੈ। ਹਰਿਆਣਾ ਵਿਚਲੇ ਪੰਜਾਬੀ ਸਾਹਿਤ ਤੇ ਜਦ ਝਾਤ ਮਾਰਦੇ ਹਾਂ ਤਾਂ ਲੇਖਕਾਂ ਦੀ ਇਕ ਵੱਡੀ ਸੂਚੀ ਸਾਡੀਆਂ ਅੱਖੀਆਂ ਅੱਗੋਂ ਗੁਜ਼ਰਦੀ ਹੈ, ਪਰ ਲੇਖਿਕਾਵਾਂ ਦੀ ਗਿਣਤੀ ਅਜੇ ਆਟੇ ਵਿਚ ਲੂਣ ਦੀ ਮਾਫ਼ਿਕ ਹੈ, ਪਰ ਇਸ ਗੱਲ ਦਾ ਸਕੂਨ ਹੈ ਕਿ ਇਹ ਲੂਣ ਮਾਫ਼ਿਕ ਹੋਂਦ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਵੱਲ ਕਦਮ ਵਧਾਉਣ ਲਗ ਪਈਆਂ ਹਨ। 'ਛਿੰਦਰ ਕੌਰ ਸਿਰਸਾ' ਨੇ ਆਪਣੀ ਰਚਨਾ 'ਇਹ ਸਦੀ ਵੀ ਤੇਰੇ ਨਾਮ' ਨਾਲ ਜੋ

ਆਪਣੀ ਹੋਂਦ ਦਾ ਅਹਿਸਾਸ ਕਰਵਾਇਆ ਹੈ, ਉਹ ਹਰਿਆਣਾ ਵਿਚਲੇ ਪੰਜਾਬੀ ਸਾਹਿਤ ਦੀ ਦਸ਼ਾ ਤੇ ਦਿਸ਼ਾ ਵੱਲ ਇਕ ਚੰਗਾ ਇਸ਼ਾਰਾ ਕਰਦਾ ਹੈ :

" ਮਿੱਟੀ ਵੀ ਤੇਰੀ
ਸੰਚਾ ਵੀ ਤੇਰਾ
ਆਵਾ ਵੀ ਤੇਰਾ
ਮੈਂ ਤੇ ਬਸ ਢਲਣਾ ਹੈ।'
ਬਹੁਤ ਕੁੱਝ ਜ਼ਰੂਰੀ ਸੀ
ਤੇਰੇ ਤੋਂ ਬਗੈਰ ਵੀ
ਜ਼ਮਾਨੇ ਵਿਚ
ਪਰ ਤੂੰ ਹੀ, ਜ਼ਰੂਰੀ ਲੱਗਿਓਂ।'

**ਪੁਸਤਕ ਸੂਚੀ:**


1. ਅਰਕਮਲ ਕੌਰ, ਰੂਹ ਤੋਂ ਰੂਹ ਤੱਕ (ਸੰਪਾਦਿਤ)
2. ਡਾ. ਬਲਜੀਤ ਸਿੰਘ, ਦਲਜੀਤ ਕੌਰ ਦਾਊਂ ਦਾ ਕਾਵਿ-ਸੰਸਾਰ (ਸੰਪਾਦਿਤ)
3. ਡਾ. ਨਿਸ਼ਾਨ ਸਿੰਘ ਰਾਠੌਰ, 'ਇਹ ਸਦੀ ਵੀ ਤੇਰੇ ਨਾਉਂ' ਪੁਸਤਕ ਰੀਵਿਊ
4. ਸੁਲੱਖਣ ਸਰਹੱਦੀ, ਭੂਮਿਕਾ- 'ਕੈਨੇਡਾ ਦੇ ਸੁਪਨਮਈ ਦਿਨ' ਦੀ
5. ਸੁਰਜੀਤ ਕੌਰ, ਟੋਰਾਂਟੋ, ਭੂਮਿਕਾ- 'ਕੈਨੇਡਾ ਦੇ ਸੁਪਨਮਈ ਦਿਨ' ਦੀ
6. ਡਾ. ਸਿਮਰਤ ਪਾਲ, ਆਧੁਨਿਕ ਪੰਜਾਬੀ ਨਾਰੀ ਕਾਵਿ- ਇਕ ਅਧਿਐਨ



ਪੰਜਾਬੀ ਐਸੋਸੀਏਟ ਪ੍ਰੋਫ਼ੈਸਰ
ਡੀ.ਏ.ਵੀ. ਕਾਲਜ, ਪਿਹੋਵਾ।
98962-46701


## ਕਹਿਣੀ ਤੇ ਕਥਣੀ

**ਵੀਰ ਸਿੰਘ ਥਿੰਦ**



ਘਰ ਰੱਖੇ ਮੁੰਡੇ ਦੇ ਵਿਆਹ ਦੀਆਂ ਖ਼ੂਬ ਤਿਆਰੀਆਂ ਚਲ ਰਹੀਆਂ ਸਨ। ਮੁੰਡਾ ਅਤੇ ਉਸਦਾ ਪਿਉ ਹਲਵਾਈ ਕੋਲ ਪਹੁੰਚੇ ਤਾਂ ਜੋ ਵਿਆਹ ਦੀ ਮਠਿਆਈ ਦਾ ਸਾਮਾਨ ਲਿਖਵਾਇਆ ਜਾ ਸਕੇ।

"ਲੈ ਬਈ ਹਲਵਾਈ ਸਾਬ੍ਹ, ਵਿਆਹ 'ਤੇ ਮਠਿਆਈ ਵਾਸਤੇ ਐਹੋ ਜਿਹਾ ਸਾਮਾਨ ਲਿਖਾਈ ਕਿ ਲੋਕ ਖਾ ਕੇ ਸਵਾਦ ਨਾ ਭੁੱਲਣ, ਬਹਿ ਜਾ-ਬਹਿ ਜਾ ਹੋ ਜੇ"ਮੁੰਡੇ ਨੇ ਆਖਿਆ।

"ਗੱਲ ਈ ਕੋਈ ਨੀ ਜੀ, ਤੁਸੀਂ ਤਾਂ ਉਂਗਲਾਂ ਚੱਟਦੇ ਰਹਿ ਜਾਵੋਂਗੇ" ਹਲਵਾਈ ਨੇ ਆਖਿਆ।

"ਵਧੀਆ ਤੋਂ ਵਧੀਆ ਮਸਾਲੇ ਲਿਖਾ ਦੇ ਕੇਰਾਂ ਤਾਂ ਜੋ ਬੰਬ ਬੋਲ ਜੇ, ਜੇ ਕੋਈ ਮਸਾਲਾ ਆਪਣੇ ਸ਼ਹਿਰ ਨਹੀਂ ਮਿਲਦਾ ਤਾਹਵੀਂ ਦੱਸ ਦੀਂ, ਮੈਨੂੰ ਚਾਹੇ ਦਿੱਲੀਓਂ ਕਿਉਂ ਨਾ ਲਿਆਉਣਾ ਪਵੇ ਪਰ ਬਹਿ ਜਾ ਬਹਿ ਹੋ ਜੇ"ਮੁੰਡੇ ਨੇ ਫੇਰ ਆਖਿਆ।

"ਮਸਾਲੇ ਜਿੱਥੋਂ ਮਰਜੀ ਅਤੇ ਜਿਹੋ ਜੇ ਮਰਜੀ ਲੈ ਆ ਪੁੱਤਰਾ ਪਰ ਸਭ ਤੋਂ ਵਧੀਆ ਮਸਾਲਾ ਤਾਂ ਭੁੱਖ ਐ। ਜੇ ਭੁੱਖ ਨਹੀਂ ਤਾਂ ਸ਼ਾਹੀ ਪਨੀਰ ਵੀ ਬਕਬਕਾ ਲਗਦੈ" ਪਿਉ ਨੇ ਆਖਿਆ ਤਾਂ ਸਾਰੇ ਹੱਸਣ ਲੱਗੇ।


ਫਤਿਆਬਾਦ
(ਹਰਿਆਣਾ)-125051
9416363622


ਆਪਣੇ ਆਪ 'ਤੇ ਵਿਸ਼ਵਾਸ ਕਰੋ,
ਤਾਂ ਹੀ ਦੂਜਿਆਂ 'ਤੇ ਵਿਸ਼ਵਾਸ ਕਰ ਸਕੋਗੇ।
**ਨਰਿੰਦਰ ਸਿੰਘ ਕਪੂਰ**

# ਤੀਆਂ ਦਾ ਤਿਉਹਾਰ

ਜਸਵਿੰਦਰ ਕੌਰ 'ਜੱਸੀ'



ਸਾਉਣ ਮਹੀਨੇ ਦਿਨ ਤੀਜ਼ ਦੇ,
ਹੁੰਦਾ ਸ਼ੁਰੂ ਤਿਉਹਾਰ।
ਤੀਆਂ ਦਾ ਤਿਉਹਾਰ,
ਨੀ ਸਈਉ,
ਤੀਆਂ ਦਾ ਤਿਉਹਾਰ।

ਪੰਜਾਬ ਦੀ ਧਰਤੀ ਤਿਉਹਾਰਾਂ ਦੀ ਧਰਤੀ ਹੈ। ਲੋਹੜੀ, ਹੋਲੀ, ਵਿਸਾਖੀ, ਤੀਆਂ, ਰੱਖੜ ਪੁੰਨਿਆ, ਦੀਵਾਲੀ ਪੰਜਾਬੀ ਸਭਿਆਚਾਰ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੀ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ। ਤੀਆਂ ਦੇ ਤਿਉਹਾਰ ਨੂੰ ਸਾਂਵੇ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਤਿਉਹਾਰ ਸਾਵਣ ਦੇ ਮਹੀਨੇ ਮਨਾਇਆ ਜਾਂਦਾ ਹੈ। ਇਹ ਸਾਵਣ ਦੇ ਮਹੀਨੇ ਦੀ ਤੀਜ਼ ਤੋਂ ਸ਼ੁਰੂ ਹੁੰਦਾ ਹੈ ਅਤੇ ਪੂਰਨਮਾਸ਼ੀ ਤਕ ਰਹਿੰਦਾ ਹੈ।

ਇਸ ਮਹੀਨੇ ਮਾਪੇ ਆਪਣੀਆਂ ਵਿਆਂਦੜ (ਵਿਆਹੀਆਂ) ਧੀਆਂ ਲਈ ਸੰਧਾਰੇ ਦੇ ਰੂਪ ਵਿੱਚ ਮੱਠੀਆਂ, ਬਿਸਕੁਟ ਤੇ ਹੋਰ ਮਠਿਆਈਆਂ ਲੈ ਕੇ ਜਾਂਦੇ ਹਨ। ਜਿਸ ਕੁੜੀ ਦੇ ਪੇਕਿਓਂ ਸੰਧਾਰੇ ਵਿੱਚ ਕੀਮਤੀ ਸਮਾਨ ਆਵੇ ਉਸ ਦੀ ਸਹੁਰੇ ਘਰ ਬੜੀ ਸ਼ਾਨ ਹੁੰਦੀ ਹੈ :-

ਲੌਂਗ ਪੇਕਿਆਂ ਸੰਧਾਰੇ ਵਿੱਚ ਘਲਿਆ,
ਸੂਰਜੇ ਦਾ ਨਗ ਜੜਿਆ।
ਪਿੰਡ ਸਹੁਰਿਆਂ ਦੇ ਬੈਠੀ ਜਦੋਂ ਪਾ ਕੇ,
ਸ਼ਰੀਕਣੀ ਦੇ ਸੱਪ ਲੜਿਆ।

ਤੀਆਂ ਤੋਂ ਇਕ ਦਿਨ ਪਹਿਲਾਂ ਕੁੜੀਆਂ ਮਹਿੰਦੀ ਲਗਾਉਂਦੀਆਂ ਹਨ ਅਤੇ ਰੰਗ-ਬਰੰਗੀਆਂ ਵੰਗਾਂ ਪਹਿਨਦੀਆਂ ਹਨ। ਤੀਆਂ ਵਾਲੇ ਦਿਨ ਰੱਜ ਕੇ ਗਿੱਧਾ ਪਾਉਂਦੀਆਂ ਹਨ, ਗੀਤ ਗਾਉਂਦੀਆਂ ਹਨ ਅਤੇ ਦਰਖ਼ਤਾਂ ਉੱਤੇ ਪੀਘਾਂ ਪਾ ਕੇ ਝੂਟਦੀਆਂ ਹਨ :

ਸਾਉਣ ਮਹੀਨੇ ਬੱਦਲ ਪੈਂਦਾ, ਨਿੰਮੀਆਂ ਪੈਣ ਫੁਹਾਰਾਂ।
ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ ਇਕੋ ਜਿਹੀਆਂ ਮੁਟਿਆਰਾਂ।

ਸਹੁਰੇ ਘਰ ਬੈਠੀਆਂ ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਹਾਣੀ ਕੁੜੀਆਂ ਨੂੰ ਮਿਲਣ ਦੀ ਤਾਂਘ ਪ੍ਰਗਟ ਹੁੰਦੀ ਹੈ। ਸਾਉਣ ਦੇ ਮਹੀਨੇ ਸਹੁਰੇ ਬੈਠੀ ਕੁੜੀ ਵੀਰੇ ਨੂੰ ਉਡੀਕਦੀ ਔਸੀਆਂ ਪਾਉਂਦੀ ਹੈ। ਤੀਆਂ ਮਨਾਉਣ ਲਈ ਕੁੜੀਆਂ ਪੇਕੇ ਘਰ ਜ਼ਰੂਰ ਆਉਂਦੀਆਂ ਹਨ। ਇਸ ਮੌਕੇ 'ਤੇ ਦੂਰ-ਦੁਰਾਡੀਆਂ ਥਾਵਾਂ 'ਤੇ ਬੈਠੀਆਂ ਕੁੜੀਆਂ ਮੁੜ ਮਿਲ ਪੈਂਦੀਆਂ ਹਨ ਅਤੇ ਬਚਪਨ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ।

ਰੀਤ ਮੁਤਾਬਕ ਮਾਪੇ ਆਪਣੀਆਂ ਧੀਆਂ ਨੂੰ ਸਾਉਣ ਮਹੀਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਕੇ ਲੈ ਆਉਂਦੇ ਹਨ। ਕੁੜੀਆਂ ਹੱਥਾਂ 'ਤੇ ਮਹਿੰਦੀ ਲਾਉਂਦੀਆਂ ਹਨ ਤੇ ਨਾਲੇ ਰੰਗ-ਬਰੰਗੀਆਂ ਚੂੜੀਆਂ ਵੀ ਚੜਾਉਂਦੀਆਂ ਹਨ। ਫਿਰ ਸ਼ਾਮ ਨੂੰ ਤਿਆਰ ਹੋ ਕੇ ਕਿਸੇ ਸਾਂਝੀ ਥਾਂ 'ਤੇ ਜਾਂਦੀਆਂ ਹਨ, ਪਿੱਪਲਾਂ, ਟਾਹਲੀਆਂ 'ਤੇ ਪੀਘਾਂ ਪਾਉਂਦੀਆਂ ਹਨ, ਗੋਲ ਘੇਰਾ ਬਣਾ ਕੇ ਗਿੱਧਾ ਪਾਉਂਦੀਆਂ ਹਨ, ਇੱਕ ਕੁੜੀ ਬੋਲੀ ਪਾਉਂਦੀ ਹੈ ਤੇ ਬਾਕੀ ਸਾਰੀਆਂ ਆਖਰੀ ਟੱਪੇ ਨੂੰ ਬਾਰ-ਬਾਰ ਦੁਹਰਾ ਕੇ ਬੋਲਦੀਆਂ ਹਨ ਤੇ ਦੋ ਜਾਂ ਵੱਧ ਘੇਰੇ ਅੰਦਰ ਨੱਚਦੀਆਂ ਹਨ –

ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ-ਕੁੱਦਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ-
ਨਣਦਾਂ ਤੇ ਭਰਜਾਈਆਂ।

ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡਾਂ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ, ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਜਿਹੜੀਆਂ ਔਰਤਾਂ ਨੇ ਬਚਪਨ ਵਿੱਚ ਤੀਆਂ ਦਾ ਮਾਹੌਲ

ਦੇਖਿਆ ਹੈ, ਉਨ੍ਹਾਂ ਦੇ ਮਨ ਵਿੱਚ ਦੁਬਾਰਾ ਤੀਆਂ 'ਤੇ ਜਾਣ ਦਾ ਚਾਅ ਪੈਦਾ ਹੁੰਦਾ ਹੈ।

ਇਸ ਮੇਲੇ ਵਿੱਚ ਪੀਂਘਾਂ ਦਾ ਖ਼ਾਸ ਪ੍ਰਬੰਧ ਕੀਤਾ ਜਾਂਦਾ ਹੈ। ਪੁੰਨਿਆ ਵਾਲੇ ਦਿਨ ਵਾਅਲੋ ਪਾਈ ਜਾਂਦੀ ਹੈ, ਕੁੜੀਆਂ ਘਰ ਨੂੰ ਵਾਪਸ ਜਾਂਦੀਆਂ ਵਾਰ-ਵਾਰ ਰੁਕ-ਰੁਕ ਕੇ ਗਿੱਧਾ ਪਾਉਂਦੀਆਂ ਤੇ ਨਾਲੇ ਗੀਤ ਗਾਉਂਦੀਆਂ ਘਰਾਂ ਨੂੰ ਜਾਂਦੀਆਂ ਹਨ।

ਤੀਆਂ ਤੋਂ ਬਾਅਦ ਜਦੋਂ ਕੁੜੀਆਂ ਆਪਣੇ ਸਹੁਰੇ ਵਾਪਸ ਜਾਂਦੀਆਂ ਹਨ ਤਾਂ ਪੇਕੇ ਕੁੜੀਆਂ ਨੂੰ ਕੱਪੜੇ ਤੇ ਬਿਸਕੁੱਟ ਦੇ ਕੇ ਤੋਰਦੇ ਹਨ-

ਸੌਣ ਮਹੀਨੇ ਦਿਨ ਤੀਜ਼ ਦੇ,
ਹੁੰਦਾ ਸ਼ੁਰੂ ਤਿਉਹਾਰ।
ਤੀਆਂ ਦਾ ਤਿਉਹਾਰ, ਨੀ ਸਈਉ,
ਤੀਆਂ ਦਾ ਤਿਉਹਾਰ।

ਸਜ ਵਿਆਹੀਆਂ ਦਾ ਪੇਕੇ ਜਾ ਕੇ,
ਹਾਣਨਾਂ ਨਾਲ ਹੋਵੇ ਮੇਲ।
ਚਾਅ ਖੇੜੇ ਸਭ ਪੂਰੇ ਹੋਵਣ,
ਰਹੇ ਤੇਰ ਨਾ ਮੇਰ।

ਪਿੰਡੋਂ ਬਾਹਰ ਪੀਂਘਾਂ ਝੂਟਣ,
ਗਿੱਧਾ ਪਾਉਣ ਮੁਟਿਆਰਾਂ।
ਪਿੜ ਵਿੱਚ ਬਹਿ ਕੇ ਦੁੱਖ-ਸੁੱਖ ਫੋਲਣ,
ਹਾਣ ਦੀਆਂ ਸਭ ਨਾਰਾਂ।

ਹੱਥੀਂ ਮਹਿੰਦੀ ਬਾਹੀਂ ਚੂੜਾ,
ਹਰ ਕੁੜੀ ਦੇ ਫੱਬੇ।
ਘੇਰਾ ਬੰਨ੍ਹ-ਬੰਨ੍ਹ ਪਾਉਣ ਬੋਲੀਆਂ,
ਕੋਈ ਪਿੱਛੇ ਕੋਈ ਅੱਗੇ।

ਸ਼ਾਮਲਾਟ 'ਤੇ ਜਾਣ ਉਹ ਸ਼ਾਮੀਂ,
ਪਿੱਪਲੀ ਪੀਘਾਂ ਪਾਵਣ।
ਸੋਹਣੇ ਕੱਪੜੇ ਜੁੱਤੀ ਸੋਹਣੀ,
ਪੈਰੀਂ ਖ਼ੂਬ ਸਜਾਵਣ।

ਮਾਹਲ ਪੂੜੇ ਤੇ ਖੀਰ ਜਲੇਬੀ,
ਘਰ-ਘਰ ਬਣੇ ਜ਼ਰੂਰ।
ਇਸ ਨੂੰ ਕਦ ਕੋਈ ਨਾਂਹ ਪਿਆ ਕਰਜੂ,
ਇਹ ਹਰ ਇੱਕ ਨੂੰ ਮਨਜ਼ੂਰ।

ਸੋ, ਸੌਣ ਮਹੀਨੇ ਦਿਨ ਤੀਜ਼ ਦੇ,
ਹੁੰਦਾ ਸ਼ੁਰੂ ਤਿਉਹਾਰ।
ਪੁੰਨਿਆ 'ਤੇ ਇਹ ਪੂਰਾ ਹੁੰਦਾ,
ਕਰ ਲੋ ਖ਼ੁਸ਼ੀ ਅਪਾਰ।
ਪੁੰਨਿਆ 'ਤੇ ਇਹ ਪੂਰਾ ਹੁੰਦਾ,
ਕਰ ਲੋ ਖ਼ੁਸ਼ੀ ਅਪਾਰ।

ਜਿਨ੍ਹਾਂ ਔਰਤਾਂ ਦੇ ਕੰਤ ਪਰਦੇਸ ਗਏ ਹੁੰਦੇ ਹਨ, ਉਨ੍ਹਾਂ ਦੇ ਵਿਛੋੜੇ ਦਾ ਦੁੱਖ ਤੇ ਯਾਦ ਤੜਪਾ ਕੇ ਰੱਖ ਦਿੰਦੀ ਹੈ। ਪਤੀ ਦੇ ਵਿਛੋੜੇ ਵਿੱਚ ਪੰਜਾਬੀ ਮੁਟਿਆਰ ਬੋਲੀ ਪਾਉਂਦੀ ਹੈ-

"ਮਾਹੀ ਮੇਰੇ ਦਾ ਪੱਕਿਆ ਬਾਜਰਾ
ਤੁਰ ਪਈ ਗੋਪੀਆ ਫੜ੍ਹ ਕੇ
ਖੇਤ 'ਚ ਜਾ ਕੇ ਹੂਕਰ ਮਾਰੀ
ਸਿਖਰ ਬੰਨੇ 'ਤੇ ਚੜ੍ਹ ਕੇ
ਵੇ ਟੂਰ ਪਰਦੇਸ ਗਿਉਂ
ਦਿਲ ਮੇਰੇ ਵਿੱਚ ਵੱਸਕੇ।"
"ਹੋਰਨਾਂ ਦੇ ਮਾਹੀਏ ਤੀਆਂ ਵੇਖਣ
ਮੇਰਾ ਚੁਗੇ ਕਪਾਹ
ਵੇ ਤੂੰ ਰਾਹ ਨਹੀਂ ਜਾਣਦਾ
ਤੀਆਂ ਵੇਖਣ ਆ।"

ਕੁਆਰੀਆਂ ਕੁੜੀਆਂ ਆਪਣੇ ਦਿਲ ਦੀ ਭੜਾਸ ਇਹ ਬੋਲੀ ਪਾ ਕੇ ਕੱਢਦੀਆਂ ਹਨ :

"ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਲੋਈ
ਮੈਨੂੰ ਵਿਆਹ ਦੇ ਅੰਮੀਏ
ਮੈਂ ਤਾਂ ਕੋਠੇ ਜਿੱਡੀ ਹੋਈ।"

ਸੌਣ ਦੇ ਮਹੀਨੇ ਮੀਂਹ ਵਰ੍ਹਦਾ ਹੈ। ਕੁੜੀਆਂ ਕਦੇ ਇੱਕਠੀਆਂ ਹੋ ਕੇ ਬੈਠਦੀਆਂ ਹਨ ਅਤੇ ਕਦੇ ਬੋਲੀਆਂ ਪਾਉਂਦੀਆਂ ਹਨ-

ਛਮ ਛਮ ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ
ਆਓ ਕੁੜੀਓ ਗਿੱਧਾ ਪਾਈਏ
ਸਾਨੂੰ ਸਾਉਣ ਸੈਨਤਾਂ ਮਾਰੇ।

ਸੱਸਾਂ, ਨਨਾਣਾਂ, ਦਿਉਰਾਂ ਅਤੇ ਜੇਠਾਂ ਦੀਆਂ ਗੱਲਾਂ ਕਰਦੀਆਂ ਹਨ। ਗੱਲਾਂ-ਗੱਲਾਂ ਵਿੱਚ ਪੇਕਿਆਂ ਦੀਆਂ ਸਿਫਤਾਂ ਅਤੇ ਸਹੁਰਿਆਂ ਦੀਆਂ ਨਿਘੋਰਾਂ ਕੱਢੀਆਂ ਜਾਂਦੀਆਂ ਹਨ। ਗੱਲਾਂ ਦਾ ਸਿਲਸਿਲਾ ਮੁੱਕਣ ਦੀ ਬਜਾਏ ਦੂਣ ਸਵਾਇਆ ਹੁੰਦਾ ਜਾਂਦਾ ਹੈ।

ਆਉਂਦੀ ਕੁੜੀਏ, ਜਾਂਦੀ ਕੁੜੀਏ,
ਤੁਰਦੀ ਪਿੱਛੇ ਨੂੰ ਜਾਵੇਂ,
ਨੀ ਕਾਹਲੀ ਕਾਹਲੀ ਪੈਰ ਪੱਟ ਲੈ,
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ,
ਨੀ ਕਾਹਲੀ .......

ਬਜ਼ੁਰਗ ਔਰਤਾਂ ਦਾ ਦੱਸਣਾ ਹੈ ਕਿ ਪਿੱਪਲ ਦਾ ਅਤੇ ਤੀਆਂ ਦਾ ਆਪਸੀ ਰਿਸ਼ਤਾ ਬੜਾ ਡੂੰਘਾ ਹੈ ਕਿਉਂਕਿ ਬਜ਼ੁਰਗ ਬੁੱਢੇ ਪਿੱਪਲਾਂ ਹੇਠ ਬੈਠ ਕੇ ਆਪਣੀ ਜਵਾਨੀ ਦੀਆਂ ਗੱਲਾਂ ਕਰਦੇ ਹਨ। ਪਿੰਡ  ਦੀਆਂ ਕੁੜੀਆਂ-ਚਿੜੀਆਂ ਨੱਚਦੀਆਂ-ਟੱਪਦੀਆਂ ਬੋਲੀ ਪਾਉਂਦੀਆਂ ਹਨ।

ਕੁੜੀਆਂ ਬਾਝ ਨਾ ਸੋਂਹਦੇ ਪਿੱਪਲ,
ਬਾਗਾਂ ਬਾਝ ਫਲਾਹੀਆਂ।
ਹੰਸਾਂ ਨਾਲ ਹਮੇਸ਼ਾਂ ਸੁਹੰਦੀਆਂ
ਬੰਦਾਂ ਨਾਲ ਗਜਰਾਈਆਂ।
ਧੰਨ ਭਾਗ ਮੇਰਾ ਆਖੇ ਪਿੱਪਲ
ਕੁੜੀਆਂ ਪੀਂਘਾਂ ਪਾਈਆਂ,
ਸੌਣ ਵਿੱਚ ਕੁੜੀਆਂ ਨੇ
ਪੀਂਘਾਂ ਖ਼ੂਬ ਚੜ੍ਹਾਈਆਂ।

ਪਹਿਲੇ ਸਮੇਂ ਵਿੱਚ ਔਰਤਾਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟਣ ਕਰ ਕੇ ਤੀਆਂ ਦਾ ਰੰਗ ਫਿੱਕਾ ਪੈ ਗਿਆ ਹੈ। ਹੁਣ ਤਾਂ ਤੀਆਂ ਦਾ ਤਿਉਹਾਰ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਦਾ ਕੁਝ ਘੰਟੇ ਦਾ ਮਹਿਮਾਨ ਬਣ ਕੇ ਰਹਿ ਗਿਆ ਹੈ। ਸਟੇਜਾਂ ’ਤੇ ਕੁੜੀਆਂ ਬਿਊਟੀ ਪਾਰਲਰਾਂ ਤੋਂ ਤਿਆਰ ਹੋ ਕੇ ਬਨਾਉਟੀ ਗਹਿਣੇ ਪਾ ਕੇ ਗਿੱਧਾ ਪਾਉਂਦੀਆਂ ਹਨ, ਜਿਸ ਵਿੱਚੋਂ ਪੰਜਾਬੀ ਸਭਿਆਚਾਰ ਦੀ ਝਲਕ ਨਹੀਂ ਪੈਂਦੀ।

ਤੀਆਂ ਦੇ ਇਹ ਦਿਨ ਜਵਾਨ ਪੰਜਾਬਣ ਲਈ ਵਿਆਹ ਵਾਂਗ ਬੀਤਦੇ ਹਨ। ਪੁੰਨਿਆ ਵਾਲੇ ਦਿਨ ਹੱਥਾਂ ਦੀ ਮਹਿੰਦੀ ਉਦਾਸ ਹੋ ਜਾਂਦੀ ਹੈ। ਅਖੀਰਲੇ ਦਿਨ ਵਾਹਲੋ ਪਾਈ ਜਾਂਦੀ ਹੈ ਅਰਥਾਤ ਤੀਆਂ ਨੂੰ ਵਿਦਾ ਕੀਤਾ ਜਾਂਦਾ ਹੈ। ਇਕ ਗੜ੍ਹਵੀ ਵਿੱਚ ਪਾਣੀ ਪਾ ਕੇ ਤੇ ਪਾਣੀ ਵਿੱਚ ਘਾਹ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਹਨ –

ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ

ਕੁੜੀਆਂ ਗੜਵੀ ਵਿਚਲੇ ਪਾਣੀ ਦਾ ਛਿੱਟਾ ਦਹਿਲੀਜ਼ ’ਤੇ ਦਿੰਦੀਆਂ ਹਨ। ਇਸ ਤਰ੍ਹਾਂ ਤੀਆਂ ਦਾ ਭਰਿਆ ਮੇਲਾ ਅਗਲੇ ਸਾਲ ਲਈ ਵਿਦਾ ਹੋ ਜਾਂਦਾ ਹੈ।

ਆਉ! ਫਿਰ  ਪੰਜਾਬ ਦੇ ਅਮੀਰ ਸਭਿਆਚਾਰਕ ਵਿਰਸੇ  ਨੂੰ ਜਿਉਂਦਾ ਰੱਖਣ ਲਈ ਪੁਰਾਤਨ ਤੀਆਂ ਦੇ ਪਿੜਾਂ ਦੀ ਪਿੰਡ- ਪਿੰਡ ਸਥਾਪਤੀ ਕਰਨ ਲਈ ਆਪਣਾ ਯੋਗਦਾਨ ਪਾਈਏ ਤਾਂ ਜੋ ਸਾਡੇ ਅਮੀਰ ਪੰਜਾਬੀ ਸਭਿਆਚਾਰਕ ਵਿਰਸੇ ਦੀ ਧਾਕ ਨੂੰ ਕਾਇਮ ਰੱਖਿਆ ਜਾ ਸਕੇ। ਅਖੀਰ ਵਿੱਚ ਇਹੋ ਕਹਿਣਾ ਚਾਹਾਂਗੀ-

“ਤੀਆਂ ਸੌਣ ਦੀਆਂ
ਭਾਦੋਂ ਦੇ ਮੁਕਲਾਵੇ
ਸੌਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।”

ਬਟਾਲਾ,
ਜ਼ਿਲ੍ਹਾ- ਗੁਰਦਾਸਪੁਰ- 143505
9877069801

ਅੱਖਾਂ ਸਾਰਿਆਂ ਕੋਲ ਹੁੰਦੀਆਂ ਹਨ,
ਨੀਝ ਕਿਸੇ-ਕਿਸੇ ਕੋਲ ਹੁੰਦੀ ਹੈ।

**ਨਰਿੰਦਰ ਸਿੰਘ ਕਪੂਰ**

# ਚਾਹ ਵਾਲਾ ਮੁੰਡਾ

ਡਾ. ਨੀਲੂ ਸੂਦ



ਭਾਰਤੀ ਰੇਲ ਨਾਲ ਤਾਂ ਜਿਵੇਂ ਜਨਮ-ਜਨਮ ਦਾ ਰਿਸ਼ਤਾ ਬਣ ਗਿਆ ਸੀ। ਰੋਜ਼ ਸਵੇਰੇ ਆਪਣੇ ਬੈਗ ਵਿੱਚ ਰੋਟੀ ਦਾ ਡੱਬਾ ਤੇ ਪਾਣੀ ਦੀ ਬੋਤਲ ਪਾ ਕੇ ਬਾਪੂ ਜੀ ਦੀ ਪੁਰਾਣੀ ਸਕੂਟਰ 'ਤੇ ਬਹਿ ਜਾਂਦਾ। ਸਵੇਰ ਦੀ ਡੂੰਘੀ ਚੁੱਪ ਵਿੱਚ ਜਦੋਂ ਗਲੀਆਂ ਵਿੱਚੋਂ ਬਾਪੂ ਜੀ ਦਾ ਸਕੂਟਰ ਲੰਘਦਾ ਤਾਂ ਮੈਨੂੰ ਬੜੀ ਸ਼ਰਮ ਆਉਂਦੀ ਜਿਵੇਂ ਐਮਰਜੈਂਸੀ ਦਾ ਘੁੱਗੂ ਵੱਜ ਰਿਹਾ ਹੋਵੇ ਤੇ ਨੀਂਦ 'ਚ ਘੂਕ ਸੌਂ ਰਹੇ ਲੋਕਾਂ ਨੂੰ ਕਹਿ ਰਿਹਾ ਹੋਵੇ 'ਮੈਂ ਤਾਂ ਚੱਲ ਪਿਆ ਹਾਂ ਤੇ ਤੁਸੀਂ ਅਜੇ ਵੀ ਸੁੱਤੇ ਦੇ ਸੁੱਤੇ।' ਪਰ ਮੇਰੀ ਵੀ ਮਜਬੂਰੀ ਸੀ ਸਵੇਰੇ ਚਾਰ ਵਜੇ ਕੋਈ ਸਵਾਰੀ ਨਾ ਚੁੱਕਦਾ ਤੇ ਮੇਰੀ ਗੱਡੀ ਠੀਕ ਚਾਰ ਵਜ ਕੇ ਵੀਹ ਮਿੰਟ 'ਤੇ ਟੁਰ ਪੈਂਦੀ ਸੀ। ਦਿੱਲੀ ਸਟੇਸ਼ਨ 'ਤੇ ਪਹੁੰਚ ਕੇ ਮੈਨੂੰ ਕੋਈ ਕਾਹਲੀ ਨਾ ਹੁੰਦੀ। ਸੁਸਤ-ਸੁਸਤ ਕਦਮਾਂ ਨਾਲ ਬਾਹਰ ਨਿਕਲਦਾ ਅਤੇ ਸੋਚਦਾ ਕਿ ਮੇਰੀ ਤਾਂ ਜ਼ਿੰਦਗੀ ਇਸ ਆਵਾਜਾਈ ਦੇ ਚੱਕਰ ਵਿੱਚ ਹੀ ਫਸ ਕੇ ਰਹਿ ਗਈ। ਸੜਕ ਪਾਰ ਕਰਦੇ ਮੈਨੂੰ 742 ਨੰ. ਬੱਸ ਦਫ਼ਤਰ ਦੇ ਨੇੜੇ ਲਾਹ ਦਿੰਦੀ ਤੇ ਮੈਂ ਰੋਜ਼-ਰੋਜ਼ ਉਹਨਾਂ ਹੁਲਾਰੇ ਲੈਂਦੇ ਰੁੱਖਾਂ ਦੇ ਥੱਲੇ ਸੁੱਕੇ ਪੱਤਿਆਂ ਨੂੰ ਕਰੀਚਦਾ ਦਫ਼ਤਰ ਵੱਲ ਨੂੰ ਟੁਰ ਪੈਂਦਾ। ਫ਼ੌਜਾ ਸਿੰਘ ਕੰਟੀਨ ਵਾਲੇ ਦਾ ਨੌਕਰ ਬੰਨਾ ਫ਼ਰਸ਼ ਧੋ ਰਿਹਾ ਹੁੰਦਾ ਤੇ ਮੈਨੂੰ ਵੇਖ ਕੇ ਝਾੜੂ ਪਰਾਂ ਸੁੱਟ ਕੇ ਖੜ੍ਹਾ ਹੋ ਜਾਂਦਾ ਜਿਵੇਂ ਕੋਈ ਸਲਾਮੀ ਦੇ ਕੇ ਆਦਰ ਕਰ ਰਿਹਾ ਹੋਵੇ। ਉਹ ਭੱਜ ਕੇ ਪੁਰਾਣੀ ਕੁਰਸੀ ਪਿੱਪਲ ਦੇ ਰੁੱਖ ਹੇਠ ਡਾਹ ਦਿੰਦਾ ਤੇ ਮੈਨੂੰ ਨਵਾਂ ਨਕੋਰ ਅਖ਼ਬਾਰ ਫੜ੍ਹਾ ਕੇ ਮੁੜ ਤੋਂ ਆਪਣੇ ਕੰਮ 'ਤੇ ਲਗ ਜਾਂਦਾ। "ਸਾਹਿਬ ਜੀ ਤੁਸੀਂ ਕੱਲ੍ਹ ਨਹੀਂ ਆਏ! ਸਭ ਠੀਕ-ਠਾਕ ਤਾਂ ਹੈ।" ਮੈਂ ਉਸ ਨੂੰ ਹਾਂ ਕਹਿ ਕੇ ਚੁੱਪ ਹੋ ਜਾਂਦਾ ਤੇ ਅਖ਼ਬਾਰ ਹੀ ਪੜ੍ਹਦਾ ਰਹਿੰਦਾ। ਦਫ਼ਤਰ ਦੇ ਦਰਵਾਜ਼ੇ ਖੁੱਲ੍ਹਦੇ ਤੇ ਮੈਂ ਅਖ਼ਬਾਰ ਕੁਰਸੀ 'ਤੇ ਰੱਖ ਕੇ ਟੁਰ ਪੈਂਦਾ। ਬੰਨਾ ਮੈਨੂੰ ਇੱਕ ਨਿੱਘੀ ਜਿਹੀ ਮੁਸਕਾਨ ਨਾਲ ਵਿਦਾਈ ਦੇਂਦਾ ਜਿਵੇਂ ਮੇਰਾ ਕੋਈ ਦਿਲੀ ਪਿਆਰਾ ਹੋਵੇ। ਮੇਰੇ ਮਨ 'ਚ ਪਤਾ ਨਹੀਂ ਕਿਉਂ ਇਹ ਗੱਲ ਡੂੰਘੀ ਥਾਵੇਂ ਬੈਠੀ ਸੀ ਕਿ ਗ਼ਰੀਬ ਮੁੰਡਾ ਮੇਰੇ ਤੋਂ ਪੈਸੇ ਉਧਾਰ ਨਾ ਮੰਗ ਲਵੇ ਤੇ ਮੈਨੂੰ ਇਸ ਨਾਲ ਜ਼ਿਆਦਾ ਘੁਲਣਾ-ਮਿਲਣਾ ਨਹੀਂ ਚਾਹੀਦਾ।

ਇੱਕ ਦਿਨ ਮੇਰੇ ਦਿਲ ਦੀ ਆਵਾਜ਼ ਸੱਚ ਹੋ ਗਈ। ਉਹ ਮੈਨੂੰ ਘਬਰਾਇਆ ਜਿਹਾ ਮਿਲਿਆ ਤੇ ਆਪਣੇ ਨੇਮ ਤੋਂ ਬਾਅਦ ਉਹ ਮੇਰੇ ਕੋਲ ਹੀ ਖੜ੍ਹੋਤਾ ਰਿਹਾ। ਮੈਂ ਘਬਰਾ ਗਿਆ ਸੀ ਕਿ ਅੱਜ ਤਾਂ ਇਹ ਜ਼ਰੂਰ ਪੈਸੇ ਦੀ ਮੰਗ ਕਰੇਗਾ। ਮੈਂ ਮਨ ਹੀ ਮਨ 'ਚ ਉਸ ਨੂੰ ਨਾਂਹ ਕਰਨ ਦੀ ਤਿਆਰੀ ਕਰ ਲਈ। ਉਸਨੇ ਟੁੱਟੇ-ਫੁੱਟੇ ਸ਼ਬਦ ਜੋੜ ਕੇ ਆਖਿਆ, "ਸਾਹਿਬ ਜੀ! ਪਿੰਡ ਤੋਂ ਕੱਲ੍ਹ ਸ਼ਾਮ ਕਾਲੂ ਚਾਚੇ ਦਾ ਜਵਾਈ ਦੱਸ ਕੇ ਗਿਆ ਹੈ ਕਿ ਪਿੰਡ 'ਚ ਮਾਂ ਬਹੁਤ ਬਿਮਾਰ ਹੈ। ਮੈਂ ਕਿਸੇ ਤਰ੍ਹਾਂ ਉਸ ਕੋਲ ਪਹੁੰਚ ਜਾਵਾਂ ਤੇ ਉਹ ਠੀਕ ਹੋ ਜਾਵੇਗੀ। ਜੇ ਤੁਸੀਂ ਟਿਕਟ ਖ਼ਾਤਰ 200 ਰੁਪਏ ਦੇ ਦਿਓ ਤੇ... ਵਾਪਸ ਆ ਕੇ ਤੁਹਾਨੂੰ ਮੋੜ ਦੇਵਾਂਗਾ।" ਮੈਂ ਚਿਹਰੇ 'ਤੇ ਅਸਲ ਭਾਵ ਲਿਆਉਂਦੇ ਹੋਏ ਆਖਿਆ, "ਓਏ ਬੰਨਿਆ ਅੱਜ ਤਾਂ ਮੇਰਾ ਪਰਸ ਹੀ ਘਰ ਰਹਿ ਗਿਆ ਹੈ। ਤੂੰ ਫੌਜੇ ਤੋਂ ਮੰਗ ਲਵੀਂ ਤੇ ਛੇਤੀ ਹੀ ਘਰ ਪੁੱਜ ਜਾਵੀਂ। ਮਾਂ ਉਡੀਕਦੀ ਹੋਵੇਗੀ।" ਮੈਂ ਅਖ਼ਬਾਰ ਵੀ ਅੱਧੀ ਹੀ ਪੜ੍ਹ ਕੇ ਕੁਰਸੀ 'ਤੇ ਰੱਖ ਦਿੱਤੀ ਤੇ ਦਫ਼ਤਰ ਦੇ ਸਾਹਮਣੇ ਸੜਕ 'ਤੇ ਚੱਕਰ ਕੱਟਣ ਲੱਗਾ। ਮਨ ਹੀ ਮਨ 'ਚ ਤਸੱਲੀ ਸੀ ਕਿ ਮੈਂ ਕਿਸੇ ਤਰ੍ਹਾਂ ਬਚ ਨਿਕਲਿਆ।

ਅਗਲੀ ਸਵੇਰ ਸਟੇਸ਼ਨ ਤੋਂ ਦਫ਼ਤਰ ਆਉਂਦੇ ਹੋਏ ਪਲੇਟਫ਼ਾਰਮ ਨੰ: ਦੋ 'ਤੇ ਰੇਲਵੇ ਪੁਲਿਸ ਦੀ ਟੀਮ ਬਿਨਾਂ ਟਿਕਟ ਸਫ਼ਰ ਕਰ ਰਹੇ ਮੁਸਾਫ਼ਰਾਂ ਨੂੰ ਘੇਰ ਕੇ ਲੈ ਜਾ ਰਹੀ ਸੀ। ਮਨ ਤੋਂ ਆਵਾਜ਼ ਆਈ, "ਕਮੀਨੇ ਜਿਹੇ ਇੱਕ ਟਿਕਟ ਵੀ ਨਹੀਂ ਖ਼ਰੀਦ ਸਕਦੇ।" ਪਰ ਅਚਾਨਕ ਮੇਰੀ ਨਜ਼ਰ ਉਹ ਚਾਹ ਵਾਲੇ ਮੁੰਡੇ 'ਤੇ ਪਈ ਜੋ ਅੱਖਾਂ ਨੀਵੀਂਆਂ ਪਾਈ ਉਸ ਟੋਲੀ 'ਚ ਟੁਰਿਆ ਜਾ ਰਿਹਾ ਸੀ। ਮੇਰੇ ਪੈਰ ਤੇ ਦਿਮਾਗ ਸੁੰਨ ਹੋ ਗਏ ਸੀ ਤੇ ਮੈਂ ਬੰਨੇ ਦਾ ਅਸਲੀ ਗੁਨਹਗਾਰ ਸੀ। ਹੇ ਰੱਬਾ! ਮੇਰੇ ਇਸ ਗੁਨਾਹ ਲਈ ਮੈਨੂੰ ਬਖਸ਼ ਦੇਵੀਂ। ਮਿਹਰ ਕਰੋ ਦਾਤਾ ਜੀ।

ਯੂ.ਐਚ.6, ਮੈਡੀਕਲ ਕੈਂਪਸ
ਪੀ.ਜੀ.ਆਈ.ਐਮ.ਐਸ.,
ਰੋਹਤਕ-124001
9416147725

# ਵਲੂੰਧਰਿਆ ਹਿਰਦਾ

ਬਲਬੀਰ ਸਿੰਘ 'ਬੇਲੀ'



ਹਰਬੰਸ ਕੌਰ ਜਦੋਂ ਬਿਸ਼ਨ ਕੌਰ ਦੇ ਘਰ ਆਈ ਤਾਂ ਲਾਗੇ ਬੈਠੀ ਆਪਣੀ ਨੂੰਹ ਸਤਵੰਤ ਕੌਰ ਨੂੰ ਉਸ ਨੇ ਆਖਿਆ, "ਧੀਏ ਜਾਹ ਦੋ ਕੱਪ ਚਾਹ ਦੇ ਬਣਾ ਕੇ ਲਿਆ।"

ਸਤਵੰਤ ਕੌਰ ਰਸੋਈ ਵੱਲ ਤੁਰ ਪਈ ਅਤੇ ਦੋਵੇਂ ਗੁਆਂਢਣਾਂ ਆਪਸ ਵਿਚ ਇੱਧਰ ਉੱਧਰ ਦੀਆਂ ਗੱਲਾਂ ਕਰਨ ਲੱਗ ਪਈਆਂ। ਇਸ ਦੌਰਾਨ ਹਰਬੰਸ ਕੌਰ ਨੇ ਸਲਾਹ ਦੇਂਦਿਆਂ ਕਿਹਾ, "ਭੈਣ ਬਿਸ਼ਨ ਕੌਰੇ! ਸਤਵੰਤ ਕੌਰ ਨੂੰ ਕਿਸੇ ਸਿਆਣੇ, ਡਾਕਟਰ ਜਾਂ ਨਰਸ ਨੂੰ ਵਿਖਾ ਕੇ ਵੇਖ ਲੈਣਾ ਸੀ, ..... ਅੱਜ ਕੱਲ੍ਹ ਤਾਂ ਸੁਣਿਆ ਏ, ਬਹੁਤ ਇਲਾਜ ਚਲੇ ਹੋਏ ਨੇ, ...... ਸ਼ਾਇਦ ਉਸ ਦੀ ਗੋਦ ਹਰੀ ਹੋ ਜਾਏ।"

ਠੰਡਾ ਹਉਕਾ ਭਰਕੇ ਬਿਸ਼ਨ ਕੌਰ ਨੇ ਜੁਆਬ ਦਿੱਤਾ, ਭੈਣ ਬੰਸੋ! ਸਾਨੂੰ ਤਾਂ ਦਸ ਸਾਲ ਹੋ ਗਏ ਨੇ ਧੱਕੇ ਖਾਂਦਿਆਂ ਨੂੰ, ਕੋਈ ਡਾਕਟਰ, ਕੋਈ ਨਰਸ, ਕੋਈ ਸਿਆਣਾ ਤੇ ਕੋਈ ਥਾਂ ਨਹੀਂ ਛੱਡੀ ਜਿੱਥੇ ਨਾ ਗਏ ਹੋਈਏ, ਪਰ ਸਾਰਿਆਂ ਨੇ ਇਹੋ ਆਖਿਆ ਏ.... ਸਤਵੰਤ ਹੁਣ ਮਾਂ ਨਹੀਂ ਬਣ ਸਕਦੀ।

ਦੋਵਾਂ ਦੀਆਂ ਗੱਲਾਂ-ਬਾਤਾਂ ਸਤਵੰਤ ਕੌਰ ਨੂੰ ਰਸੋਈ ਵਿੱਚ ਸੁਣਾਈ ਦੇ ਰਹੀਆਂ ਸਨ। ਜਦੋਂ ਉਹ ਚਾਹ ਵਾਲੀ ਟਰੇਅ ਲੈ ਕੇ ਆ ਰਹੀ ਸੀ ਤਾਂ ਉਸ ਸਮੇਂ ਉਸ ਨੇ ਆਪਣੀ ਸੱਸ ਬਿਸ਼ਨ ਕੌਰ ਨੂੰ ਕਹਿੰਦਿਆਂ ਸੁਣਿਆ, "ਚਲੋ ਜੀ, ਜੋ ਰੱਬ ਨੂੰ ਮਨਜ਼ੂਰ,... ਉਹਦਾ ਭਾਣਾ....।"

ਚਾਹ ਵਾਲੀ ਟਰੇਅ ਮੇਜ਼ ਉੱਤੇ ਰੱਖਦਿਆਂ ਸਤਵੰਤ ਕੌਰ ਨੇ ਰੋਸ ਭਰੇ ਲਹਿਜੇ ਵਿੱਚ ਕਿਹਾ, "ਰੱਬ ਨੂੰ ਤਾਂ... ਸਾਡਾ ਭਲਾ ਹੀ ਮਨਜ਼ੂਰ ਸੀ,... ਉਸ ਨੇ ਤਾਂ ਮੈਨੂੰ ਮਾਂ ਬਣਨ ਦਾ ਸੁਭਾਗ ਬਖਸ਼ਿਆ ਸੀ... ਪਰ ...।"

"ਪਰ ਕੀ....?" ਹਰਬੰਸ ਕੌਰ ਨੇ ਪੁੱਛਿਆ।

ਬਿਸ਼ਨ ਕੌਰ ਵੱਲ ਇਸ਼ਾਰਾ ਕਰਦਿਆਂ ਸਤਵੰਤ ਕੌਰ ਨੇ ਦੱਸਿਆ, "ਰੱਬ ਵੱਲੋਂ ਦਿੱਤੀ ਜਾ ਰਹੀ ਧੀ ਦੀ ਦਾਤ ਇਨ੍ਹਾਂ ਨੂੰ ਮਨਜ਼ੂਰ ਨਹੀਂ ਸੀ...., ਲਿੰਗ ਟੈਸਟ ਕਰਵਾਉਣ ਤੋਂ ਬਾਅਦ, ਇਨ੍ਹਾਂ ਨੇ ਮੇਰੇ ਘਰਵਾਲੇ ਨੂੰ ਮਜ਼ਬੂਰ ਕਰ ਦਿੱਤਾ,..... ਤੇ ਫਿਰ ਮੇਰੇ ਲੱਖ ਤਰਲੇ-ਵਾਸਤੇ ਪਾਉਂਦਿਆਂ.... ਬਿਨਾਂ ਪਰਵਾਹ ਕੀਤੇ.... ਮੇਰਾ ਗਰਭਪਾਤ ਕਰਵਾ ਦਿੱਤਾ.... ਬੱਸ ਉਦੋਂ ਦਾ ਹੀ ਕੋਈ ਨੁਕਸ ਪੈ ਗਿਆ ਏ.... ਜਿਸ ਕਰਕੇ ਹੁਣ ਮੈਂ ਕਦੇ ਵੀ ਮਾਂ ਨਹੀਂ ਬਣ ਸਕਦੀ, ਹੁਣ ਤੁਸੀਂ ਦੱਸੋ ਇਸ ਵਿੱਚ ਰੱਬ ਦਾ ਕਸੂਰ ਏ.... ਮੇਰਾ ਕਸੂਰ ਏ... ਜਾਂ ਮੇਰੀ ਇਸ ਸੱਸ ਦਾ (ਰੋਂਦਿਆਂ ਹੋਇਆਂ).... ਦੱਸੋ... ਦੱਸੋ ਕੌਣ ਹੈ ਕਸੂਰਵਾਰ...?"

ਸਤਵੰਤ ਕੌਰ ਦਾ ਦੁੱਖ ਅਤੇ ਸਵਾਲ ਸੁਣ ਕੇ ਹਰਬੰਸ ਕੌਰ ਨੇ ਬਿਸ਼ਨ ਕੌਰ ਵੱਲ ਵੇਖਿਆ ਤਾਂ ਉਹ ਚੁੰਨੀ ਨਾਲ ਗਲੇਡੂ ਪੂੰਝ ਰਹੀ ਸੀ। ਉਸ ਨੇ ਕੰਬਦੀ ਆਵਾਜ਼ ਨਾਲ ਕਿਹਾ,.... ਫੜ੍ਹੋ.... ਭੈਣ ਜੀ, ਚਾਹ ਪੀਓ...।"

ਚਾਹ ਵਾਲਾ ਕੱਪ ਫੜ੍ਹਦਿਆਂ ਹਰਬੰਸ ਕੌਰ ਨੇ ਕਿਹਾ, "ਦੇਖ ਧੀਏ ਸਤਵੰਤ ਕੌਰੇ....।" ਬਿਸ਼ਨ ਕੌਰ ਦੀਆਂ ਗਿੱਲੀਆਂ ਅੱਖਾਂ ਦੱਸਦੀਆਂ ਹਨ ਕਿ ਉਹ ਆਪਣੇ ਆਪ ਨੂੰ ਕਸੂਰਵਾਰ ਸਮਝ ਕੇ ਪਛਤਾ ਰਹੀ ਹੈ...।"

"ਪਰ... ਹੁਣ ਇਸ ਪਛਤਾਵੇ ਦਾ ਕੀ ਲਾਭ ਹੈ...? ਇਸ ਪਛਤਾਵੇ ਨਾਲ ਮੇਰਾ ਉਹ ਸੰਤਾਪ ਤਾਂ ਦੂਰ ਨਹੀਂ ਹੋਣਾ... ਜੋ ਮੈਂ ਬਾਂਝਪੁਣੇ ਦਾ ਹੰਢਾ ਰਹੀ ਹਾਂ...।" ਇਹ ਗੱਲ ਕਹਿ ਕੇ ਹਉਕੇ ਲੈਂਦੀ ਹੋਈ ਸਤਵੰਤ ਕੌਰ, ਆਪਣੇ ਕਮਰੇ ਵਿੱਚ ਜਾ ਕੇ ਮੂਧੇ ਮੂੰਹ ਲੇਟ ਗਈ।

ਹਰਬੰਸ ਕੌਰ ਨੇ ਬਿਸ਼ਨ ਕੌਰ ਨੂੰ ਸਮਝਾਇਆ, "ਚੱਲ ਕੋਈ ਨਹੀਂ... ਨੂੰਹ ਦੇ ਆਖੇ ਦਾ ਗੁੱਸਾ ਨਾ ਮਨਾਈਂ.... ਵਾਕਿਆ ਹੀ ਉਹ ਵਿਚਾਰੀ ਅੰਦਰੋਂ ਦੁਖੀ ਏ...., ਆਪਾਂ ਗੱਲਾਂ-ਗੱਲਾਂ 'ਚ ਉਸ ਦੇ ਅੱਲੇ ਜ਼ਖਮਾਂ ਨੂੰ ਛੇੜ ਦਿੱਤਾ। ਹੁਣ ਤਾਂ ਉਸ ਦੇ ਦੁਖੀ ਦਿਲ ਦੇ ਜ਼ਖਮ ਪਿਆਰ ਦੇ ਮੱਲ੍ਹਮ ਨਾਲ ਹੀ ਭਰ ਸਕਦੇ ਹਨ।" ਇਹ ਗੱਲ ਕਹਿ ਕੇ ਉਸ ਨੇ ਚਾਹ ਪੀਤੀ ਤੇ ਘਰ ਨੂੰ ਮੁੜ ਗਈ।

ਗਲੀ ਸਾਲਗ ਰਾਮ ਵਾਲੀ,
ਮਹੱਲਾ ਟਾਂਕ-ਕਸ਼ੱਤਰੀ,
ਤਰਨਤਾਰਨ (ਪੰਜਾਬ)
62841-22703

# ਕੁਦਰਤ ਦਾ ਸੁਰ ਸੰਗੀਤ

ਪਰਦੀਪ ਮਹਿਤਾ



ਤ੍ਰਿੰਜਣ! ਤੀਆਂ! ਸ਼ਬਦ ਸੁਣਦੇ ਹੀ ਕੁੜੀਆਂ ਦੇ ਝੁਰਮਟ, ਗੀਤ ਬੋਲੀਆਂ, ਤਾੜੀਆਂ, ਅੱਡੀ-ਟੱਪਾ..ਪਤਾ ਨਹੀਂ ਕੀ ਕੀ ਚੇਤੇ ਆਉਣ ਲੱਗਦਾ ਹੈ .....ਸੰਗੀਤ ਭਰਪੂਰ!

ਮੈਨੂੰ ਮਾੜੀ ਜਿਹੀ ਸੁਰਤ ਹੈ ਜਦੋਂ ਸਾਡੇ ਘਰੇ ਕਿੰਨੇ ਸਾਰੇ ਚਰਖਿਆਂ ਦਾ ਅਲੌਕਿਕ ਨਾਦ ਸੁਣਿਆ ਸੀ। ਮੇਰੀ ਮਾਂ, ਭੈਣ ਸਮੇਤ ਸਾਰੀਆਂ ਚਾਚੀਆਂ, ਤਾਈਆਂ, ਦਾਦੀਆਂ ਦੁਆਰਾ ਗਾਏ ਗੀਤਾਂ ਦੀ ਸਮਝ ਭਾਵੇਂ ਘੱਟ ਸੀ ਪਰ ਜਦੋਂ ਉਹ ਮੂੰਹ ਜੋੜ ਹੇਕਾਂ ਲਾਉਂਦੀਆਂ ਤਾਂ ਦਿਲ ਨੂੰ ਧੂਹ ਪੈਂਦੀ।

ਦਾਲ ਦਲ਼ਦੀਆਂ ਚੱਕੀਆਂ ਦੀ 'ਕਰੜ ਕਰੜ', ਮਾਮਜਿਸਤਿਆਂ ਵਿੱਚ ਮਿਰਚਾਂ ਕੁੱਟਣ ਵੇਲੇ ਦੀ 'ਠੱਕ-ਠੱਕ, ਠੇਹ ਠੈਂ ', ਛੱਜ ਵਿੱਚ ਛੱਟਣ ਲਈ ਦਾਲਾਂ ਜਾਂ ਕਣਕ ਦੇ ਅੱਗੇ ਪਿੱਛੇ ਹੁੰਦੇ ਦਾਣਿਆਂ ਦੀ ਆਵਾਜ਼, ਕੂੰਡੇ ਘੋਟਿਆਂ ਵਿਚ ਚਟਣੀ-ਮਸਾਲੇ ਰਗੜਨ ਵੇਲੇ ਘਰਾਂ ਵਿੱਚੋਂ ਪੱਥਰ ਅਤੇ ਲੱਕੜ ਦੀਆਂ ਰਗੜ ਦੀਆਂ ਰਲੀਆਂ-ਮਿਲੀਆਂ ਸੰਗੀਤਮਈ ਧੁੰਨਾਂ।

ਕੱਪੜੇ ਸਿਉਣ ਵਾਲੀਆਂ ਮਸ਼ੀਨਾਂ ਦੀ ਨੀਂਦ ਲਿਆਉਣ ਵਾਲੀ ਮੰਦ-ਮੰਦ ਧੁੰਨ!

ਗਰਮੀਆਂ ਦੀਆਂ ਦੁਪਹਿਰਾਂ ਨੂੰ ਦਰੀ ਬੁਣਨ ਲਈ ਵਰਤੇ ਜਾਂਦੇ ਹੱਥਿਆਂ ਦੀ 'ਠੱਕ ਠੱਕ' ਦੀ ਮਨਭਾਉਂਦੀ ਲੈਅ, ਨਿਰੀਆਂ ਮਾਂ ਦੀਆਂ ਲੋਰੀਆਂ।

ਚੁੱਲ੍ਹੇ ਵਿੱਚ ਅੱਗ ਮਚਾਉਣ ਲਈ ਵਰਤੀ ਜਾਂਦੀ ਫੂਕਣੀ ਦੀ ਬੇਸੁਰੀ ਸੁਰ ਕ੍ਰਿਸ਼ਨ ਭਗਵਾਨ ਦੀ ਬੰਸਰੀ ਨਾਲੋਂ ਘੱਟ ਨਹੀਂ ਸੀ ਹੁੰਦੀ।

ਘਰਾਂ 'ਚ ਗਿੜਦੇ ਨਲਕਿਆਂ ਦੀ ਤਾਲ ਧੜਕਦੀ ਜ਼ਿੰਦਗੀ ਦੀ ਹਾਮੀ ਭਰਦੀ ਸੀ।

ਆਥਣ ਉੱਗਣ ਪਿੱਤਲ ਦੀ ਬਾਲਟੀ ਵਿੱਚ ਦੁੱਧ ਦੀਆਂ ਧਾਰਾਂ ਦੇ ਸ਼ਾਂਤ ਝਰਨਿਆਂ ਦੀ ਛਣ-ਛਣ ਮੰਤਰ ਮੁਗਧ ਕਰ ਦਿੰਦੀ।

ਕੱਪੜੇ ਧੋਣ ਵੇਲੇ ਥਾਪੀ ਦੀ 'ਥੱਪ-ਥੱਪ', ਵਿਹੜਾ ਸੁੰਭਰਦੇ ਸਮੇਂ ਬਹੁਕਰ ਜਾਂ ਜੂੜੀ ਦੀ 'ਛੇਹ-ਛੇਹ', ਆਟਾ ਛਾਣਦੇ, ਪਾਥੀਆਂ ਪੱਥਦੇ, ਰੋਟੀਆਂ ਵੇਲਦੇ, ਬੱਕਲ਼ੀਆਂ/ਖਲ ਕੁੱਟਦੇ ਸਮੇਂ ਵੰਗਾਂ ਦੀ ਛਣਕਾਰ ਸੰਗੀਤ ਦੇ ਤਿਲਿਸਮੀ ਸੰਸਾਰ ਵਿੱਚ ਲੈ ਜਾਂਦੀ।

ਕੱਚੀਆਂ-ਪੱਕੀਆਂ ਗਲੀਆਂ ਵਿੱਚੋਂ ਲੰਘਦੇ ਹੋਏ ਸਾਈਕਲਾਂ ਦੇ ਚੈਨ ਕਵਰ, ਮਡਗਾਰਡ ਤੇ ਸੁੱਕੀਆਂ ਗੋਲੀਆਂ ਦੀ 'ਚੀਂ-ਚੀਂ, ਖੜ-ਖੜ', ਦੁਪਹਿਰੇ ਡਾਕੀਏ ਦੀ ਕਨਸੋਅ ਦਿੰਦੀ ਨਵੀਂ ਨਕੋਰ ਘੰਟੀ ਅਲੌਕਿਕ ਤਾਲ ਪੈਦਾ ਕਰਦੀ।

ਠੰਡੀ ਠਾਰ ਕੁਲਫ਼ੀ, ਬੁੱਢੀ ਮਾਈ ਦਾ ਝਾਟਾ, ਝੰਡੀ ਵਾਲੀ ਬਰੀਕ ਕਾਨੀ ਤੇ ਖੰਡ ਦੀਆਂ ਰੰਗ-ਬਰੰਗੀਆਂ ਪੱਟੀਆਂ ਲਪੇਟ ਕੇ ਵੇਚਣ ਵਾਲੇ ਦੀ 'ਟਨ ਟਨ' ਕੰਨਾਂ ਵਿੱਚ ਸ਼ਹਿਦ ਘੋਲਦੀ।

ਮਦਾਰੀ ਦੀ ਡੁਗਡੁਗੀ, ਕੰਨੀ ਮੁੰਦਰਾਂ ਗਲ ਸੱਪ ਲਟਕਾਈ ਦਰ-ਦਰ ਅਲੱਖ ਜਗਾਉਂਦੇ ਸਪੇਰਿਆਂ ਦੇ ਬੀਨ ਦਾ ਅਲਾਪ, ਆਟਾ/ਕਣਕ ਬਦਲੇ ਫ਼ਿਲਮ ਦਿਖਾਉਣ ਵਾਲੇ ਟੁੰਡੇ ਦੀ ਘੰਟੀ ਬਾਲ ਮਨਾਂ ਅੰਦਰ ਸੰਗੀਤਕ ਛੂਹ ਛੇੜਦੇ।

ਛਿਪਣ ਵੇਲੇ ਇੱਜੜਾਂ ਦੇ ਗਲਾਂ ਵਿੱਚ ਪਾਏ ਘੁੰਗਰੂਆਂ ਦੀ ਟੁਣਕਾਰ ਕਿਸੇ ਅਲੋਕਾਰੇ ਸੰਸਾਰ ਵਿੱਚ ਲੈ ਤੁਰਦੇ ਤੇ ਮੰਗਤਿਆਂ ਜਾਂ ਫੇਰੀ ਵਾਲਿਆਂ ਦੇ ਹੋਕਰੇ ਵੀ ਘੱਟ ਨਹੀਂ ਸਨ, ਖ਼ਾਸ ਕਰਕੇ ਸਾਡੇ ਵਾਲੇ ਪਾਸੇ 'ਬੈਂਗਲ.....ਚੁੱਅ੍ਅ੍ਅ੍ੜੀ..! ਹੋਕਾ ਦਿੰਦਾ ਵਣਜਾਰਾ।

ਆਹਲਣਿਆਂ ਨੂੰ ਪਰਤਦੀਆਂ ਡਾਰਾਂ ਦੀ ਚਹਿਚਹਾਟ, ਬੈਠਕ ਵਿੱਚ ਲੱਗੀਆਂ ਅੱਗੇ ਵੱਲ ਝੁਕੀਆਂ ਧਾਰਮਿਕ ਫ਼ੋਟੋ ਫਰੇਮ 'ਤੇ ਬੈਠੇ ਚਿੜੀਆਂ ਦੇ ਜੋੜਿਆਂ ਦੇ ਗੁਰਮਤੇ, ਪ੍ਰਾਹੁਣਿਆਂ ਦੇ ਆਉਣ ਦੀ ਭਵਿੱਖਬਾਣੀ ਕਰਦੇ ਕਾਂਵਾਂ ਦੀ

ਕਾਂ-ਕਾਂ, ਮਿੱਠੀ ਨੀਦੋਂ ਜਗਾਉਂਦੇ ਮੁਰਗ਼ੇ ਦੀ ਬਾਂਗ, ਸ਼ਾਮ ਵੇਲੇ ਦੂਰ-ਦੁਰਾਡੇ ਦਰਖ਼ਤਾਂ ਵਿੱਚੋਂ ਆਉਂਦੀਆਂ ਮੋਰਾਂ ਦੀਆਂ ਕੂਕਾਂ, ਕੋਇਲ ਦੀ ਬਿਰਹੋਂ ਕੁੰਠੀ ਕੂ- ਕੂ, ਡੱਡਾਂ, ਬੀਂਡਿਆਂ, ਟਿੱਡਿਆਂ ਦੀ ਦੂਰ-ਦੂਰ ਤੱਕ ਜਾਂਦੀ ਟ੍ਰੈਂ-ਟ੍ਰੈਂ, ਟੀਂ-ਟੀਂ, ਸਾਂ-ਸਾਂ, ਟਟਿਹਰੀ ਦੀ 'ਧੀ ਦਿਉਂ- ਧੀ ਦਿਉਂ ਜਾਂ ਛੱਟੀ ਕਰੋ ਛੱਟੀ' ਦੀ ਧੁੰਨ ਕਿਸ ਨੂੰ ਪਿਆਰੀ ਨਾ ਲੱਗੇ।

ਖੇਡਦੇ ਬੱਚਿਆਂ ਦੀਆਂ ਕੋਕਲੀਆਂ, ਕਿਲਕਾਰੀਆਂ, ਚੀਕਾਂ, ਕੂਕਾਂ। ਮੇਲਿਓਂ ਮੁੜਦੀ ਭੀੜਾਂ ਦੀਆਂ ਸੀਟੀਆਂ, ਪੀਨੀਆਂ, ਬੁਘਦੂਆਂ ਦੀ ਕਾਵਾਂ ਰੌਲ਼ੀ ਦਾ ਜਾਦੂ।

ਸੰਧਿਆ ਸਮੇਂ ਮੰਦਰ 'ਚ ਵੱਜਦੇ ਘੜਿਆਲ, ਘਰਾਂ 'ਚ ਆਰਤੀ ਕਰਦਿਆਂ ਟੱਲੀਆਂ ਦੀ ਟਨ-ਟਨ, ਹਨ੍ਹੇਰੀ ਝੱਖੜ ਵੇਲੇ ਖੜਕਦੇ ਬੂਹੇ-ਬਾਰੀਆਂ ਅਤੇ ਪੱਤਿਆਂ ਦੀ ਖੜ-ਖੜ, ਸੀਟੀਆਂ ਵਜਾਉਂਦੀ ਹਵਾ ਦੀਆਂ ਡਰਾਉਣੀਆਂ ਆਵਾਜ਼ਾਂ, ਅੱਖਾਂ ਚੁੰਧਿਆਉਂਦੀ ਚਮਕ ਪਿੱਛੋਂ ਗੜਗੜਾਹਟ ਤੇ ਠਾਹ ਕਰਦੀ ਜਾਨ ਕੱਢਦੀ ਬਿਜਲੀ ਦੀ ਆਵਾਜ਼ ਵੀ ਕੁਦਰਤੀ ਸੰਗੀਤ ਦੇ ਸਰੋਤ ਸਨ।

ਰੇਡਿਉ 'ਤੇ ਸਵੇਰ ਤੋਂ ਸ਼ਾਮ ਤੱਕ ਚੱਲਦੇ ਫਰਮਾਇਸ਼ੀ, ਬਿਨਾਕਾ ਫਿਰ ਸਿਬਾਕਾ ਗੀਤਮਾਲਾ, ਤਾਮੀਰੇ-ਸ਼ਾਦ ਪ੍ਰੋਗਰਾਮਾਂ ਅਧੀਨ ਵੱਜਦੇ ਮਿੱਠੇ-ਮਿੱਠੇ ਪੰਜਾਬੀ ਅਤੇ ਹਿੰਦੀ ਗੀਤ, ਗਰਮੀਆਂ ਰੁੱਤੇ ਹਵਾ ਦੀ ਭਾਲ ਵਿੱਚ ਘਸੀਟ ਕੇ ਇੱਧਰ ਉੱਧਰ ਕਰਦੇ ਸੂਤ ਜਾਂ ਵਾਣ ਦੇ ਮੰਜੇ, ਬਲੂੰਗੜਿਆਂ ਦੀ ਘਸਾਹਟ ਸਕੂਨ ਪ੍ਰਦਾਨ ਕਰਦੇ।
ਰਾਤ ਨੂੰ ਪਹਿਰੇਦਾਰ ਦੀ ਸੀਟੀ ਅਤੇ ਡਾਂਗ ਦੇ ਤਾਲਮੇਲ ਤੋਂ ਪੈਦਾ ਹੋਇਆ 'ਸਵੀਅ ....ਫੱਟਕ.... ਫੱਟਕ ....ਜਾਗਦੇ ਰਹੋ...।'

ਮਨ ਸ਼ਾਂਤ ਸਨ। ਹੋੜ ਰਹਿਤ ਜੀਵਨ ਸੀ, ਸਭ ਕੁਝ ਸੰਗੀਤਮਈ ਸੀ। ਸ਼ੋਰ-ਸ਼ਰਾਬੇ ਤੇ ਧੱਕੇ-ਮੁੱਕੇ ਦੇ ਇਸ ਯੁੱਗ ਵਿੱਚ ਸੰਗੀਤ ਵੀ ਕੰਨਾਂ ਨੂੰ ਖਾਣ ਵਾਲਾ ਆ ਰਿਹਾ ਹੈ।

ਲੈਕਚਰਾਰ ਪੰਜਾਬੀ, ਮੌੜ ਮੰਡੀ
ਜ਼ਿਲ੍ਹਾ-ਬਠਿੰਡਾ (ਪੰਜਾਬ)
9464587013

## ਮਾਂ

**ਇਕਬਾਲ ਸਿੰਘ ਹਮਜਾਪੁਰ**



ਰਾਮੂ ਗੁੰਮ-ਸੁੰਮ ਸੀ। ਜਿੱਦਣ ਦੀ ਮਾਂ ਮਰੀ ਸੀ, ਉੱਦਣ ਤੋਂ ਰਾਮੂ ਏਸੇ ਤਰ੍ਹਾਂ ਸੀ।

"ਰਾਮੂ ਨੇ ਮਾਂ ਦੇ ਵਿਛੋੜੇ ਨੂੰ ਬਹੁਤਾ ਹੀ ਦਿਲ 'ਤੇ ਲਾ ਲਿਆ।" ਰਾਮੂ ਦੀ ਹਾਲਤ ਵੇਖ ਕੇ ਮਾਂ ਦੀ ਫੂਹੜੀ 'ਤੇ ਬਹਿਣ ਵਾਲਿਆਂ 'ਚੋਂ ਇਕ ਜਣੇ ਨੇ ਆਖਿਆ ਤੇ ਖੁੰਢ ਚਰਚਾ ਛਿੜ ਪਈ।

"ਰਾਮੂ, ਮਾਂ ਦੀ ਸੇਵਾ ਵੀ ਬਾਹਲੀ ਕਰਦਾ ਸੀ।"

"ਰਾਮੂ ਨੇ ਮਾਂ ਦੀ ਸੇਵਾ ਤੇ ਕਰਨੀ ਹੀ ਸੀ। ਅਗਲੇ ਰਾਮੂ ਨੂੰ ਛੱਡ ਕੇ ਹੀ ਮਾਂ ਦੀ ਸੇਵਾ ਲਈ ਗਏ ਸਨ।"

"ਅਗਲੇ ਆਪ ਭਾਵੇਂ ਸ਼ਹਿਰ ਵੱਸ ਗਏ ਸਨ ਪਰ ਮਾਂ ਦੀ ਸੇਵਾ ਦਾ ਪ੍ਰਬੰਧ ਕਰਕੇ ਗਏ ਸਨ। ਮਾਂ ਦੀ ਸੇਵਾ ਬਦਲੇ ਹੀ ਤਿੰਨੇ ਜਣੇ ਰਾਮੂ ਨੂੰ ਬੱਝੀ ਤਨਖ਼ਾਹ ਦਿੰਦੇ ਸਨ।"

"ਮਾਂ ਨਾਲ ਹੀ ਰਾਮੂ ਦੀ ਨੌਕਰੀ ਬਣੀ ਸੀ, ਹੁਣ ਜਦੋਂ ਮਾਂ ਹੀ ਨਹੀਂ ਰਹੀ, ਰਾਮੂ ਨੂੰ ਕਿਹਨੇ ਰੱਖਣਾ ਤੇ ਕਿਸ ਨੇ ਤਨਖ਼ਾਹ ਦੇਣੀ ਆ।"

"ਨੌਕਰੀ ਦੇ ਖੁੱਸ ਜਾਣ ਕਰਕੇ ਹੀ ਰਾਮੂ ਦੀ ਹਾਲਤ ਇਸ ਤਰ੍ਹਾਂ ਦੀ ਹੋ ਗਈ ਆ। ਹੁਣ ਪਤਾ ਨਹੀਂ ਵਿਚਾਰੇ ਨੂੰ ਕਿੱਥੇ-ਕਿੱਥੇ ਧੱਕੇ ਖਾਣੇ ਪੈਣ।"

"ਨੌਕਰੀ ਦਾ ਕੀ ਏ। ਨੌਕਰੀ ਜਿੱਥੇ ਮਰਜ਼ੀ ਲੱਭ ਲਵੋ। ਪਰ ਉਹ ਮਾਂ ਨਹੀਂ ਲੱਭਣੀ, ਜਿਹੜੀ ਜੰਮਣ ਵਾਲੀ ਮਾਂ ਦਾ ਚੇਤਾ ਨਹੀਂ ਆਉਣ ਦਿੰਦੀ ਸੀ।" ਖੁੰਢ ਚਰਚਾ ਸੁਣ ਕੇ ਰਾਮੂ ਨੇ ਆਖਿਆ ਤੇ ਰਾਮੂ ਨਾਲ ਕਈ ਜਣੇ ਹੋਰ ਵੀ ਰੋ ਪਏ।

ਜ਼ਿਲ੍ਹਾ-ਫਤਿਆਬਾਦ
(ਹਰਿਆਣਾ)-125051
9416592149

# ਅਲੋਪ ਹੋ ਰਹੇ 'ਹੱਥ ਪੱਖੇ'

ਤਸਵਿੰਦਰ ਸਿੰਘ ਵੜੈਚ



ਬੇਸ਼ੱਕ ਅਸੀਂ ਏ.ਸੀ., ਬਿਜਲੀ ਪੱਖਿਆਂ ਅਤੇ ਕੂਲਰਾਂ ਦਾ ਭਰਪੂਰ ਅਨੰਦ ਮਾਣ ਰਹੇ ਹਾਂ ਪਰ ਫਿਰ ਵੀ ਹੱਥ ਪੱਖਿਆਂ ਦੀ ਆਪਣੀ ਹੀ ਪਛਾਣ ਹੈ। ਕੋਈ ਵੇਲਾ ਸੀ ਜਦੋਂ ਹੱਥ ਪੱਖੇ ਘਰਾਂ 'ਚ ਬੜੇ ਚਾਅ ਨਾਲ ਬੁਣੇ ਜਾਂਦੇ ਸਨ। ਔਰਤਾਂ ਦਾ ਹੱਥ-ਪੱਖੇ, ਪੱਖੀਆਂ, ਦਰੀਆਂ, ਮੰਜੇ-ਪੀੜ੍ਹੀਆਂ ਬੁਣਨਾ ਆਮ ਸ਼ੌਕ ਸੀ ਜੋ ਕਿ ਘਰ ਦੀ ਲੋੜ ਨੂੰ ਵੀ ਪੂਰਾ ਕਰਦਾ ਸੀ। ਹੱਥ-ਪੱਖੇ, ਹੱਥ ਪੱਖੀ ਦੀ ਤਰ੍ਹਾਂ ਹੀ ਬੁਣੇ ਜਾਂਦੇ ਸਨ ਪਰ ਆਕਾਰ ਵਿੱਚ ਹੱਥ ਪੱਖੀਆਂ ਨਾਲੋਂ ਵੱਡੇ ਹੁੰਦੇ ਸਨ। ਪਹਿਲਾਂ ਹੱਥ ਪੱਖੇ ਦਾ ਚੱਕਰਦਾਰ ਤਾਰ, ਜਿਸ ਨਾਲ ਮੁੱਠੀ ਨੁਮਾ ਹੱਥੀ ਜੜ੍ਹਤ ਹੁੰਦੀ ਸੀ ਫਰੇਮ ਬਾਜ਼ਾਰ ਵਿਚੋਂ ਖ਼ਰੀਦਿਆ ਜਾਂਦਾ, ਫਿਰ ਉਸ 'ਤੇ ਕੁੜੀਆਂ ਰੰਗਦਾਰ ਰੇਸ਼ਮੀ ਧਾਗਿਆਂ ਦਾ ਤਾਣਾ ਪਾਉਂਦੀਆਂ। ਫਿਰ ਸੂਈ ਵਿੱਚ ਧਾਗਾ ਪਾ ਕੇ ਉਸ ਨੂੰ ਬੁਣਿਆਂ ਜਾਂਦਾ ਸੀ। ਹੱਥ ਪੱਖੇ ਨੂੰ ਕੁੜੀਆਂ ਬੜੀ ਮਿਹਨਤ ਨਾਲ ਬੁਣਦੀਆਂ। ਪੱਖਿਆਂ ਉੱਤੇ ਮੁਟਿਆਰਾਂ ਬੜੀਆਂ ਰੀਝਾਂ ਨਾਲ ਵੇਲ-ਬੂਟੇ ਤੇ ਮੋਰ-ਘੁੱਗੀਆਂ ਆਦਿ ਦੇ ਨਮੂਨੇ ਪਾਉਂਦੀਆਂ ਸਨ। ਅਜਿਹੇ ਨਮੂਨੇ ਪਾਏ ਜਾਂਦੇ ਕਿ ਦੇਖਣ ਵਾਲੇ ਦੀ ਭੁੱਖ ਲਹਿ ਜਾਂਦੀ। ਪੱਖਿਆਂ ਦੇ ਨਮੂਨੇ ਦੇਖਣਯੋਗ ਹੁੰਦੇ ਸਨ। ਵੰਨ-ਸੁਵੰਨੇ ਪੱਖੇ ਦੇਖ ਕੇ ਮਨ ਗਦ-ਗਦ ਹੋ ਜਾਂਦਾ। ਜੇ ਕਿਸੇ ਦੇ ਪੱਖੇ ਦਾ ਨਮੂਨਾ ਬਹੁਤ ਹੀ ਵੱਖਰਾ ਹੁੰਦਾ ਤਾਂ ਉਸ ਤੋਂ ਉਹ ਹੱਥ ਪੱਖਾ ਦੋ-ਚਾਰ ਦਿਨ ਲਈ ਮੰਗ ਕੇ ਉਹੋ ਜਿਹਾ ਨਮੂਨਾ ਘਰ 'ਚ ਪਾ ਲਿਆ ਜਾਂਦਾ। ਪੱਖੇ ਨੂੰ ਬੁਣਨ ਤੋਂ ਬਾਅਦ ਇਸ ਦੇ ਦੁਆਲੇ ਵਲ਼ਦਾਰ ਝਾਲਰ ਲਾਈ ਜਾਂਦੀ। ਝਾਲਰ ਇਕ ਖ਼ਾਸ ਨਮੂਨੇ ਦੀ ਬਣਾਈ ਜਾਂਦੀ ਸੀ, ਜਿਹੜੀ ਕਿ ਪੱਖੇ ਵਾਲੇ ਪਾਸਿਉਂ ਪਲੇਟ ਪਾ ਕੇ ਛੋਟੀ ਕੀਤੀ ਹੁੰਦੀ ਸੀ ਅਤੇ ਬਾਹਰੋਂ ਖੁੱਲ੍ਹੀ ਹੁੰਦੀ ਸੀ। ਝਾਲਰ ਵੀ ਏਨੀ ਪਿਆਰੀ ਲਗਾਈ ਹੁੰਦੀ ਕਿ ਦੇਖਣ ਵਾਲੇ ਦਾ ਮਨ ਮੋਹ ਲੈਂਦੀ। ਇਸ ਤਰ੍ਹਾਂ ਇਹ ਹੱਥ-ਪੱਖਾ ਝੱਲ ਮਾਰਨ ਲਈ ਤਿਆਰ ਹੋ ਜਾਂਦਾ। ਹੱਥ ਨਾਲ ਝੱਲਣ ਵਾਲੇ ਇਹ ਪੱਖੇ ਕਿਸੇ ਵੇਲੇ ਲੋਕਾਂ ਦਾ ਪਸੀਨਾ ਸੁਕਾਉਣ ਦੇ ਕੰਮ ਆਉਂਦੇ ਸਨ। ਇਹ ਪੱਖੇ ਆਮ ਤੌਰ 'ਤੇ ਸਮਾਜਿਕ ਤੇ ਧਾਰਮਿਕ ਇਕੱਠਾਂ ਵਿੱਚ ਵਰਤੇ ਜਾਂਦੇ ਸਨ। ਵਿਆਹ-ਸ਼ਾਦੀਆਂ ਵਿੱਚ ਲਾਵਾਂ-ਫੇਰਿਆਂ ਵੇਲੇ ਇਹ ਪੱਕੇ ਝੱਲੇ ਜਾਂਦੇ ਸਨ। ਗੁਰਦੁਆਰਿਆਂ ਵਿੱਚ ਇਹ ਪੱਖੇ ਆਮ ਹੁੰਦੇ ਸਨ। ਗੁਰਦੁਆਰਿਆਂ ਦੇ ਇਕੱਠਾਂ ਵਿੱਚ ਸੰਗਤਾਂ ਦੀ ਸੇਵਾ ਇਹਨਾਂ ਪੱਖਿਆਂ ਨਾਲ ਕੀਤੀ ਜਾਂਦੀ ਸੀ। ਇਕ ਜਣਾ ਹੱਥ ਨਾਲ ਡੰਡੀ ਦੇ ਵਿਚਕਾਰੋਂ ਫੜ ਕੇ ਤੇ ਦੂਜਾ ਹੱਥ ਮੁੱਠੇ ਨੂੰ ਪਾ ਕੇ ਝੱਲਦਾ ਸੀ ਤੇ ਹਵਾ ਲੈਣ ਵਾਲੇ ਉਸ ਨੂੰ ਅਸੀਸਾਂ ਦਿੰਦੇ। ਪੱਖਾ ਝੱਲਣ ਦੀ ਸੇਵਾ ਕਰਨੀ ਲੋਕ ਖ਼ੁਸ਼ਕਿਸਮਤੀ ਵਾਲਾ ਕੰਮ ਸਮਝਦੇ ਸਨ। ਗਰਮੀ ਦੇ ਮਹੀਨਿਆਂ ਵਿੱਚ ਵਹੁਟੀਆਂ ਵੀ ਰੀਝ ਕਰਦੀਆਂ ਕਿ ਕੰਤ ਉਨ੍ਹਾਂ ਨੂੰ ਪੱਖੇ ਦੀ ਹਵਾ ਦੇਵੇ, ਤਾਂਹੀਓਂ ਤਾਂ ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ-

ਤੂੰ ਸੌਂਵੇਂ ਮੈਂ ਪੱਖਾ ਝੱਲਦੀ,<br>
ਚੰਨ ਜਿਹਾ ਤੇਰਾ ਮੂੰਹ,<br>
ਮੇਰਾ ਵੀ ਜੀਅ ਕਰਦਾ ਸੌਂਵਾਂ<br>
ਪੱਖਾ ਝੱਲੇਂ ਤੂੰ।

ਪਰ ਅੱਜਕੱਲ੍ਹ ਬਿਜਲਈ ਪੱਖਿਆਂ, ਕੂਲਰਾਂ, ਏ.ਸੀ. ਵਰਗੇ ਸਾਧਨਾਂ ਨੇ ਇਨ੍ਹਾਂ ਪੱਖਿਆਂ ਦੀ ਕਦਰ ਗਵਾ ਦਿੱਤੀ ਹੈ। ਪੱਖਿਆਂ ਦੇ ਜਾਣ ਨਾਲ ਪੱਖਾ ਝੱਲਣ ਦੀ ਸਾਂਝ ਤੇ ਪੱਖੇ ਬਨਾਉਣ ਦੀ ਇਹ ਕਲਾ ਵੀ ਖ਼ਤਮ ਹੋ ਰਹੀ ਹੈ।


ਪਿੰਡ-ਦਿਵਾਲਾ, ਤਹਿ: ਸਮਰਾਲਾ<br>
ਜ਼ਿਲ੍ਹਾ- ਲੁਧਿਆਣਾ, (ਪੰਜਾਬ)<br>
98763-22677

ਚੰਗਾ ਲੇਖਕ, ਪਾਠਕਾਂ ਨੂੰ ਬੰਦ ਗਲੀਆਂ ਵਿੱਚੋਂ ਕੱਢ ਕੇ,<br>
ਜ਼ਿੰਦਗੀ ਦੀ ਜਰਨੈਲੀ ਸੜਕ 'ਤੇ ਲੈ ਆਉਂਦਾ ਹੈ।

**ਨਰਿੰਦਰ ਸਿੰਘ ਕਪੂਰ**

# ਆਖ਼ਰ ਬਣੀ ਸਹਾਰਾ ਧੀ

ਜੋਗਿੰਦਰ ਸਿੰਘ ਮੁਕਤਾ



ਅੱਸੀ ਵਰ੍ਹਿਆਂ ਦੀ ਬਜ਼ੁਰਗ ਬਸੰਤ ਕੌਰ ਦੀ ਕੁੱਖੋਂ ਪੰਜ ਪੁੱਤਰਾਂ ਤੇ ਸਭ ਤੋਂ ਛੋਟੀ ਧੀ ਕੁਲਦੀਪ ਕੌਰ ਨੇ ਜਨਮ ਲਿਆ।

ਬਚਪਨ ਤੋਂ ਲੈ ਕੇ ਜਵਾਨੀ ਤੱਕ ਹਰ ਮਾਤਾ-ਪਿਤਾ ਵਾਂਗ ਬਸੰਤ ਕੌਰ ਤੇ ਪਿਤਾ ਪਵਿੱਤਰ ਸਿੰਘ ਨੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ। ਮਿਹਨਤ ਮੁਸ਼ੱਕਤ ਕਰਕੇ ਪੜ੍ਹਾਇਆ ਤੇ ਦਸਤਕਾਰੀ ਦਾ ਕੰਮ ਸਿਖਾਇਆ, ਵਿਆਹ ਕੀਤੇ। ਧੀ ਕੁਲਦੀਪ ਪੰਜਾਬ ਦੇ ਪਿੰਡ ਛੋਟੀ ਮਾਨਸਾ ਵਿਆਹੀ ਗਈ। ਬਹੁਤ ਹੀ ਸਾਊ ਪਰਿਵਾਰ ਨਾਲ ਰਿਸ਼ਤਾ ਜੁੜਿਆ।

ਕੁਝ ਚਿਰ ਬਾਅਦ ਬਸੰਤ ਕੌਰ ਦਾ ਪਤੀ ਪਵਿੱਤਰ ਸਿੰਘ ਅਕਾਲ ਚਲਾਣਾ ਕਰ ਗਿਆ। ਪੁੱਤਰਾਂ ਨੇ ਘਰ ਵਾਲੀ ਥਾਂ 'ਤੇ ਦੁਕਾਨਾਂ ਵੰਡ ਲਈਆਂ, ਬਿਰਧ ਮਾਂ ਦੀ ਸੇਵਾ-ਸੰਭਾਲ ਲਈ ਕੋਈ ਵੀ ਤਿਆਰ ਨਹੀਂ ਸੀ। ਜਿਨ੍ਹਾਂ ਪੁੱਤਰਾਂ ਨੂੰ ਲਾਡਾਂ-ਲੋਰੀਆਂ ਦੇ ਕੇ ਚਾਵਾਂ ਨਾਲ ਪਾਲਿਆ ਸੀ ਬੜੇ ਹੀ ਫ਼ਖ਼ਰ ਨਾਲ ਕਹਿੰਦੀ ਸੀ ਮੇਰੇ ਪੰਜ ਪੁੱਤਰ! ਬਸੰਤ ਕੌਰ ਸੋਚਦੀ ਕਿ ਬੁਢਾਪੇ ਵਿੱਚ ਰਹਿੰਦੀ ਜ਼ਿੰਦਗੀ ਲਈ ਸਹਾਰੇ ਦੀ ਲੋੜ ਹੈ।

ਬਸੰਤ ਕੌਰ ਜਿਸ ਪੁੱਤਰ ਵੱਲ ਮਹੀਨਾ ਦਸ ਦਿਨ ਰਹਿੰਦੀ, ਰੋਟੀ ਚਾਹ ਵਾਸਤੇ ਅਵਾਜ਼ਾਂ ਮਾਰਨੀਆਂ ਪੈਂਦੀਆਂ। ਕਈ ਵਾਰ ਅਵਾਜ਼ ਸੁਣ ਕੇ ਵੀ ਕੋਈ ਅਵਾਜ਼ ਨਾ ਦੇਂਦਾ।

ਇਕ ਦਿਨ ਬਸੰਤ ਕੌਰ ਆਪਣੇ ਕੱਪੜਿਆਂ ਵਾਲਾ ਥੈਲਾ ਲੈ ਕੇ ਬਿਨਾਂ ਦੱਸੇ ਇਹ ਸੋਚ ਕੇ ਘਰੋਂ ਨਿਕਲ ਗਈ ਕਿ ਕਿਸੇ ਗੁਰਦੁਆਰੇ ਵਿੱਚ ਸੰਗਤ ਦੇ ਭਾਂਡੇ ਮਾਂਜ ਕੇ ਰੋਟੀ ਖਾ ਲਵਾਂਗੀ।

ਮੁਕਤਸਰ ਗੁਰਦੁਆਰੇ ਹਰ ਰੋਜ਼ ਝਾੜੂ ਫੇਰਨ ਦੀ ਸੇਵਾ ਕਰਦੀ ਹੋਈ ਨੂੰ ਕਾਫੀ ਸਮਾਂ ਲੰਘ ਗਿਆ। ਪੰਜਾਂ ਪੁੱਤਰਾਂ 'ਚੋਂ ਕਿਸੇ ਵੀ ਪਤਾ ਨਾ ਕੀਤਾ ਕਿ ਸਾਡੀ ਮਾਂ ਕਿੱਥੇ ਹੈ?

ਕੁਲਦੀਪ ਤੇ ਉਸਦਾ ਪਤੀ ਬੂਟਾ ਸਿੰਘ ਮੁਕਤਸਰ ਮਾਘੀ ਦੇ ਮੇਲੇ 'ਤੇ ਆਏ। ਕੁਲਦੀਪ ਨੇ ਆਪਣੀ ਮਾਂ ਬਸੰਤ ਕੌਰ ਨੂੰ ਗੁਰਦੁਆਰੇ ਵਿੱਚ ਸੇਵਾ ਕਰਦਿਆਂ ਵੇਖਿਆ। ਆਪਣੀ ਮਾਂ ਦੇ ਗਲ ਲੱਗ ਕੇ ਕਿੰਨਾ ਚਿਰ ਸਿਸਕੀਆਂ ਭਰ ਕੇ ਰੋਂਦੀ ਰਹੀ। ਅਗਲੇ ਦਿਨ ਮਾਘੀ ਦੇ ਮੇਲੇ ਤੋਂ ਕੁਲਦੀਪ ਆਪਣੀ ਮਾਂ ਨੂੰ ਆਪਣੇ ਪਿੰਡ ਲੈ ਗਈ। ਮਾਂ ਦੀ ਸੇਵਾ ਵੱਲ, ਕੰਮਕਾਰ ਛੱਡ ਕੇ ਉਚੇਚਾ ਧਿਆਨ ਦੇਂਦੀ। ਸਮਾਂ ਲੰਘਦਾ ਗਿਆ। ਬਸੰਤ ਕੌਰ ਨੂੰ ਅਹਿਸਾਸ ਹੋਇਆ, "ਆਖ਼ਰ ਬਣੀ ਸਹਾਰਾ ਧੀ।"

ਭਾਦਰੋਂ ਦੇ ਮਹੀਨੇ ਮੱਛਰ ਦਾ ਬਹੁਤ ਜ਼ੋਰ ਹੋਣ ਕਰਕੇ ਮਲੇਰੀਆ ਬੁਖ਼ਾਰ ਦਾ ਫੁਹਾਰਾ ਹੀ ਚੱਲ ਪਿਆ। ਬਸੰਤ ਕੌਰ ਨੂੰ ਬੁਖ਼ਾਰ ਨੇ ਨਿਢਾਲ ਕਰ ਦਿੱਤਾ, ਸਰੀਰ ਝੂਠਾ ਪੈਂਦਾ ਜਾਪਿਆ। ਮਾਨਸਾ ਦੇ ਵੱਡੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਕਈ ਦਿਨ ਇਲਾਜ ਚਲਦਾ ਰਿਹਾ ਪਰ ਕੋਈ ਦਵਾਈ ਰਾਸ ਨਾ ਆਈ। ਆਖ਼ਰ ਬਸੰਤ ਕੌਰ ਦਮ ਤੋੜ ਗਈ।

ਬਸੰਤ ਕੌਰ ਦੇ ਪੁੱਤਰਾਂ ਨੂੰ ਖ਼ਤ ਪਹੁੰਚ ਗਿਆ ਕਿ ਤੁਹਾਡੀ ਮਾਤਾ ਇਸ ਦੁਨੀਆਂ 'ਤੇ ਨਹੀਂ ਰਹੀ।

ਸੰਤ ਨਗਰ (ਸਿਰਸਾ)
98178-55904

ਸਾਹਿਤ ਪੜ੍ਹਨ ਨਾਲ ਅਸੀਂ ਉੱਚੇ ਵੀ ਉਠਦੇ ਹਾਂ
ਅਤੇ ਡੂੰਘੇ ਵੀ ਉਤਰਦੇ ਹਾਂ।

**ਨਰਿੰਦਰ ਸਿੰਘ ਕਪੂਰ**

# ਸੰਗਤ ਦਾ ਅਸਰ

ਅੰਕਿਤ



ਰਾਹੁਲ ਨਾਂ ਦਾ ਇੱਕ ਮੁੰਡਾ ਸੀ। ਉਹ ਦਾਮਲਾ ਪਿੰਡ ਦੇ ਸਕੂਲ ਵਿੱਚ ਪੜ੍ਹਦਾ ਸੀ। ਉਹ ਪੜ੍ਹਾਈ ਲਿਖਾਈ ਵਿੱਚ ਬਹੁਤ ਤੇਜ਼ ਸੀ ਤੇ ਨਾਲ ਹੀ ਖੇਡਾਂ ਵਿੱਚ ਵੀ ਹਿੱਸਾ ਲੈਂਦਾ ਸੀ। ਉਹ ਹਮੇਸ਼ਾਂ ਵਧੀਆ ਨੰਬਰਾਂ ਦੇ ਨਾਲ ਪੂਰੀ ਜਮਾਤ ਵਿਚੋਂ ਪਹਿਲੇ ਸਥਾਨ ’ਤੇ ਆਉਂਦਾ ਸੀ।

ਉਸਨੇ ਨੌਵੀਂ ਜਮਾਤ ਦੇ ਪੇਪਰ ਦਿੱਤੇ ਸੀ। ਹੁਣ ਉਹ ਦਸਵੀਂ ਜਮਾਤ ਵਿੱਚ ਹੋ ਗਿਆ ਸੀ। ਹਾਲੇ ਦਸਵੀਂ ਵਿੱਚ ਦਾਖਲਾ ਲੈਣਾ ਹੀ ਸੀ ਕਿ ਰਾਹੁਲ ਨੂੰ ਪਤਾ ਲੱਗਿਆ ਕਿ ਉਸਦੇ ਪਿਤਾ ਜੀ ਦੀ ਬਦਲੀ ਪਿੰਡ ਤੋਂ ਅੰਬਾਲਾ ਹੋ ਗਈ ਹੈ। ਉਸ ਦੇ ਪਿਤਾ ਜੀ ਇੱਕ ਸਰਕਾਰੀ ਕਰਮਚਾਰੀ ਸਨ। ਸਰਕਾਰੀ ਕਰਮਚਾਰੀਆਂ ਦੀਆਂ ਬਦਲੀਆਂ ਹੁੰਦੀਆਂ ਹੀ ਰਹਿੰਦੀਆਂ ਸਨ।

ਰਾਹੁਲ ਦਾ ਪਰਿਵਾਰ ਹੁਣ ਦਾਮਲਾ ਪਿੰਡ ਤੋਂ ਅੰਬਾਲਾ ਆ ਗਿਆ ਤੇ ਰਾਹੁਲ ਦੇ ਪਿਤਾ ਜੀ ਨੇ ਉਸ ਦਾ ਦਾਖ਼ਲਾ ਅੰਬਾਲਾ ਦੇ ਵੱਡੇ ਸਕੂਲ ਵਿੱਚ ਕਰਵਾ ਦਿੱਤਾ। ਹੁਣ ਉਹ ਨਵੇਂ ਸਕੂਲ ਜਾਣ ਲੱਗ ਪਿਆ। ਉਹ ਸਕੂਲ ’ਚ ਖ਼ੂਬ ਮਨ ਲਗਾ ਕੇ ਪੜ੍ਹਾਈ ਕਰਦਾ ਸੀ। ਪਰ ਉਸ ਨੇ ਗ਼ਲਤ ਸੰਗਤ ਵਾਲੇ ਮੁੰਡਿਆਂ ਨਾਲ ਯਾਰੀ ਲਾ ਲਈ।

ਰਾਹੁਲ ਦੇ ਦੋਸਤ ਨਾ ਤੇ ਆਪ ਪੜ੍ਹਦੇ, ਨਾ ਹੀ ਉਸਨੂੰ ਪੜ੍ਹਨ ਦਿੰਦੇ ਸਨ। ਪੜ੍ਹਦੇ ਸਮੇਂ ਫ਼ੋਨਾਂ ਰਾਹੀਂ ਗੇਮਾਂ ਖੇਡਦੇ ਰਹਿੰਦੇ ਸਨ ਅਤੇ ਸਾਮ ਨੂੰ ਪੜ੍ਹਾਈ ਸਮੇਂ ਘੁੰਮਦੇ ਰਹਿੰਦੇ।

ਹੁਣ ਰਾਹੁਲ ’ਤੇ ਵੀ ਗ਼ਲਤ ਮੁੰਡਿਆਂ ਦੀ ਸੰਗਤ ਦਾ ਅਸਰ ਦਿੱਖਣ ਲੱਗ ਪਿਆ ਸੀ। ਉਹ ਵੀ ਘਰੋਂ ਪੜ੍ਹਨ ਦਾ ਕਹਿ ਕੇ ਯਾਰਾਂ-ਦੋਸਤਾਂ ਨਾਲ ਘੁੰਮਦਾ ਰਹਿੰਦਾ।

ਹੁਣ ਰਾਹੁਲ ਪੜ੍ਹਾਈ ਵਿੱਚ ਬਿਲਕੁਲ ਵੀ ਧਿਆਨ ਨਾ ਦਿੰਦਾ। ਉਸਦੀਆਂ ਬਦਲਦੀਆਂ ਆਦਤਾਂ ਕਰਕੇ ਉਸ ਦੀ ਮਾਂ ਨੇ ਸਮਝਾਇਆ ਕਿ ਪੜ੍ਹਾਈ ’ਚ ਧਿਆਨ ਦੇਵੇ, ਕਿਉਂਕਿ ਉਸਦੀ ਦਸਵੀਂ ਜਮਾਤ ਹੈ। ਪਰ ਰਾਹੁਲ ਦੇ ਕੰਨਾਂ ’ਤੇ ਜੂੰ ਨਾ ਸਰਕੀ। ਉਹ ਰਾਤ ਨੂੰ ਪੜ੍ਹਾਈ ਦਾ ਕਹਿ ਕੇ ਦੋਸਤਾਂ ਦੇ ਘਰ ਜਾਂਦਾ ਤੇ ਉੱਥੇ ਫ਼ੋਨਾਂ ’ਚ ਗੇਮਾਂ ਖੇਡਦਾ ਰਹਿੰਦਾ।

ਰਾਹੁਲ ਦੇ ਦਸਵੀਂ ਦੇ ਪੇਪਰ ਹੋਏ ਤੇ ਜਦੋਂ ਨਤੀਜਾ ਆਇਆ, ਉਦੋਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਉਹ ਫ਼ੇਲ੍ਹ ਹੋ ਗਿਆ ਸੀ। ਇਹ ਵੇਖ ਕੇ ਉਹ ਦੁਖੀ ਹੋ ਕੇ ਰੋਣ ਲੱਗ ਪਿਆ। ਉਸਨੂੰ ਯਾਦ ਆਇਆ ਕਿ ਮਾਂ ਸਹੀ ਕਹਿੰਦੀ ਸੀ ਜੇ ਮੈਂ ਗ਼ਲਤ ਦੋਸਤਾਂ ਤੋਂ ਦੂਰ ਰਹਿੰਦਾ ਤਾਂ ਨਤੀਜਾ ਹੋਰ ਹੁੰਦਾ।

ਰਾਹੁਲ ਨੂੰ ਮਾਂ ਦੀ ਗੱਲ ਨਾ ਮੰਨਣ ਦਾ ਪਛਤਾਵਾ ਸੀ। ਸਾਰੇ ਰਿਸ਼ਤੇਦਾਰਾਂ ਨੂੰ ਵੀ ਉਸ ’ਤੇ ਵਿਸ਼ਵਾਸ ਸੀ ਕਿ ਉਹ ਅਵੱਲ ਆਵੇਗਾ ਪਰ ਨਤੀਜਾ ਉਲਟ ਸੀ। ਇਹ ਗ਼ਲਤ ਸੰਗਤ ਦੇ ਅਸਰ ਕਰਕੇ ਸੀ।

ਰਾਹੁਲ ਨੇ ਮਾਤਾ-ਪਿਤਾ ਤੋਂ ਮਾਫ਼ੀ ਮੰਗੀ ਤੇ ਕਿਹਾ ਕਿ ਹੁਣ ਉਹ ਗ਼ਲਤ ਸੰਗਤ ਛੱਡ ਕੇ ਪੜ੍ਹਾਈ ’ਚ ਧਿਆਨ ਦੇਵੇਗਾ।

ਲਾਡਵਾ
(ਜ਼ਿਲ੍ਹਾ-ਕੁਰੂਕਸ਼ੇਤਰ)
7988578419

ਹਰ ਵਿਕਾਸ ਦੇ ਤਿੰਨ ਨੇਮ ਹੁੰਦੇ ਹਨ :
ਚਲੋ, ਚਲਦੇ ਰਹੋ ਅਤੇ
ਹੋਰਾਂ ਨੂੰ ਚਲਣ ਵਿੱਚ ਸਹਿਯੋਗ ਦਿਓ।
**ਨਰਿੰਦਰ ਸਿੰਘ ਕਪੂਰ**

# 'ਧੀ ਪੁੱਤ ਓ ਅ ਦੇ'

ਜਸਪ੍ਰੀਤ ਕੌਰ ਧਾਲੀਵਾਲ



ਕਹਿਣਾ ਤਾਂ ਨਹੀਂ ਚਾਹੁੰਦੀ
ਫੇਰ ਵੀ ਜਾਂਦੀ ਏ ਕਹਿ,
ਲੱਖ ਕੋਸ਼ਿਸ਼ ਕਰਾਂ ਰੋਕਣ ਦੀ
ਕਲਮ ਇਹ ਰੁਕਦੀ ਨਹੀਂ।

ਲੱਗੇ ਕੌੜਾ ਤਾਂ ਲਗ ਜਾਵੇ
ਸੁਣਨਾ ਪਵੇਗਾ ਹੁਣ ਸੱਚ,
ਅਸੀਂ ਤੋਤਾਪੰਤੀ ਹੀ ਤਾਂ ਕਰਦੇ ਹਾਂ
ਜਨਮ ਤੋਂ ਮੌਤ ਦੇ ਤੱਕ।

ਹਰ ਨਿੱਕਾ ਵੱਡਾ ਅੱਜ ਤੋਤਾ ਏ
ਕਰਦੇ ਪਲ-ਪਲ ਤੋਤਾਪੰਤੀ ਹਾਂ,
ਇੱਥੇ ਗੱਬਰ ਪੱਛਮੀ ਸੱਭਿਅਤਾ
ਅਸੀਂ ਬੱਸ ਲਾਚਾਰ ਬਸੰਤੀ ਹਾਂ।

ਮਾਨਵਤਾ ਹੀ ਮਰ ਮੁੱਕੀ
ਖੁੱਲ੍ਹੇ ਵਿਹੜੇ ਜੋ ਵਿਸਰੇ,
ਆਤਮ ਕੇਂਦ੍ਰਿਤ ਮਨੁੱਖ ਮਨ
ਸੁਆਹ ਹੋ ਗਏ ਨਾਤੇ ਰਿਸਤੇ।

ਨਾ ਦਿੱਖਣ ਬੰਬਰ ਫੁੱਲਕਾਰੀਆਂ
ਅਨਮੋਲ ਸ਼ਿੰਗਾਰ ਔਰਤ ਦਾ,
ਘਟਿਆ ਘੱਗਰੇ ਦੇ ਘੁੰਮਰ ਵਾਲਾ
ਡਾਢਾ ਹੰਕਾਰ ਔਰਤ ਦਾ।

ਅੱਖਾਂ ਮੀਚ ਗਏ ਮੰਜੇ, ਮੱਧਾਣੀ, ਚੌਂਕੇ
ਖਾਣਾ ਵੀ ਜ਼ਹਿਰ ਹੋ ਗਿਆ,
ਜਿੱਥੇ ਦੁੱਧ ਮੱਖਣੀ ਦਾ ਗੜ੍ਹ
ਪੀਜ਼ੇ ਦਾ ਕਹਿਰ ਹੋ ਗਿਆ।

ਜੋ ਮਤਲਬ ਪੱਗ ਦਾ ਜਾਣਦੇ ਨਾ
ਉਹ ਕੀਮਤ ਨੂੰ ਕਿੰਞ ਜਾਣ ਸਕਦੇ,
ਅਸੀਂ ਵਾਰਿਸ ਕਿਹੜੀ ਕੌਮ ਦੇ
ਕਿਉਂ ਖ਼ੁਦ ਨੂੰ ਨਹੀਂ ਪਹਿਚਾਣ ਸਕਦੇ।

ਉਹਨੇ ਨੋਚ-ਨੋਚ ਕੇ ਖਾ ਜਾਣਾ
ਜਿਹਨੂੰ ਬੁੱਕਲ਼ ਵਿੱਚ ਬਿਠਾ ਰਹੇ,
ਜੋ ਸਾਡੀ ਮਾਂ ਨੇ ਸਿਖਾਈ ਨਹੀਂ
ਕਿਉਂ ਚੰਦਰੀ ਲੋਰੀ ਗਾ ਰਹੇ।

ਇਹ ਭੂਮੀ ਵੀਰ ਬਹਾਦਰਾਂ ਦੀ
ਜਿਹਨੂੰ ਕੋਠਾ ਅਸੀਂ ਬਣਾ ਰਹੇ,
ਸਾਡੇ ਨਹੀਂ ਇਹ ਤਿਉਹਾਰ ਸਪਤਾਹਿਕ
ਜਿਹੜੇ ਆਯਾਸ਼ੀ ਨਾਲ ਮਨਾ ਰਹੇ।

ਨਾਨਕ ਸ਼ਿਵ ਸੱਚੇ ਉਪਾਸ਼ਕ
ਮੁਹੰਮਦ ਅਤੇ ਰਾਜਾ ਰਾਮ ਵਿੱਚ,
ਕਿਉਂ ਧਰਮਾਂ ਪਿੱਛੇ ਲੜ ਰਹੇ
ਰੱਬ ਇੱਕੋ ਹੈਂ ਗੀਤਾ ਕੁਰਾਨ ਵਿੱਚ।

ਜਾਗੋ ਉੱਠੋ ਹਲੇ ਦੇਰ ਨਹੀਂ
ਲਵੋ ਸਾਂਭ ਜੋ ਕੁਝ ਗੁਆ ਰਹੇ,
ਇਸ ਮੰਦੜੇ ਕਹਿਰ ਨੂੰ ਰੋਕ ਰੱਬਾ
ਧੀ-ਪੁੱਤ ਓ ਅ ਦੇ ਮਾਂ ਨੂੰ ਭੁੱਲਾ ਰਹੇ।

ਵਾਰਡ ਨੰ. 6, ਪਿੰਡ-ਮੁੰਦਲਿਆ, ਡਾਕ-ਸਿਧਾਨੀ,
ਤਹਿਸੀਲ-ਟੋਹਾਣਾ,
ਜ਼ਿਲ੍ਹਾ-ਫ਼ਤਿਹਾਬਾਦ (ਹਰਿਆਣਾ)

# ਤੀਜ ਦਾ ਤਿਉਹਾਰ

ਭਾਰਤੀ ਸਿੰਘ



ਆਇਆ ਤੀਜਾਂ ਦਾ ਪਵਿੱਤਰ ਤਿਉਹਾਰ
ਸਹੀਓ ਹੋ ਜਾਓ ਤਿਆਰ
ਹੱਥਾਂ ਵਿੱਚ ਮਹਿੰਦੀ ਰਚਾ ਕੇ
ਸੁਹਣੇ ਕਪੜੇ ਗਹਿਣੇ ਪਾ ਕੇ
ਕਰ ਲਓ ਸੋਲਾਂ ਸ਼ਿੰਗਾਰ
ਵੰਗਾਂ ਖਣ-ਖਣ ਖਣਕਣ
ਝਾਂਜਰਾਂ ਛਨ-ਛਨ ਛਣਕਣ
ਬਿੰਦੀ ਦਾ ਲਿਸ਼ਕਾਰਾ ਸ਼ਾਨਦਾਰ
ਆਇਆ ਤੀਜ ਦਾ ਤਿਉਹਾਰ।

ਪਵਿੱਤਰ ਵਰਤ ਸੁਹਾਗ ਦੀ ਰੱਖਿਆ ਦਾ
ਵਰਤ ਸ਼ਰਧਾ ਅਤੇ ਭਗਤੀ ਦਾ
ਨੇਹਚਾ ਅਤੇ ਮਨ ਦੀ ਸ਼ਕਤੀ ਦਾ
ਤ੍ਰਿਜਲ (ਸ਼ਿਵ ਜੀ) ਅਤੇ ਮਾਂ ਪਾਰਬਤੀ ਦਾ ਵਰਤ
ਨਿਰਜਲ ਹੈ ਅਤੇ ਨਿਰਾਹਾਰ
ਸ਼ਿਵਜੀ ਪਾਰਬਤੀ ਦੀ ਪੂਜਾ- ਭਗਤੀ ਦਾ ਸਾਰ
ਆਇਆ ਤੀਜ ਦਾ ਤਿਉਹਾਰ।

ਅੰਬਰ ਤੋਂ ਮੀਂਹ ਵਰ੍ਹ ਰਿਹਾ ਹੈ
ਧਰਤੀ ਮਾਂ ’ਤੇ ਉੱਤਰ ਰਿਹਾ ਹੈ
ਇਹ ਤਾਂ ਬੱਦਲਾਂ ਦਾ ਪਿਆਰ
ਧਰਤੀ ਮਾਂ ਨੇ ਵੀ ਕੀਤਾ ਸ਼ਿੰਗਾਰ
ਹਰਿਆਲੇ ਬਸਤਰ ਹਨ ਪਾਏ
ਮਹਿੰਦੀ ਨਾਲ ਹੱਥ ਨੇ ਸਜਾਏ
ਪਟਬੀਜਣੇ ਚਮਕਣ ਹੀਰਿਆਂ ਦਾ ਹਾਰ ਗਲ ਵਿੱਚ
ਫੁੱਲਾਂ ਦੇ ਰੰਗ-ਬਿਰੰਗੇ ਗਹਿਣੇ ਪਾਏ
ਫੁੱਲ-ਫੁੱਲ ਹੋਈ ਮੁਸਕਰਾ ਰਹੀ ਹੈ
ਨਵੇਂ ਪੱਤਿਆਂ ਨਾਲ ਖਿੜਦੀ ਟਾਹਣੀਆਂ
ਹਰੀ-ਹਰੀ ਹਰੀਆ ਰਹੀ ਹੈ ਤਿਆਰ
ਆਇਆ ਤੀਜਾਂ ਦਾ ਤਿਓਹਾਰ।
ਰੁੱਖਾਂ ਉੱਤੇ ਪੀਘਾਂ ਪਾਉਂਦੇ
ਸਹੀਆਂ ਨਾਲ ਮਿਲ ਮੌਜ ਮਨਾਉਂਦੇ
ਤੀਜਾਂ ਦਾ ਮਿਲ-ਜੁਲ ਆਨੰਦ ਉਠਾਉਂਦੇ
ਖਿੜ-ਖਿੜ ਹੱਸਦੇ ਗਾਉਂਦੇ
ਮੰਦਿਰ ਵਿਖੇ ਦਰਸਨ ਨੂੰ ਜਾਂਦੇ
ਸ਼ਿਵ ਪਾਰਬਤੀ ਦੀਆਂ ਅਸੀਸਾਂ ਲੈਂਦੇ
ਅਮਰ ਸੁਹਾਗ ਦਾ ਵਰਦਾਨ
ਸੁਹਾਗਵੰਤੀ ਤ੍ਰੀਮਤਾਂ ਦੇ ਭਾਗਾਂ ਦਾ ਮਾਣ
ਜਿਵੇਂ ਸਖਤ ਤਪਸਿਆ ਅਤੇ ਭਗਤੀ ਕਰਕੇ
ਮਾਂ ਪਾਰਬਤੀ ਨੇ ਪਤੀ ਰੂਪ ਵਿੱਚ ਪਾਇਆ ਸੀ
ਇਸ ਦਿਨ, ਤਿੰਨ ਲੋਕ ਦਾ ਸੁਆਮੀ ਭੋਲੇ ਭੰਡਾਰ
ਆਇਆ ਤੀਜ ਦਾ ਤਿਉਹਾਰ।

ਮ.ਨੰ.-722, ਸੈਕਟਰ- 15,
ਫਰੀਦਾਬਾਦ (ਹਰਿਆਣਾ)-121007
99913-33338

# ਮੈਨੂੰ ਡਰ ਲਗਦਾ ਹੈ

ਨੀਰ



ਮੈਨੂੰ ਚਰਚਾ 'ਚ ਨਾ ਲਿਆਓ,
ਮੈਨੂੰ ਡਰ ਲਗਦਾ ਹੈ,
ਹਰ ਸਵਾਲ ਤੋਂ ,
ਹਰ ਉੱਠਦੀ ਉਂਗਲ਼ ਤੋਂ,
ਹਰ ਘੂਰਦੀ ਨਜ਼ਰ ਤੋਂ,
ਮੈਨੂੰ ਡਰ ਲਗਦਾ ਹੈ।

ਨਰਮ ਹੈ ਮੇਰੇ ਦਿਲ ਦੀ ਮਿੱਟੀ,
ਸਵਾਲਾਂ ਦੀ ਬਾਛੜ 'ਚ ,
ਕਿਧਰੇ ਵਹਿ ਨਾ ਜਾਵੇ,
ਮੈਨੂੰ ਡਰ ਲਗਦਾ ਹੈ।

ਘਰ ਖੇਤ ਸੀ,
ਉਹ ਵੰਡੇ ਗਏ,
ਵੰਡੀਆਂ ਨਾ ਜਾਣ,
ਬਿਰਖਾਂ ਦੀਆਂ ਛਾਵਾਂ ਹੁਣ,
ਮੈਨੂੰ ਡਰ ਲਗਦਾ ਹੈ।

ਮੁਕੱਦਰ ਮੇਰੇ ਨਾਲ ਨਹੀਂ,
ਵਕਤ ਦਾ ਗੇੜ ਉਲਟ ਚੱਲ ਰਿਹਾ,
ਸੁਧਮਨੀ ਵੇਖਦੀ ਅੱਖਾਂ ਤੋਂ ਵੀ,
ਮੈਨੂੰ ਡਰ ਲਗਦਾ ਹੈ।

ਆਪਣੀ ਹੀ ਗਲੀ 'ਚ,
ਜੁੱਤੀ ਲਾਹ ਕੇ ਚਲਦੇ ਹਾਂ,
ਆਹਟ ਨਾ ਹੋ ਜਾਵੇ ਕਿਸੇ ਨੂੰ,
ਮੈਨੂੰ ਡਰ ਲਗਦਾ ਹੈ।

ਰੋਜ਼ਮਰਾ ਦੀ ਜ਼ਰੂਰਤਾਂ ਪੂਰੀ ਕਰਨ 'ਚ,
ਰੁੱਝੀ ਹੈ ਜ਼ਿੰਦਗੀ ਮੇਰੀ,
ਵੱਧ ਨਾ ਜਾਏ ਮਹਿੰਗਾਈ,
ਮੈਨੂੰ ਡਰ ਲਗਦਾ ਹੈ।

ਚੁੱਪ-ਚਾਪ ਚੌਂਕ 'ਚੋਂ,
ਲੰਘਣਾ ਹੈ ਅਕਲਮੰਦੀ,
ਦਲੇਰੀ ਕਾਤਲ ਨਾ ਬਣ ਜਾਏ,
ਮੈਨੂੰ ਡਰ ਲਗਦਾ ਹੈ।

ਤੇਜ਼ ਚਲਣਾ ਹੈ,
ਮੰਗ ਹੈ ਜ਼ਮਾਨੇ ਦੀ,
ਰਹਿ ਨਾ ਜਾਏ ਮੰਜ਼ਿਲ ਪਿੱਛੇ,
ਮੈਨੂੰ ਡਰ ਲਗਦਾ ਹੈ।

ਸਹਿਮ ਹੈ ਮੇਰੇ ਮਨ 'ਤੇ,
ਅਜਿਹਾ ਛਾਇਆ,
ਹਰ ਇੱਕ ਗੱਲ ਤੋਂ,
ਮੈਨੂੰ ਡਰ ਲਗਦਾ ਹੈ।
ਮੈਨੂੰ ਚਰਚਾ 'ਚ ਨਾ ਲਿਆਉ,
ਮੈਨੂੰ ਡਰ ਲਗਦਾ ਹੈ।

ਮਕਾਨ ਨੰ. 28, ਸਾਊਥ ਸਿਟੀ-1,
ਬਲਾਕ-ਓ, ਗੁਰੂਗ੍ਰਾਮ (ਹਰਿਆਣਾ)-122001
+16148432972

# ਕੁੜੀਆਂ ਚਿੜੀਆਂ

ਪ੍ਰੀਤਮਾ ਦੋਮੇਲ



ਕਹਿੰਦੇ ਨੇ ਕੁੜੀਆਂ ਚਿੜੀਆਂ ਹੁੰਦੀਆਂ ਨੇ,
ਤੇ ਚਿੜੀਆਂ ਉੱਡਦੀਆਂ ਹੁੰਦੀਆਂ ਨੇ।

ਜਿੱਧਰ ਉਹ ਚਾਹੁਣ ਉੱਡ ਜਾਵਣ,
ਜਿੱਧਰ ਉਹ ਚਾਹੁਣ ਮੁੜ ਜਾਵਣ।

ਜਿੱਥੇ ਉਹ ਚਾਹੁਣ ਕਰਨ ਬਸੇਰਾ,
ਟਿਕ ਜਾਵਣ ਜਿੱਥੇ ਪਏ ਹਨੇਰਾ।

ਪਰ ਕੁੜੀਆਂ ਇਹ ਕਰ ਸਕਦੀਆਂ ਨੇ,
ਕੀ ਉਹ ਚਿੜੀਆਂ ਵਾਂਗੂ ਉੱਡ ਸਕਦੀਆਂ ਨੇ।

ਹਰ ਵੇਲੇ ਉਹ ਪਹਿਰਿਆਂ 'ਚ ਰਹਿੰਦੀਆਂ ਨੇ,
ਹਰ ਉਮਰ 'ਚ ਤਸੀਹੇ ਉਹ ਸਹਿੰਦੀਆਂ ਨੇ।

ਪਹਿਲਾ ਪਹਿਰਾ ਮਾਂ-ਬਾਪ ਦੀ ਕੈਦ ਹੈ,
ਦੂਜਾ ਪਹਿਰਾ ਪਤੀ ਦੀ ਮੌਜ ਹੈ।

ਤੀਜਾ ਪਹਿਰਾ ਬੜੀ ਹੀ ਸਖਤ ਹੈ,
ਜਦ ਉਸਦੇ ਜੀਵਨ ਦਾ ਆਖਰੀ ਵਕਤ ਹੈ।

ਨਾ ਉਹ ਮਰਜ਼ੀ ਨਾਲ ਖਾ ਤੇ ਪੀ ਸਕਦੀਆਂ ਨੇ,
ਨਾ ਉਹ ਮਰਜ਼ੀ ਨਾਲ ਹੱਸ ਕੇ ਜੀਅ ਸਕਦੀਆਂ ਨੇ।

ਹੋਂਦ ਉਨ੍ਹਾਂ ਦੀ ਸਭ ਨੂੰ ਚੁਭਦੀ,
ਜ਼ਿੰਦਗੀ ਮੌਤ ਤੋਂ ਵੀ ਭੈੜੀ ਗੁਜ਼ਾਰਦੀਆਂ।

ਪਰ ਕਿ ਚਿੜੀਆਂ ਦੀ ਕਿਸਮਤ ਵੀ ਐਸੀ,
ਨਹੀਂ ਨਹੀਂ ਦੋਵਾਂ ਦੀ ਇਹ ਤੁਲਨਾ ਕੈਸੀ।

ਜੇ ਚਿੜੀਆਂ ਕੁੜੀਆਂ ਵਰਗੀਆਂ ਹੁੰਦੀਆਂ,
ਫੇਰ ਉਹ ਚਿੜੀਆਂ ਨਾ ਹੋ ਕੇ ਕੁੜੀਆਂ ਹੀ ਹੁੰਦੀਆਂ।

ਮ.ਨੰ.1682, ਫੇਜ਼-7,
ਮੋਹਾਲੀ (ਪੰਜਾਬ)
99881-52523

ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।
ਲੋਕੀ ਮੰਗ ਮਗਾ ਕੇ ਆਪਣਾ, ਬੋਹਲ ਬਣਾ ਕੇ ਬਹਿ ਗਏ ਨੇ
ਅਸਾਂ ਤਾਂ ਮਿੱਟੀ ਕਰ ਦਿੱਤਾ ਏ, ਸੋਨਾ ਗਾਲ ਪੰਜਾਬੀ ਦਾ।
ਜਿਹੜੇ ਆਖਣ ਵਿਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ
ਪੜ੍ਹ ਕੇ ਵੇਖਣ ਵਾਰਸ ਬੁੱਲ੍ਹਾ, ਬਾਹੂ, ਲਾਲ ਪੰਜਾਬੀ ਦਾ।

ਬਾਬਾ ਨਜ਼ਮੀ

# ਬੁੱਢੇ ਵਾਰੇ

ਕਰਮਜੀਤ ਦਿਓਣ



ਗਿੱਲੀ ਥਾਵੇਂ ਆਪ ਪੈ ਕੇ ਤੈਨੂੰ,
ਸੁੱਕੀ ਥਾਂ ਤੇ ਪਾਉਂਦੀ ਰਹੀ ਹਾਂ।
ਇੱਕ ਡੰਗ ਮੈਂ ਭੁੱਖੀ ਰਹਿ ਕੇ,
ਤੈਨੂੰ ਪੁੱਤ ਪੜ੍ਹਾਉਂਦੀ ਰਹੀ ਹਾਂ।
ਹੁਣ ਕਹੇ ਤੂੰ ਫ਼ਰਜ਼ ਸੀ ਥੋਡਾ,
ਇਹ ਕੋਈ ਅਹਿਸਾਨ ਨਹੀਂ ਸੀ।
ਬੁੱਢੇ-ਵਾਰੇ ਦਰਦ ਹੰਢਾਉਣਾ,
ਏਸੇ ਗੱਲ ਦਾ ਗਿਆਨ ਨਹੀਂ ਸੀ।

ਚੁੰਘਿਆ ਦੁੱਧ ਵਿਸਾਰ ਦਿੱਤਾ ਤੂੰ,
ਗੁੜ ਦੀ ਚੂਰੀ ਨੂੰ ਵੀ ਭੁੱਲਿਆ।
ਸਾਰੇ ਰਿਸ਼ਤੇ ਨਾਤੇ ਭੁੱਲ ਕੇ,
ਬੱਸ ਨੋਟਾਂ ਦੀ ਢੇਰੀ 'ਤੇ ਡੁੱਲ੍ਹਿਆ।
ਅਸੀਂ ਪੰਜੀ-ਪੰਜੀ ਨੂੰ ਤਰਸਾਂਗੇ,
ਭੋਰਾ ਇਹ ਧਿਆਨ ਨਹੀਂ ਸੀ।
ਬੁੱਢੇ-ਵਾਰੇ ਦਰਦ ਹੰਢਾਉਣਾ,
ਏਸੇ ਗੱਲ ਦਾ ਗਿਆਨ ਨਹੀਂ ਸੀ।

ਤੇਰੇ ਸਿਰ 'ਤੇ ਉੱਡੇ ਸੀ ਫਿਰਦੇ,
ਰੱਬ ਨਾ ਚਿੱਤ ਚੇਤੇ ਕਦੇ ਰਹਿੰਦਾ।
ਤੂੰ ਵੀ ਬੇਬੇ ਬਾਪੂ ਕਹਿੰਦਾ,
ਕਦੇ ਨਹੀਂ ਸੀ ਭੋਰਾ ਵੀ ਸਾਹ ਲੈਂਦਾ।
ਏਦਾਂ ਦੀ ਵੀ ਝੁੱਲੂ ਹਨੇਰੀ,
ਸਾਡੇ ਚੇਤੇ ਇਹ ਤੂਫ਼ਾਨ ਨਹੀਂ ਸੀ।
ਬੁੱਢੇ-ਵਾਰੇ ਦਰਦ ਹੰਢਾਉਣਾ,
ਏਸੇ ਗੱਲ ਦਾ ਗਿਆਨ ਨਹੀਂ ਸੀ।

ਬਾਪੂ ਤੇਰਾ ਅੰਦਰੋਂ ਖੁਰਿਆ,
ਤੇ ਹੁਣ ਮੈਨੂੰ ਵੀ ਔਖੇ ਸਾਹ ਆਉਂਦੇ।
ਸੁਪਨੇ ਵਿੱਚ ਵੀ 'ਕਰਮਜੀਤ' ਨੂੰ
ਕਬਰਾਂ ਵਾਲੇ ਰਾਹ ਡਰਾਉਂਦੇ।
'ਦਿਉਣ' ਹੱਡੀਂ ਪੀੜ ਸਹਿਣ ਦੀ,
ਕੀ ਜਾਣੇ ਤੂੰ ਜਾਨ ਨਹੀਂ ਸੀ।
ਬੁੱਢੇ ਵਾਰੇ ਦਰਦ ਹੰਢਾਉਣਾ,
ਏਸੇ ਗੱਲ ਦਾ ਗਿਆਨ ਨਹੀਂ ਸੀ।

ਏਲਨਾਬਾਦ (ਸਿਰਸਾ)
94672-95003

ਜਦੋਂ ਜ਼ਿੰਮੇਵਾਰੀ ਦਿਉਗੇ ਕੁਝ ਵਿਕਾਸ ਕਰਨਗੇ, ਕੁਝ ਮੁਰਝਾ ਜਾਣਗੇ, ਕੁਝ ਕੰਮ ਕਰਨ ਲਈ ਵਧੇਰੇ ਹਾਜ਼ਰ ਰਹਿਣਗੇ, ਕੁਝ ਪੂਰਨ ਭਾਂਤ ਲੋਪ ਹੋ ਜਾਣਗੇ।

**ਨਰਿੰਦਰ ਸਿੰਘ ਕਪੂਰ**

# ਗ਼ਜ਼ਲ

ਜਸਵਿੰਦਰ ਸਿੰਘ ਰੁਪਾਲ



ਚੁੱਲ੍ਹਾ ਤੇ ਚੌਂਕਾ ਕਿਧਰੇ,
ਦਿਸਦੀ ਕਿਧਰੇ ਮਧਾਣੀ ਨਹੀਂਓ।
ਦੁੱਧ ਰਿੜਕਦੀ ਬਾਣੀ ਪੜ੍ਹਦੀ,
ਲੱਭਦੀ ਕੋਈ ਸੁਆਣੀ ਨਹੀਂਓ।

ਨਾ ਪਿੱਪਲਾਂ ਤੇ ਪੀਘਾਂ ਕਿਧਰੇ,
ਨਾ ਹੀ ਮੱਲ ਅਖਾੜਾ ਲੱਭੇ,
ਭੋਲ਼ਾ ਬਚਪਨ ਗਿਆ ਗਵਾਚਾ,
ਸੱਥ 'ਚ ਬੁੱਢੀ ਢਾਣੀ ਨਹੀਂਓ।

ਹਟਦਾ ਨਹੀਂ ਹਟਾਇਆਂ ਵੀ ਇਹ,
ਬੀਤੇ ਵੱਲ ਨੂੰ ਤੁਰ ਪੈਂਦਾ ਏ,
ਦਿਲ ਦਾ ਬੌਲਦ ਮੋੜ ਲਿਆਵੇ,
ਐਸੀ ਕੋਈ ਪਰਾਣੀ ਨਹੀਂਓ।

ਗੁਰਬਤ ਝੱਲੀ ਬੜੀ ਦੇਰ ਤੋਂ,
ਲੋੜਾਂ ਥੋੜਾਂ ਸੰਗ ਜੂਝਦੇ,
ਕਰਿਤੀ ਏਕੇ ਬਾਝੋਂ ਮੁੱਕਣੀ,
ਧਰਤੀ ਤੇ ਵੰਡ ਕਾਣੀ ਨਹੀਂਓ।

ਆਸੇ ਪਾਸੇ ਰੁੱਖ ਨਾ ਦਿੱਸਦੇ,
ਪੰਛੀ ਆਣ ਤਾਂ ਕਿੱਥੇ ਆਵਣ,
ਫੁੱਲ ਟਹਿਕਦੇ ਜਿਸ ਦੇ ਉੱਤੇ
ਐਸੀ ਇੱਕ ਵੀ ਟਾਹਣੀ ਨਹੀਂਓ।

ਜੰਮਣ ਤੋਂ ਲੈ ਕੇ ਅੱਜ ਤੀਕਰ,
ਫ਼ਰਜ਼ਾਂ ਦੀ ਪੰਡ ਢੋਂਹਦੇ ਆਏ,
ਮਸਤੀ ਵਾਲੇ ਜੀਵਨ ਦੀ ਮੈਂ,
ਝਲਕ ਸੁਹਾਣੀ ਮਾਣੀ ਨਹੀਂਓ।

ਸ਼ੇਅਰਾਂ ਅੰਦਰ ਦਰਦ ਪਰੋਣਾ,
ਦੁੱਖ ਝੱਲਦੀਆਂ ਰੂਹਾਂ ਦਾ ਮੈਂ,
'ਰੂਪਾਲ' ਵਾਹ ਵਾਹ ਲੈਣ ਲਈ ਮੈਂ,
ਆਪਣੀ ਗ਼ਜ਼ਲ ਸੁਣਾਈ ਨਹੀਂਓ।

ਸ਼ਹੀਦ ਜਸਦੇਵ ਸਿੰਘ ਨਗਰ,
ਡਾਕ: ਗੁਰੂ ਨਾਨਕ ਇੰਜੀਨੀਅਰਿੰਗ ਕਾਲਜ,
ਲੁਧਿਆਣਾ (ਪੰਜਾਬ)-141006
9814715796

ਉਦੇਸ਼ ਵਾਲੇ ਬੰਦੇ ਕਦੇ ਇਕੱਲੇ ਨਹੀਂ ਹੁੰਦੇ,
ਉਦੇਸ਼ ਉਨ੍ਹਾਂ ਦਾ ਸਾਥੀ ਹੁੰਦਾ ਹੈ।
ਨਰਿੰਦਰ ਸਿੰਘ ਕਪੂਰ

# ਕੋਰੜਾ ਛੰਦ

ਬਲਵਿੰਦਰ ਕੌਰ ਖੁਰਾਣਾ



ਦਿਨ ਸੀ ਵਿਸਾਖੀ, ਚੱਲੀਆਂ ਸੀ ਗੋਲੀਆਂ
ਬੇਦੋਸ਼ਿਆਂ ਦੇ ਖ਼ੂਨ, ਨਾਲ ਖੇਡੇ ਹੋਲੀਆਂ
ਰਗਾਂ ਵਿੱਚ ਲਹੂ ਨੇ, ਉਬਾਲਾ ਮਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਖੂਹ ਜੱਲ੍ਹੇ ਵਾਲਾ, ਲਾਸ਼ਾਂ ਨਾਲ ਭਰਿਆ
ਊਧਮ ਸਿੰਘ ਕੋਲੋਂ, ਨਹੀਂ ਗਿਆ ਜਰਿਆ
ਜ਼ਾਲਮਾਂ ਨੇ ਕੇਹਾ, ਕਹਿਰ ਸੀ ਗੁਜ਼ਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਲਹੂ ਵਾਲੀ ਮਿੱਟੀ, ਫੜ੍ਹ ਬੜਾ ਰੋਇਆ
ਗ਼ੁੱਸੇ ਨਾਲ ਮੁਖੜਾ, ਸੀ ਲਾਲ ਹੋਇਆ
ਦ੍ਰਿਸ਼ ਬਾਗ਼ ਵਾਲਾ, ਨੈਣਾਂ 'ਚ ਉਤਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਪਿੰਡ ਸੀ ਸੁਨਾਮ, ਮਾਂ ਨੇ 'ਸ਼ੇਰ' ਜਣਿਆ
ਹਾਕਮਾਂ ਦੇ ਲਈ ਜੋ, ਮੁਸੀਬਤ ਬਣਿਆ
ਭਾਵੇਂ ਗਿਆ ਜੇਲ੍ਹ, ਪਰ ਨਹੀਂ ਹਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਇੱਕੀ ਸਾਲ ਉਸ ਨੇ, ਸਬਰ ਕਰਿਆ
ਰਾਮ ਮੁਹੰਮਦ ਸਿੰਘ, ਨਾਮ ਧਰਿਆ
ਗ਼ੁਲਾਮ ਵਾਂਗ ਜੀਣਾ, ਉਸ ਨੇ ਨਕਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਝੰਡਾ ਚੁੱਕ ਦੇਸ਼ ਦਾ, ਵਿਦੇਸ਼ ਵਸਿਆ
ਦਿਲ ਵਾਲਾ ਭੇਤ, ਉਸ ਨਹੀਂ ਦੱਸਿਆ
ਮਾਰ ਉਡਵਾਇਰ, ਕਲੇਜਾ ਠਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਫਾਂਸੀ ਵਾਲਾ ਫੰਦਾ, ਗਲ ਵਿੱਚ ਪਾ ਗਿਆ
ਅਮਰ ਸ਼ਹੀਦ, ਕੌਮ ਨੂੰ ਜਗਾ ਗਿਆ
ਰਿਣ ਮਿੱਟੀ ਵਾਲਾ, ਉਸ ਨੇ ਉਤਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ

ਅੱਜ ਵੀ ਉਹ ਸਮਾਂ, ਜਦੋਂ ਯਾਦ ਆਂਵਦਾ
ਬੱਚਾ ਬੱਚਾ ਗੀਤ, ਉਸ ਦੇ ਹੀ ਗਾਂਵਦਾ
ਦੇਸ਼ ਉੱਤੋਂ ਜਿਸ ਨੇ, ਸੀ ਆਪਾ ਵਾਰਿਆ
ਬਦਲਾ ਚੁਕਾਉਣਾ, ਉਸ ਪ੍ਰਣ ਧਾਰਿਆ।

ਟੈਗੋਰ ਗਾਰਡਨ, ਅਕਟੈਨਸ਼ਨ,
ਨਵੀਂ ਦਿੱਲੀ-110027
9873054130

# ਤੀਆਂ ਦਾ ਤਿਉਹਾਰ

ਰਿਪੂਦਮਨ ਸ਼ਰਮਾ



ਦਿੰਦੀ ਹੁਲਾਰਾ
ਸਾਉਣ ਦੀ ਫੁਹਾਰ
ਆਵੇ ਨਜ਼ਾਰਾ

ਪਿੱਪਲੀ ਪੀਘਾਂ
ਝੂਟਣ ਮੁਟਿਆਰਾਂ
ਪੇਕੀਂ ਆਈਆਂ

ਹਾਰ ਸ਼ਿੰਗਾਰ
ਪਹਿਨੀਆਂ ਚੂੜੀਆਂ
ਨਾਲ ਪਿਆਰ

ਸੋਹਿਲੇ ਗਾਓ
ਆਓ ਕੁੜੀਓ ਆਓ
ਬੋਲੀਆਂ ਪਾਓ

ਘੇਵਰ ਖਾਓ
ਖੀਰ ਤੇ ਪੂੜੇ ਖਾਓ
ਤੀਆਂ ਮਨਾਓ

ਹੱਥ ਰੰਗਲੇ
ਸਿਰ ਗੁੰਦ ਕੇ ਪਾਓ
ਡਾਕ ਬੰਗਲੇ

ਪੀਘਾਂ ਚੜ੍ਹੀਆਂ
ਅਸਮਾਨ ਛੂਹਣ
ਫੁੱਲ ਝੜੀਆਂ

ਸਾਵਣ ਝੜੀ
ਮੋਰਾਂ ਪੈਲਾਂ ਪਾਈਆਂ
ਹੈ ਸ਼ੁਭ ਘੜੀ

ਲੱਗੀਆਂ ਤੀਆਂ
ਟਾਹਲੀਆਂ ਪੀਂਘਾਂ ਪਾ
ਝੂਟਣ ਧੀਆਂ

ਰਿੱਝਦੀ ਖੀਰ
ਭੈਣ ਖੜ੍ਹੀ ਉਡੀਕੇ
ਆ ਰਿਹਾ ਵੀਰ

ਤੀਆਂ ਦੇ ਦਿਨ
ਵਿਹੜੇ ਨਾ ਰੌਣਕ
ਧੀਆਂ ਦੇ ਬਿਨ

ਮੰਡੀ ਡੱਬਵਾਲੀ, ਜ਼ਿਲ੍ਹਾ-ਸਿਰਸਾ
(ਹਰਿਆਣਾ)-125104
98722-14621

# ਸੰਪਾਦਕ ਦੇ ਨਾਂ ਪੱਤਰ

25 ਜੂਨ, 2022 ਨੂੰ ਇੱਕ ਸੁਰਮਈ ਸ਼ਾਮ 'ਬਿਰਹਾ ਦੇ ਸੁਲਤਾਨ, ਸ਼ਿਵ ਕੁਮਾਰ ਬਟਾਲਵੀ ਦੇ ਨਾਂ।' ਇਹ ਪ੍ਰੋਗਰਾਮ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ ਆਯੋਜਿਤ ਕੀਤਾ ਗਿਆ। ਪੰਜਾਬੀ ਲੇਖਕ ਸਭਾ, ਚੰਡੀਗੜ੍ਹ ਵੱਲੋਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਿਸ ਵਿੱਚ ਹਰਿਆਣਾ ਦੇ ਬਿਜਲੀ ਮੰਤਰੀ ਮਾਨਯੋਗ ਸ੍ਰੀ ਰਣਜੀਤ ਸਿੰਘ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਡਿਪਟੀ ਚੇਅਰਮੈਨ ਮਾਨਯੋਗ ਸ੍ਰ. ਗੁਰਵਿੰਦਰ ਸਿੰਘ ਧਮੀਜਾ ਸ਼ਾਮਲ ਹੋਏ। ਇਸ ਤੋਂ ਬਿਨਾਂ ਹਰਿਆਣਾ ਅਤੇ ਪੰਜਾਬ ਦੇ ਨਾਮਵਰ ਕਵੀ ਵੀ ਸ਼ਾਮਲ ਹੋਏ। ਇਸ ਮੌਕੇ ਰਾਣੀਆਂ ਸਾਹਿਤ ਸਭਾ ਦੇ ਸਰਗਰਮ ਮੈਂਬਰ ਕਰਨੈਲ ਸਿੰਘ ਅਸਪਾਲ ਨੇ ਵੀ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਕਰਨੈਲ ਸਿੰਘ ਅਸਪਾਲ ਦੀ ਪੁਸਤਕ 'ਜੰਗਜੂ ਜੋਧੇ' ਰਿਲੀਜ਼ ਕੀਤੀ ਗਈ। ਮੇਰੇ ਵੱਲੋਂ ਸਾਡੀ ਸਭਾ ਇਸ ਕਵੀ ਦੀ ਪੁਸਤਕ ਰਿਲੀਜ਼ ਕਰਨ ਲਈ ਮਾਨਯੋਗ ਅਕਾਦਮੀ ਦੇ ਡਿਪਟੀ ਚੇਅਰਮੈਨ ਸ੍ਰ. ਗੁਰਵਿੰਦਰ ਸਿੰਘ ਧਮੀਜਾ ਦਾ ਬਹੁਤ ਬਹੁਤ ਧੰਨਵਾਦ।

ਜੋਗਿੰਦਰ ਕੌਰ ਅਗਨੀਹੋਤਰੀ
94178-40323

---

'ਸ਼ਬਦ ਬੂੰਦ' ਮੈਗਜ਼ੀਨ ਹਰਿਆਣਾ ਵਿੱਚ ਹੀ ਨਹੀਂ ਬਲਕਿ ਪੂਰੇ ਭਾਰਤ ਵਿਚ ਆਪਣੀ ਇਕ ਵੱਖਰੀ ਦਿੱਖ ਬਣਾ ਰਿਹਾ ਹੈ। ਮਈ, 2022 ਦਾ 'ਸ਼ਬਦ ਬੂੰਦ' ਅੰਕ ਮਿਲਿਆ ਕਾਬਲੇ ਤਾਰੀਫ਼ ਸੀ।

ਉਸ ਦੇ ਪਹਿਲੇ ਅਤੇ ਆਖ਼ਰੀ ਪੰਨੇ 'ਤੇ ਲੱਗੀਆਂ ਵੱਖ- ਵੱਖ ਮੂੰਹ ਬੋਲਦੀਆਂ ਤਸਵੀਰਾਂ ਆਪਣੇ ਆਪ ਵਿੱਚ ਹੀ ਇੱਕ ਸੰਪੂਰਨ ਮੈਗਜ਼ੀਨ ਹਨ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕਿ ਇਕ ਮੈਗਜ਼ੀਨ ਨਹੀਂ ਬਲਕਿ ਦੋ ਮੈਗਜ਼ੀਨ ਪ੍ਰਾਪਤ ਹੋਏ ਹਨ। ਰੰਗ-ਬਰੰਗੀ ਲਿਖਾਵਟ ਵਾਲਾ 'ਸ਼ਬਦ ਬੂੰਦ' ਕਾਬਲੇ ਤਾਰੀਫ਼ ਹੈ। ਪੰਜਾਬ ਦੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਅਤੇ ਜਸਟਿਸ ਪ੍ਰੀਤਮ ਸਿੰਘ ਸਫ਼ੀਰ ਨੂੰ ਯਾਦ ਕਰਦਿਆਂ ਉਹਨਾਂ ਨਾਲ ਸੰਬੰਧਿਤ ਰਚਨਾਵਾਂ ਨੂੰ 'ਸ਼ਬਦ ਬੂੰਦ' ਵਿਚ ਸ਼ਾਮਲ ਕਰਕੇ 'ਸ਼ਬਦ ਬੂੰਦ' ਦਾ ਕੱਦ ਹੋਰ ਵਧਾਇਆ ਹੈ।

ਡਿਪਟੀ ਚੇਅਰਮੈਨ ਗੁਰਵਿੰਦਰ ਸਿੰਘ ਵੱਲੋਂ 'ਮੁੱਖ ਸ਼ਬਦ' ਗਿਆਨ ਭਰਪੂਰ ਰਹੇ ਅਤੇ ਸਕੂਲਾਂ-ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਪਹਿਲ ਦੇ ਅਧਾਰ 'ਤੇ ਛਾਪਣ ਲਈ 'ਨਵੀਆਂ ਕਲਮਾਂ' ਦਾ ਵੱਖਰਾ ਕਾਲਮ ਸ਼ੁਰੂ ਕਰਨ ਦਾ ਵਧੀਆ ਉਪਰਾਲਾ ਹੈ, ਇਸ ਨਾਲ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੇ ਬੱਚਿਆਂ ਨੂੰ ਲਿਖਣ ਦਾ ਬਲ ਮਿਲੇਗਾ ਤੇ ਨਾਲ-ਨਾਲ ਉਨ੍ਹਾਂ ਵਿੱਚ ਛੁਪੀ ਪ੍ਰਤਿਭਾ ਵੀ ਬਾਹਰ ਆਵੇਗੀ। 'ਸ਼ਬਦ ਬੂੰਦ' ਦੇ ਡਾਇਰੈਕਟਰ ਸ੍ਰੀ ਸੁਨੀਲ ਵਸ਼ਿਸ਼ਟ ਜੀ ਦੀ ਸੰਪਾਦਕੀ ਵਧੀਆ ਸੀ ਅਤੇ ਉਨ੍ਹਾਂ ਲਈ ਸੁਝਾਅ ਇਹ ਹੈ ਕਿ ਨਵੇਂ ਲੇਖਕਾਂ ਨੂੰ ਵੀ ਜਗ੍ਹਾ ਦਿੱਤੀ ਜਾਵੇ। ਡਾ. ਰਤਨ ਸਿੰਘ ਢਿੱਲੋਂ, ਐਸ.ਡੀ.ਸ਼ਰਮਾ ਅਤੇ ਹੋਰ ਵਿਦਵਾਨਾਂ ਦੇ ਲੇਖ ਕਾਬਲੇ ਤਰੀਫ਼ ਰਹੇ। ਇਸ ਤੋਂ ਇਲਾਵਾ ਗ਼ਜ਼ਲਾਂ ਅਤੇ ਕਵਿਤਾਵਾਂ ਵੀ ਵਾਹ-ਵਾਹ ਦੀਆਂ ਹੱਕਦਾਰ ਹਨ। ਆਖ਼ਰ ਵਿੱਚ ਇਹੀ ਕਹਾਂਗਾ ਕਿ 'ਸ਼ਬਦ ਬੂੰਦ' ਦਿਨ ਦੁੱਗਣੀ, ਰਾਤ ਚੌਗਣੀ ਤਰੱਕੀ ਕਰੇ।

ਗਿਆਨੀ ਰਾਜਿੰਦਰ ਸਿੰਘ ਰਾਜਨ
9417427656

## ਲੇਖਕ ਸੱਜਣਾਂ ਲਈ ਬੇਨਤੀ

1. ਆਪਣੀ ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾ ਹੀ 'ਸ਼ਬਦ ਬੂੰਦ' ਲਈ ਭੇਜੀ ਜਾਵੇ।
2. ਰਚਨਾ ਫੁੱਲ-ਸਕੇਪ ਕਾਗਜ਼ 'ਤੇ ਇੱਕ ਪਾਸੇ, ਟਾਈਪ ਕੀਤੀ ਜਾਂ ਸ਼ੁੱਧ ਲਿਖਤ ਵਿਚ ਹੋਣੀ ਚਾਹੀਦੀ ਹੈ। ਅਸਪੱਸ਼ਟ, ਨਾ ਪੜ੍ਹੀ ਜਾ ਸਕਣ ਵਾਲੀ ਅਤੇ ਅਪ੍ਰਕਾਸ਼ਿਤ ਰਚਨਾ ਲੇਖਕ ਨੂੰ ਵਾਪਸ ਨਹੀਂ ਭੇਜੀ ਜਾਵੇਗੀ।
3. ਆਉਣ ਵਾਲੇ ਮਹੀਨਿਆਂ ਦੇ ਮਹੱਤਵਪੂਰਨ ਦਿਨ, ਤਿਉਹਾਰਾਂ, ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਸ਼ਹੀਦੀ ਦਿਵਸਾਂ, ਇਤਿਹਾਸਿਕ ਤਾਰੀਖਾਂ ਨਾਲ ਸੰਬੰਧਤ ਰੌਚਕ ਮੌਲਿਕ ਤੇ ਅਣਛਪੀ ਸਮੱਗਰੀ ਦੋ ਤਿੰਨ ਮਹੀਨੇ ਪਹਿਲਾਂ ਹੀ ਤਿਆਰ ਕਰਕੇ ਭੇਜੋ ਤਾਂ ਕਿ ਉਸ ਮਹੀਨੇ ਦਾ ਅੰਕ ਪ੍ਰਕਾਸ਼ਿਤ ਕਰਦੇ ਸਮੇਂ ਸਮੱਗਰੀ ਦੀ ਸਹੀ ਚੋਣ ਕਰਨ ਵਿੱਚ ਆਸਾਨੀ ਰਹੇ।
4. ਲੇਖਕ ਆਪਣੀ ਰਚਨਾ ਦੀ ਸੌਫ਼ਟ ਕਾਪੀ ਪਰੂਫ ਰੀਡਿੰਗ ਕਰਕੇ ਅਕਾਦਮੀ ਦੀ ਈ-ਮੇਲ : **hpsaa55@gmail.com** 'ਤੇ (**Raavi Font**) ਹੀ ਭੇਜਣ।
5. ਲੇਖਕਾਂ ਅਤੇ ਸਾਹਿਤ-ਸਭਾਵਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਇਲਾਕੇ ਦੀਆਂ ਪ੍ਰਮੁੱਖ ਸਾਹਿਤਕ ਗਤੀਵਿਧੀਆਂ ਦੀ ਸੰਖੇਪ ਰਿਪੋਰਟ ਫੋਟੋ ਆਦਿ ਸਮੇਤ ਭੇਜੀ ਜਾਵੇ ਤਾਂ ਕਿ ਉਸਨੂੰ ਸਾਹਿਤਕ ਗਤੀਵਿਧੀਆਂ ਵਾਲੇ ਕਾਲਮ ਵਿਚ ਉਚਿਤ ਸਥਾਨ ਦਿੱਤਾ ਜਾ ਸਕੇ।
6. 'ਸ਼ਬਦ ਬੂੰਦ' ਲੇਖਕਾਂ ਦੀ ਆਪਣੀ ਆਵਾਜ਼ ਹੈ। ਇਸ ਆਵਾਜ਼ ਨੂੰ ਸ਼ਕਤੀਸ਼ਾਲੀ ਤੇ ਸਿਹਤਮੰਦ ਬਣਾਉਣ ਵਿਚ ਤੁਹਾਡਾ ਯੋਗਦਾਨ ਕਾਰਗਰ ਸਿੱਧ ਹੋ ਸਕਦਾ ਹੈ।
7. ਸੰਪਾਦਕ ਦੇ ਨਾਮ ਲਿਖੇ ਪੱਤਰ ਵਿੱਚ ਸੰਪਾਦਕ ਜਾਂ 'ਸ਼ਬਦ ਬੂੰਦ' ਨਾਲ ਸੰਬੰਧਤ ਕਿਸੇ ਅਧਿਕਾਰੀ ਦੀ ਪ੍ਰਸੰਸਾ/ਨਿੰਦਿਆ ਕਰਨ ਦੀ ਬਜਾਏ ਪਤ੍ਰਿਕਾ ਵਿਚ ਪ੍ਰਕਾਸ਼ਿਤ ਸਮੱਗਰੀ 'ਤੇ ਹੀ ਸੰਖੇਪ, ਸਾਹਿਤਕ ਭਾਸ਼ਾ ਵਿੱਚ ਸਕਾਰਾਤਮਕ ਟਿੱਪਣੀ ਕੀਤੀ ਜਾਵੇ।
8. 'ਸ਼ਬਦ ਬੂੰਦ' ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਲਈ ਸੰਬੰਧਤ ਲੇਖਕਾਂ ਨੂੰ ਉਚਿਤ ਮਾਨਦੇਅ ਰਾਸ਼ੀ ਵੀ ਦਿੱਤੀ ਜਾਂਦੀ ਹੈ। ਇਸ ਲਈ ਲੇਖਕ ਆਪਣਾ ਬੈਂਕ ਅਕਾਊਂਟ ਨੰਬਰ, ਆਈ.ਐਫ.ਐਸ.ਸੀ. ਕੋਡ, ਬ੍ਰਾਂਚ, ਬੈਂਕ ਦਾ ਨਾਮ, ਪਾਸਬੁੱਕ ਦੇ ਪਹਿਲੇ ਸਫ਼ੇ ਦੀ ਫੋਟੋ ਕਾਪੀ ਜ਼ਰੂਰ ਭੇਜਣ ਤਾਂ ਕਿ ਮਾਨਦੇਅ ਰਾਸ਼ੀ ਸਿੱਧੀ ਸੰਬੰਧਤ ਲੇਖਕ ਦੇ ਖਾਤੇ ਵਿੱਚ ਜਮਾਂ ਕਰਵਾਈ ਜਾ ਸਕੇ।
9. ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਸ਼ਬਦ ਬੂੰਦ' ਬਾਰੇ ਆਪਣੇ ਸੁਝਾਅ ਅਕਾਦਮੀ ਨੂੰ ਭੇਜਣ।

**'ਸ਼ਬਦ ਬੂੰਦਾ ਦੇ ਮੈਂਬਰ ਬਣਨ ਲਈ ਆਪਣਾ ਚੰਦਾ ਬੈਂਕ ਡਰਾਫਟ ਜਾਂ ਚੈੱਕ ਦੁਆਰਾ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਨਾਮ 'ਤੇ ਭੇਜਣ ਦੀ ਕ੍ਰਿਪਾਲਤਾ ਕਰੋ।**

ਸਾਲਾਨਾ ਚੰਦਾ 200/- ਰੁਪਏ


ਐਡੀਟਰ, ਪ੍ਰਿੰਟਰ ਤੇ ਪ੍ਰਕਾਸ਼ਕ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਮੈ. ਐਸੋਸੀਏਟਡ ਪ੍ਰਿੰਟਰਜ਼-146 ਪ੍ਰੈੱਸ ਸਾਈਟ ਇੰਡਸਟਰੀਅਲ ਏਰੀਆ, ਫੇਜ਼-1, ਚੰਡੀਗੜ੍ਹ ਤੋਂ ਛਪਵਾ ਕੇ 'ਸ਼ਬਦ ਬੂੰਦ' ਜੁਲਾਈ-2022 ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਆਈ.ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ) ਤੋਂ ਜਾਰੀ ਕੀਤਾ।

# ਪ੍ਰਾਹੁਣੇ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੁਆਰਾ ਨਵੀਂ ਪ੍ਰਕਾਸ਼ਿਤ ਹੋਈ ਪੁਸਤਕ

**ਵਿਸ਼ਾ :**
ਕਾਵਿ ਸੰਗ੍ਰਹਿ

**ਲੇਖਕ :**
ਬੂਟਾ ਗੁਲਾਮੀ ਵਾਲਾ




## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਲਾਇਬ੍ਰੇਰੀ ਲਈ ਪ੍ਰਾਪਤ ਪੁਸਤਕਾਂ
## ਲੇਖਕਾਂ ਨੂੰ ਅਕਾਦਮੀ ਵੱਲੋਂ ਬਹੁਤ-ਬਹੁਤ ਮੁਬਾਰਕਾਂ

### ਸ਼ਾਇਰੀ ਦਾ ਸਰੂਰ
(ਸ਼ਿਵ ਕੁਮਾਰ ਬਟਾਲਵੀ)

**ਵਿਸ਼ਾ :**
ਗਜ਼ਲ ਸੰਗ੍ਰਹਿ

**ਲੇਖਕ :**
ਡਾ. ਸੁਰਿੰਦਰ ਕਾਹਲੋਂ



### ਕੇ. ਸਾਧੂ ਸਿੰਘ ਕਾਵਿ: ਵਿਭਿੰਨ ਪਸਾਰ

**ਵਿਸ਼ਾ :**
ਕਾਵਿ ਸੰਗ੍ਰਹਿ


**ਸੰਪਾਦਕ:**
ਭੂਪਿੰਦਰ,
ਡਾ. ਅਰਵਿੰਦਰ ਕੌਰ ਕਾਕੜਾ



### ਉਡਾਰੀਆਂ ਰੰਗ ਬਰੰਗੀਆਂ

**ਵਿਸ਼ਾ :**
ਕਾਵਿ ਸੰਗ੍ਰਹਿ


**ਲੇਖਕ :**
ਡਾ. ਪੰਨੂ ਪਰਵਾਜ਼




### ਮੇਰੀਆਂ ਚੋਣਵੀਆਂ ਮਿੰਨੀ ਕਹਾਣੀਆਂ

**ਵਿਸ਼ਾ :**
ਮਿੰਨੀ ਕਹਾਣੀ ਸੰਗ੍ਰਹਿ


**ਲੇਖਕ :**
ਇਕਬਾਲ ਸਿੰਘ




### ਭੰਡਾ ਭੰਡਾਰੀਆ

**ਵਿਸ਼ਾ :**
ਬਾਲ ਕਾਵਿ-ਨਾਟ


**ਲੇਖਕ :**
ਪ੍ਰੋ. ਰਾਮ ਲਾਲ ਭਗਤ




### ਉਡਾਣ

**ਵਿਸ਼ਾ :**
ਬਾਲ ਕਹਾਣੀ ਸੰਗ੍ਰਹਿ

**ਲੇਖਕ :**
ਮੀਨਾ ਨਵੀਨ



RNI-HARPUN/2001-5797
ISSN2456-544X

## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੁਆਰਾ ਆਯੋਜਿਤ ਗਤੀਵਿਧੀਆਂ





ਭਾਸ਼ਾ ਵਿਭਾਗ, ਪਟਿਆਲਾ





ਪੰਜਾਬੀ ਯੂਨੀਵਰਸਿਟੀ, ਪਟਿਆਲਾ



ਪੰਜਾਬੀ ਅਕਾਦਮੀ, ਦਿੱਲੀ



ਟੈਗੋਰ ਥੀਏਟਰ, ਚੰਡੀਗੜ੍ਹ




ਟੈਗੋਰ ਥੀਏਟਰ, ਚੰਡੀਗੜ੍ਹ

*if undelivered please return to:*
Haryana Punjabi Sahitya Akademi
I.P. : 16, Sec-14, Panchkula-134113 (HARYANA)

Printed Matter
**BOOK POST**
Posted Under Periodical Rate